ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**The Motto of Our University**

**(SEWA)**

**SKILL ENHANCEMENT**
**EMPLOYABILITY**
**WISDOM**
**ACCESSIBILITY**

SELF-INSTRUCTIONAL STUDY MATERIAL FOR JGND PSOU

# JAGAT GURU NANAK DEV

# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# M.A (PUNJABI)

## (PBIM21210T)

## ਪਰਚਾ ਦਸਵਾਂ

## SEMESTER-II

ALL COPYRIGHTS WITH JGND PSOU, PATIALA

**Head Quarter: C/28, The Lower Mall, Patiala-147001**

**WEBSITE:** www.psou.ac.in

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

# JAGAT GURU NANAK DEV PUNJAB STATE OPEN UNIVERSITY, PATIALA

**(Established by Act No. 19 of 2019 of the Legislature of State of Punjab)**

**COURSE COORDINATOR AND EDITOR:**

**DR. AMARJIT SINGH**

**ASSISTANT PROFESSOR IN PUNJABI**

**JAGAT GURU NANAK DEV PUNJAB STATE OPEN UNIVERSITY**

**PATIALA**

**(Established by Act No. 19 of 2019 of the Legislature of State of Punjab)**

## PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S BATRA
Dean Academic Affairs

# M.A(PUNJABI)
(ਸਮੈਸਟਰ-ਦੂਸਰਾ)

## ਦਸਵਾਂ ਪਰਚਾ : ਆਧੁਨਿਕ ਪੰਜਾਬੀ ਵਾਰਤਕ

**ਕੁੱਲ ਅੰਕ** : 100
**ਬਾਹਰੀ ਮੁਲਾਂਕਣ**:70
**ਅੰਦਰੂਨੀ ਮੁਲਾਂਕਣ**:30
**ਪਾਸ**: 40%
**ਕ੍ਰੈਡਿਟ**:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਆਧੁਨਿਕ ਪੰਜਾਬੀ ਵਾਰਤਕ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਆਧੁਨਿਕ ਪੰਜਾਬੀ ਵਾਰਤਕ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਵਾਰਤਕ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will havefour questions each from the respective sections of the syllabus and will carry 10 markseach.The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at oneplace and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of the question paper, and any ten short answer questions from Section C.They have to attemptquestions only at one place and only once. Second or subsequent attempts, unless the earlier ones have been crossed out, shall not be evaluated

**ਭਾਗ ੳ**– ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ

**ੳ.**1 ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ
**ੳ.**2 ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ

**ਭਾਗ ਅ–** ਗੁਰਬਖਸ਼ ਸਿੰਘ: ਜ਼ਿੰਦਗੀ ਦੀ ਕਵਿਤਾ

ਜ਼ਿੰਦਗੀ ਦੀ ਕਵਿਤਾ-ਵਿਚਾਰਧਾਰਾਈ ਅਧਿਐਨ
ਜ਼ਿੰਦਗੀ ਦੀ ਕਵਿਤਾ -ਅਧਿਐਨ ਦ੍ਰਿਸ਼ਟੀ

**ਅ.**1 ਬਲਰਾਜ ਸਾਹਨੀ: ਮੇਰੀ ਫਿਲਮੀ ਆਤਮਕਥਾ

ਮੇਰੀ ਫਿਲਮੀ ਆਤਮਕਥਾ-ਵਿਚਾਰਧਾਰਾਈ ਅਧਿਐਨ
ਮੇਰੀ ਫਿਲਮੀ ਆਤਮਕਥਾ-ਅਧਿਐਨ ਦ੍ਰਿਸ਼ਟੀ

**ਅ.**2 ਡਾ. ਅਤਰਜੀਤ ਕੌਰ ਸੂਰੀ: ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ

ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ -ਵਿਚਾਰਧਾਰਾਈ ਅਧਿਐਨ
ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ -ਅਧਿਐਨ ਦ੍ਰਿਸ਼ਟੀ

**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖਨਾਲ ਸੰਬੰਧਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ ਦੀ ਵਿਆਖਿਆ।
3. ਭਾਗ ੳ.2 ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਗੁਰਬਖਸ਼ ਸਿੰਘ: ਜ਼ਿੰਦਗੀ ਦੀ ਕਵਿਤਾ, ਬਲਰਾਜ ਸਾਹਨੀ: ਮੇਰੀ ਫਿਲਮੀ ਆਤਮਕਥਾ ਅਤੇ ਡਾ. ਅਤਰਜੀਤ ਕੌਰ ਸੂਰੀ: ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ– ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

**ਅੰਦਰੂਨੀ ਮੁਲਾਂਕਣ 30 ਅੰਕ**
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਗੁਰਬਖਸ਼ ਸਿੰਘ: ਜ਼ਿੰਦਗੀ ਦੀ ਕਵਿਤਾ, ਬਲਰਾਜ ਸਾਹਨੀ: ਮੇਰੀ ਫਿਲਮੀ ਆਤਮਕਥਾ ਅਤੇ ਡਾ. ਅਤਰਜੀਤ ਕੌਰ ਸੂਰੀ: ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ

ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

**ਸਹਾਇਕ ਪਾਠ-ਸਮੱਗਰੀ**

**ਖੋਜ-ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਪਿਆਰ ਸਿੰਘ | 2000 | ਵਾਰਤਕ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ | ਗੁ.ਨਾ.ਦੇ.ਯੂਨੀਵਰਸਿਟੀ |
| ਗੁਰਬਖਸ਼ ਸਿੰਘ | 1998 | ਜ਼ਿੰਦਗੀ ਦੀ ਕਵਿਤਾ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਬਲਰਾਜ ਸਾਹਨੀ | 2014 | ਮੇਰੀ ਫਿਲਮੀ ਆਤਮਕਥਾ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਡਾ. ਅਤਰਜੀਤ ਕੌਰ ਸੂਰੀ | 1950 | ਮੇਰਾ ਅਰਬ ਦੇਸਾਂ ਦਾ ਸਰਨਾਮਾ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਖੋਜ ਪ੍ਰਤਿਕਾ(ਵਿਸ਼ੇਸ ਅੰਕ) | 1966 | ਪੰਜਾਬੀ ਵਾਰਤਕ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

# M.A (PUNJABI)
# (PBIM211010T)
# ਪਰਚਾ ਦਸਵਾਂ
# SEMESTER-II

## SECTION A

## Table of Contents


| Sr. No. | UNIT NAME | Page No. |
|---|---|---|
| Unit 1 | ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ-1 | 9-23 |
| Unit 2 | ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ-2 | 24-36 |
| Unit 3 | ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ | 37-44 |
| Unit 4 | ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ | 45-50 |
| Unit 5 | ਗੁਰਬਖਸ਼ ਸਿੰਘ: ਜ਼ਿੰਦਗੀ ਦੀ ਕਵਿਤਾ | 51-54 |


SECTION B


| | | |
|---|---|---|
| Unit 6 | ਜ਼ਿੰਦਗੀ ਦੀ ਕਵਿਤਾ:ਵਿਚਾਰਧਾਰਾਈ ਅਧਿਐਨ<br>ਜ਼ਿੰਦਗੀ ਦੀ ਕਵਿਤਾ :ਅਧਿਐਨ ਦ੍ਰਿਸ਼ਟੀ | 55-66 |
| Unit 7 | ਬਲਰਾਜ ਸਾਹਨੀ: ਮੇਰੀ ਫਿਲਮੀ ਆਤਮਕਥਾ<br>ਮੇਰੀ ਫਿਲਮੀ ਆਤਮਕਥਾ:ਵਿਚਾਰਧਾਰਾਈ ਅਧਿਐਨ | 67-78 |
| Unit 8 | ਮੇਰੀ ਫਿਲਮੀ ਆਤਮਕਥਾ:ਅਧਿਐਨ ਦ੍ਰਿਸ਼ਟੀ | 79-84 |
| Unit 9 | ਡਾ. ਅਤਰਜੀਤ ਕੌਰ ਸੂਰੀ: ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ<br>ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ : ਵਿਚਾਰਧਾਰਾਈ ਅਧਿਐਨ | 85-96 |
| Unit 10 | ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ :ਅਧਿਐਨ ਦ੍ਰਿਸ਼ਟੀ-1<br>ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ :ਅਧਿਐਨ ਦ੍ਰਿਸ਼ਟੀ-2 | 97-106 |

# ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

ਯੂਨਿਟ-1

**ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ-1**

### 1. ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ1-

1.1 ਵਾਰਤਕ : ਪਰਿਭਾਸ਼ਾ, ਸਰੂਪ ਅਤੇ ਲੱਛਣ, ਤੱਤ ਅਤੇ ਵਾਰਤਕ ਸ਼ੈਲੀ ਦੇ ਗੁਣ ਲੱਛਣ

1.1.1 ਵਾਰਤਕ: ਪਰਿਭਾਸ਼ਾ

1.1.2 ਵਾਰਤਕ ਦੇ ਤੱਤ

1.1.3 ਸਰੂਪ ਅਤੇ ਲੱਛਣ

1.1.4 ਵਾਰਤਕ ਸ਼ੈਲੀ

# 1. ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ1-

## 1.1 ਵਾਰਤਕ : ਪਰਿਭਾਸ਼ਾ, ਸਰੂਪ ਅਤੇ ਲੱਛਣ, ਤੱਤ ਅਤੇ ਵਾਰਤਕ ਸ਼ੈਲੀ ਦੇ ਗੁਣ ਲੱਛਣ

ਪਿਆਰੇ ਵਿਦਿਆਰਥੀਓ ! ਸਾਡੇ ਸਾਹਮਣੇ ਪਹਿਲਾ ਪ੍ਰਸ਼ਨ ਹੈ, ਵਾਰਤਕ ਕੀ ਹੁੰਦੀ ਹੈ? ਕੀ ਅਸੀਂ ਇਸ ਨੂੰ ਪਰਿਭਾਸ਼ਤ ਕਰ ਸਕਦੇ ਹਾਂ ? ਉੱਤਰ ਹੈ, ਵਾਰਤਕ ਨੂੰ ਕਈ ਸ਼ਬਦਾਂ ਵਿਚ ਪਰਿਭਾਸ਼ਤ ਕਰਨ ਦੇ ਯਤਨ ਬੀਤੇ ਕਾਲ ਵਿਚ ਕਈ ਵਿਦਵਾਨਾਂ ਰਾਹੀਂ ਕੀਤੇ ਗਏ ਹਨ। ਇਹ ਸਾਰੀਆਂ ਪਰਿਭਾਸ਼ਾਵਾਂ ਵਾਰਤਕ ਦੇ ਵੱਖ-ਵੱਖ ਤੱਤਾਂ ਉੱਤੇ ਜ਼ੋਰ ਦਿੰਦੀਆਂ ਹਨ। ਇਹਨਾਂ ਨਾਲ਼ ਵਾਰਤਕ ਦੇ ਸਰੂਪ ਨੂੰ ਸਮਝਣ ਵਿਚ ਮੱਦਦ ਮਿਲਦੀ ਹੈ। ਪੰਜਾਬੀ ਵਿਚ ਜਿਸ ਰਚਨਾ ਨੂੰ ਅਸੀਂ ਵਾਰਤਕ ਕਹਿੰਦੇ ਹਾਂ, ਇਸੇ ਨੂੰ ਹੀ ਹਿੰਦੀ ਵਿਚ ਗੱਦ ਅਤੇ ਅੰਗਰੇਜ਼ੀ ਵਿਚ ਪ੍ਰੋਜ਼ (Prose) ਕਹਿੰਦੇ ਹਨ। ਫ਼ਾਰਸੀ ਵਾਲ਼ੇ ਇਸ ਨੂੰ ਨਸਰ ਕਹਿੰਦੇ ਹਨ। ਅੰਗਰੇਜ਼ੀ ਦਾ ਲਫ਼ਜ਼ ਪ੍ਰੋਜ਼ ਲਾਤੀਨੀ ਭਾਸ਼ਾ ਦੇ ਸ਼ਬਦ Prousus ਤੋਂ ਬਣਿਆ ਹੈ। Prousus ਤੋਂ ਭਾਵ ਹੈ ਤੁੱਕ ਰਹਿਤ ਸ਼ਬਦਾਂ ਦਾ ਖਿਲਾਰ ਜਾਂ ਸਿੱਧੀ ਗੱਲ ਜਾਂ ਸ਼ਬਦਾਂ ਦੀ ਸਿੱਧੀ ਸਾਦੀ ਬਣਤਰ, ਜਿਹੜੀ ਛੰਦਾ ਬੰਦੀ ਤੋਂ ਮੁਕਤ ਹੁੰਦੀ ਹੈ। ਮਤਲਬ ਸ਼ਬਦ ਖਿਲਰੇ ਪਏ ਹਨ ਪਰ ਉਹਨਾਂ ਨੂੰ ਕਿਸੇ ਮੀਟਰ, ਕਿਸੇ ਤੁੱਕ-ਤੁਕਾਂਤ ਵਿਚ ਬੰਨ੍ਹਿਆ ਨਹੀਂ ਗਿਆ। ਇਸੇ ਤਰ੍ਹਾਂ ਜੇ ਅਸੀਂ ਹਿੰਦੀ ਵਿਚ ਵਾਰਤਕ ਬਾਰੇ ਵਿਚਾਰ ਕਰੀਏ, ਜਿਸ ਨੂੰ ਹਿੰਦੀ ਵਾਲੇ ਪਦ ਕਹਿੰਦੇ ਹਨ, ਤਾਂ ਇਹ ਸੰਸਕ੍ਰਿਤ ਦੇ ਮੂਲ ਸ਼ਬਦ 'ਵ੍ਰਿਤਿ' ਤੋਂ ਬਣਿਆ ਹੈ। ਵ੍ਰਿਤਿ ਦਾ ਅਰਥ ਹੁੰਦਾ ਹੈ, ਸੂਤਰਾਂ ਦੀ ਵਿਆਖਿਆ ਕਰਨੀ ਜਾਂ ਟੀਕਾ ਕਰਨਾ। ਇਵੇਂ ਅਸੀਂ ਦੇਖ ਰਹੇ ਹਾਂ ਕਿ ਵਾਰਤਕ ਮੁੱਖ ਰੂਪ ਵਿਚ ਕਵਿਤਾ ਤੋਂ ਨਿੱਖੜਦੀ ਹੈ। ਕਵਿਤਾ ਜਿੱਥੇ ਭਾਵਾਂ ਰਾਹੀਂ ਪ੍ਰਸਤੁਤੀ ਕਰਦੀ ਹੈ, ਉੱਥੇ ਵਾਰਤਕ ਬੁੱਧੀ ਰਾਹੀਂ, ਦਲੀਲ ਰਾਹੀਂ ਆਪਣੀ ਗੱਲ ਸਮਝਾਉਂਦੀ ਹੈ। ਕਵਿਤਾ ਦਾ ਪ੍ਰਗਟਾਵਾ ਗਿਆਨ ਇੰਦਰੀਆਂ ਰਾਹੀਂ ਹੁੰਦਾ ਹੈ। ਅੱਖਾਂ, ਨੱਕ, ਕੰਨ, ਜੀਭ ਤੇ ਚਮੜੀ ਸਾਡੀਆਂ ਗਿਆਨੀ ਇੰਦਰੀਆਂ ਹਨ। ਕਵਿਤਾ ਇਹਨਾਂ ਰਾਹੀਂ ਪ੍ਰਸਤੁਤੀ ਕਰਦੀ ਹੈ। ਭਾਵ ਕਵਿਤਾ ਦਾ ਸੰਚਾਰ ਗਿਆਨ ਇੰਦਰੀਆਂ ਰਾਹੀਂ ਹੁੰਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਜਦੋਂ 'ਆਰਤੀ' ਦੀ ਰਚਨਾ ਕਰਦੇ ਹਨ ਤਾਂ ਉਹ "ਗਗਨੁ ਮਹਿ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ", ਲਿਖਦੇ ਹਨ। ਭਾਵ ਗਗਨ ਇਕ ਥਾਲ ਹੈ, ਜਿਸ ਵਿਚ ਸੂਰਜ ਅਤੇ ਚੰਨ ਦੋ ਦੀਵੇ ਬਲ ਰਹੇ ਹਨ ਅਤੇ ਤਾਰੇ, ਜਿਸ ਵਿਚ ਮੋਤੀਆਂ ਦੀ ਤਰ੍ਹਾਂ ਹਨ ਅਤੇ ਹੇ ਪ੍ਰਮਾਤਮਾ ਇਵੇਂ ਤੇਰੀ ਆਰਤੀ ਹੋ ਰਹੀ ਹੈ। ਇਹ ਕਾਵਿਕ ਪ੍ਰਸਤੁਤੀ ਹੈ। ਇਵੇਂ ਹੀ ਡਾ. ਹਰਿਭਜਨ ਸਿੰਘ ਦੀ ਕਵਿਤਾ ਦੀਆਂ ਸਤਰਾਂ ਦੇਖੀਏ :

ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ, ਜਦ ਬੋਲ ਦਾ ਟੁੱਕੜਾ
ਸੁਲਗਦੀ ਲਾਟ ਵਾਂਗੂ ਨਿਕਲਿਆ ਸੀ

ਬੋਲ ਸੁਣਨ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪਰ ਇੱਥੇ ਇਹ ਟੁੱਕੜਾ (ਦਿੱਖਣ ਵਾਲ਼ਾ) ਹੈ; ਸੁਲਗਦੀ ਲਾਟ (ਚਮਕਦਾਰ ਦਿੱਖਣ ਵਾਲ਼ਾ ਅਤੇ ਗਰਮੀ ਨਾਲ਼ ਸੰਬੰਧਿਤ ਹੈ)। ਹੋਰ ਵੀ ਕਈ ਉਦਾਹਰਨ ਹੋ ਸਕਦੇ ਹਨ, ਜਿਵੇਂ ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਵਿਚ॥

ਲੱਗ ਟਾਹਣਾਂ ਗਲ ਵੇਲਾਂ ਸੁਤੀਆਂ, ਲੱਗ ਵੇਲਾਂ ਗਲ ਕਲੀਆਂ।
ਲੱਗ ਕਲੀਆਂ ਗਲ ਗੰਧਾਂ ਸੁਤੀਆਂ, ਨੀਂਦ ਵਲੇਵੇਂ ਵਲੀਆਂ।

ਇੱਥੇ ਟਾਹਣਾਂ, ਵੇਲਾਂ, ਕਲੀਆਂ, ਗੰਧਾਂ ਸਾਰੀਆਂ ਮਾਨਵ ਬਣ ਗਈਆਂ ਹਨ ਤੇ ਉਹ ਪੁਰਸ਼, ਨਾਰ ਦੀ ਪ੍ਰੇਮ-ਕ੍ਰੀੜਾ ਵਿਚ ਪ੍ਰਸਤੁਤ ਹਨ। ਇਹ ਕਾਵਿਕ-ਪ੍ਰਸਤੁਤੀ ਹੈ। ਬੁੱਧੀ, ਤਰਕ, ਇਸ ਦਾ ਸੰਚਾਰ-ਮਾਧਿਅਮ ਨਹੀਂ। ਵਾਰਤਕ ਇਹੋ ਜਿਹਾ ਅਤਾਰਕਿਕ ਸਮੀਕਰਨ ਨਹੀਂ ਬਣਾਉਂਦੀ। ਵਾਰਤਕ ਦਾ ਤਰਕ, ਬੁੱਧੀ ਦਾ ਦਲੀਲ ਵਾਲ਼ਾ ਤਰਕ ਹੈ।

### 1.1.1 ਵਾਰਤਕ: ਪਰਿਭਾਸ਼ਾ

**ਕੋਸ਼ਗਤ ਅਰਥ:-** ਭਾਰਤੀ ਪਰੰਪਰਾ ਅਨੁਸਾਰ ਵਾਰਤਕ ਸੰਸਕ੍ਰਿਤ ਦੇ 'ਵ੍ਰਿਤਿ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ- 'ਟੀਕਾ'। ਭਾਵ ਸੂਤਰਾਂ ਦੀ ਵਿਆਖਿਆ ਕਰਨ ਵਾਲਾ ਗ੍ਰੰਥ। ਇਸ ਨੂੰ 'ਗਦਯ ਕਾਵਿ' ਵੀ ਕਿਹਾ ਜਾਂਦਾ ਹੈ।'ਗੱਦ' ਦਾ ਅਰਥ ਵੀ 'ਕਥਨ' ਜਾਂ ਕਹਿਣਾ ਹੈ ਅਤੇ 'ਗਦਯ' ਕਥਨਯੋਗ ਜਾਂ ਕਹਿਣ ਦੇ ਯੋਗ ਗੱਲਬਾਤ ਨੂੰ ਆਖਿਆ ਜਾਂਦਾ ਹੈ। ਫਾਰਸੀ ਸ਼ਬਦ 'ਨਸਰ' ਦੇ ਅਰਥ ਹਨ- ਬਿਖੇਰਨਾ, ਖਿਲੇਰਨਾ ਜਾਂ ਸਿਰ ਤੋਂ ਵਾਰ ਕੇ ਸੁੱਟਣਾ। ਇਸੇ ਤਰ੍ਹਾਂ ਖਿਲੇਰ ਜਾਂ ਨਿਛਾਵਰ ਕੀਤੇ ਬਚਨਾਂ ਤੇ ਬੋਲਾਂ ਨੂੰ 'ਨਸਰ' ਆਖਦੇ ਹਨ।

**ਪਰਿਭਾਸ਼ਾ:-** ਵੱਖ-ਵੱਖ ਵਿਦਵਾਨਾਂ ਨੇ ਵਾਰਤਕ (ਗੱਦ) ਨੂੰ ਆਪੋ-ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ। ਇੱਥੇ ਅਸੀਂ ਇਸ ਸਾਹਿਤ ਰੂਪ ਦੀਆਂ ਕੁਝ ਪ੍ਰਮੁੱਖ ਪਰਿਭਾਸ਼ਾਵਾਂ ਦੇ ਰਹੇ ਹਾਂ:

ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ, ਮਨੁੱਖ ਦੇ ਉਨ੍ਹਾਂ ਸਾਫ਼ ਅਤੇ ਸਿੱਧੇ ਬਚਨਾਂ ਨੂੰ ਪਰੋਜ਼ (ਵਾਰਤਕ) ਆਖਿਆ ਜਾਂਦਾ ਹੈ, ਜਿਨ੍ਹਾਂ ਨੂੰ ਸਿਰਜਣ ਤੇ ਅੰਕਿਤ ਕਰਨ ਲਈ ਕਵਿਤਾ ਦੇ ਨਿਯਮਾਂ ਦੀ ਲੋੜ ਨਾ ਪਵੇ।

ਮਿਲਟਨ ਮੁਰੇ ਨੇ ਵਾਰਤਕ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਹੈ- ਵਾਰਤਕ ਨਿਸ਼ਚਿਤ ਸੋਚਣੀ ਦੀ ਭਾਸ਼ਾ ਹੈ। ਇਸ ਦੀ ਰਚਨਾ ਹੀ ਇਸ ਉਦੇਸ਼ ਲਈ ਕੀਤੀ ਗਈ ਸੀ, ਪਰ ਵਾਰਤਕ ਕੇਵਲ ਨਿਸ਼ਚਿਤ ਸੋਚਣੀ ਦੀ ਭਾਸ਼ਾ ਹੀ ਨਹੀਂ, ਸਗੋਂ ਨਿਸ਼ਚਿਤ ਵਿਵਰਨ ਜਾਂ ਪ੍ਰਗਟਾਅ ਦੀ ਭਾਸ਼ਾ ਵੀ ਹੈ।

("Prose is the language of exact thinking. It was made for this purpose.... But prose is the language not merely of exact thinking, but of exact description")

ਇਸ ਤਰ੍ਹਾਂ ਮਿਲਟਨ ਮੁਰੇ ਅਨੁਸਾਰ, "ਵਾਰਤਕ ਨਿਸ਼ਚਿਤ ਸੋਚ ਦੀ ਭਾਸ਼ਾ ਹੁੰਦੀ ਹੈ। ਅਜਿਹੀ ਭਾਸ਼ਾ ਤਕੜੇ ਗਿਆਨ ਦੀ ਪ੍ਰਾਪਤੀ ਨਾਲ ਬਣਦੀ ਹੈ।"

ਪ੍ਰੋ. ਗੁਰਬਚਨ ਸਿੰਘ ਤਾਲਿਬ ਦੀ ਧਾਰਨਾ ਹੈ ਕਿ, ਵਾਰਤਕ ਭਾਵਾਂ ਜਾਂ ਜਜ਼ਬਿਆਂ ਵਿੱਚੋਂ ਨਹੀਂ ਉਗਮਦੀ। ਵਾਰਤਕ ਉਗਮਦੀ ਹੈ, ਵਿਚਾਰ, ਕਲਪਨਾ, ਨਿਆਏ, ਵਾਦ-ਵਿਵਾਦ ਅਤੇ ਕਿਸੇ ਨੂੰ ਆਪਣੇ ਦ੍ਰਿਸ਼ਟੀਕੋਣ ਵੱਲ ਝੁਕਾਉਣ ਦੀ ਰੁਚੀ ਅਤੇ ਹੋਰ ਅਜਿਹੀਆਂ ਰੁਚੀਆਂ ਵਿੱਚੋਂ।

### 1.1.2 ਵਾਰਤਕ ਦੇ ਤੱਤ

1) ਅਸੀਂ ਉਪਰ ਵਾਰਤਕ ਦੇ ਇਕ ਪ੍ਰਮੁੱਖ ਤੱਤ ਦਲੀਲ ਜਾਂ ਤਰਕ ਬਾਰੇ ਗੱਲ ਕਰ ਆਏ ਹਾਂ। ਅਸੀਂ ਉਦਾਹਰਨ ਨਾਲ਼ ਵਾਰਤਕ ਨੂੰ ਕਵਿਤਾ ਤੋਂ ਵੱਖਰਾ ਪਛਾਣ ਵੀ ਆਏ ਹਾਂ। ਅਸੀਂ ਦੇਖਿਆ ਕਿ ਕਵਿਤਾ ਜਿਸ ਐਂਦਰਆਵੀ (ਗਿਆਨੀ ਇੰਦਰੀਆਂ ਵਾਲ਼ੀ) ਦਲੀਲ ਦੀ ਸਿਰਜਣਾ ਕਰਦੀ ਹੈ, ਉਸ ਦਾ ਸੰਬੰਧ ਬੌਧਿਕ ਦਲੀਲ ਨਾਲ਼ ਨਹੀਂ ਹੁੰਦਾ, ਪਰ ਵਾਰਤਕ, ਲੇਖ, ਨਿਬੰਧ, ਜੀਵਨੀ, ਸੈ ਜੀਵਨੀ, ਸਫ਼ਰਨਾਮੇ ਆਦਿ ਲਿਖਦਿਆਂ ਤਰਕ ਦੇ ਅਨੁਸ਼ਾਸਨ ਦਾ ਪਾਲਣ ਕਰਦੀ ਹੈ।
2) ਵਾਰਤਕ, ਤਰਕ ਦੇ ਅਨੁਸ਼ਾਸਨ ਦਾ ਹੀ ਨਹੀਂ, ਭਾਸ਼ਾ ਦੀ ਵਿਆਕਰਨ ਦੇ ਨਿਯਮਾਂ ਦੇ ਅਨੁਸ਼ਾਸਨ ਦਾ ਵੀ ਪਾਲਣ ਕਰਦੀ ਹੈ। ਵਾਰਤਕ ਦੇ ਵਾਕ ਬਹੁਤਾ ਕਰਕੇ ਵਿਆਕਰਨ ਦੇ ਨੇਮ ਅਨੁਸਾਰੀ ਹੀ ਹੁੰਦੇ ਹਨ। ਜਦਕਿ ਕਵਿਤਾ ਨੂੰ ਇਸ ਦੀ ਕੋਈ ਮਜਬੂਰੀ ਨਹੀਂ। ਅਸੀਂ ਉੱਪਰ ਦਿੱਤੇ ਡਾ. ਹਰਿਭਜਨ ਸਿੰਘ ਦੀ ਕਵਿਤਾ ਵਿਚਲੇ ਉਦਾਹਰਨ ਨੂੰ ਹੀ

ਵੇਖੀਏ ਜਾਂ ਮੋਹਨ ਸਿੰਘ ਦੀ ਕਵਿਤਾ ਵਾਲ਼ਾ ਉਦਾਹਰਨ ਵੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਹ ਵਾਕ ਪੰਜਾਬੀ ਵਾਕ-ਰਚਨਾ ਦੇ ਸਿਧਾਂਤ ਅਨੁਸਾਰੀ ਸਹੀ ਨਹੀਂ। ਵਾਰਤਕ ਅਜਿਹਾ ਨਹੀਂ ਕਰ ਸਕਦੀ। ਉਸ ਦਾ ਸੰਚਾਰ ਸ਼ਬਦਾਂ ਨੂੰ ਅਗੇ ਪਿੱਛੇ ਰੱਖ ਕੇ ਨਹੀਂ ਕੀਤਾ ਜਾ ਸਕਦਾ। ਇਤਨਾਂ ਹੀ ਨਹੀਂ ਕਵਿਤਾ ਲੋੜ ਪੈਣ ਤੇ ਸ਼ਬਦਾਂ ਦੇ ਜੋੜ (Spellings) ਵੀ ਰਤਾ ਅੱਗੇ-ਪਿੱਛੇ, ਘੱਟ-ਵੱਧ ਕਰ ਲੈਂਦੀ ਹੈ। ਇਹ ਖੁੱਲ੍ਹ ਵਾਰਤਕ ਨਹੀਂ ਲੈਂਦੀ।

3) ਵਾਰਤਕ ਦੀ ਭਾਸ਼ਾ ਵਿਚ ਭਾਸ਼ਾ ਕੇਵਲ ਮਾਧਿਅਮ ਹੈ। ਭਾਸ਼ਾ ਵਿਚ ਨਿਹਿਤ ਸੰਦੇਸ਼ ਤੱਕ ਅਪੜਨਾ ਇਸ ਦਾ ਟੀਚਾ ਹੈ। ਭਾਵ ਇਹ ਕਿ ਜਦੋਂ ਤੁਸੀਂ ਵਾਰਤਕ ਦਾ ਕੋਈ ਮਜ਼ਮੂਨ ਪੜ੍ਹਦੇ ਹੋ ਤਾਂ ਪੜ੍ਹਨ ਬਾਅਦ ਤੁਸੀਂ ਸੰਖੇਪ ਵਿਚ ਜਾਂ ਵਿਸਤਾਰ ਵਿਚ ਇਹ ਦੱਸ ਸਕਦੇ ਹੋ ਕਿ ਇਸ ਵਿਚ ਕੀ ਕਿਹਾ ਗਿਆ ਹੈ ? ਤੁਸੀਂ ਲਿਖਣ ਵਾਲ਼ੇ ਦੀ ਭਾਸ਼ਾ, ਵਾਕਾਂ, ਸ਼ਬਦਾਂ ਤੋਂ ਆਜ਼ਾਦ ਇਕ ਵੱਖਰਾ ਪ੍ਰਗਟਾਅ ਵੀ ਪ੍ਰਸਤੁਤ ਕਰ ਸਕਦੇ ਹੋ। ਸੰਦੇਸ਼, ਮੂਲ ਭਾਸ਼ਾ ਤੋਂ ਮੁਕਤ ਹੋ ਜਾਂਦਾ ਹੈ ਜਦਕਿ ਕਵਿਤਾ ਵਿਚ ਅਜਿਹਾ ਨਹੀਂ ਹੁੰਦਾ। ਕਵਿਤਾ ਆਪਣੇ ਸ਼ਬਦਾਂ, ਆਪਣੀ ਮੂਲ ਸੰਰਚਨਾ ਆਪਣੇ ਭਾਵ, ਆਪਣੇ ਉਚਾਰ, ਉਚਾਰ ਦੇ ਉਤਰਾਅ, ਚੜ੍ਹਾਅ ਤੋਂ ਆਜ਼ਾਦ ਹੋ ਕੇ ਆਪਣੇ ਅਰਥ ਗੁਆ ਲੈਂਦੀ ਹੈ। ਅਕਾਦਮਕ ਖੇਤਰ ਵਿਚ ਅਸੀਂ ਕਵਿਤਾ ਦੇ ਸਰਲ ਅਰਥ ਕਰਨ ਵਰਗੀ ਕੋਸ਼ਿਸ਼ ਕਰਦੇ ਹਾਂ ਪਰ ਇਹ ਮੂਲ ਕਵਿਤਾ ਦੇ ਬਰਾਬਰ ਘੱਟ ਹੀ ਪਹੁੰਚਦੀ ਹੈ। ਵਾਰਤਕ ਵਿਚ ਭਾਸ਼ਾ ਦਾ ਦੂਜੈਲਾ ਸਥਾਨ ਹੈ, ਜਦਕਿ ਕਵਿਤਾ ਵਿਚ ਪਹਿਲਾ। ਇਸੇ ਕਰਕੇ ਕਵਿਤਾ ਦਾ ਅਨੁਵਾਦ ਬਹੁਤ ਚੰਗਾ ਨਹੀਂ ਹੋ ਸਕਦਾ। ਹਾਲਾਂਕਿ ਵਾਰਤਕ ਨੂੰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਸਕਦਾ ਹੈ। ਉਪਰੋਕਤ ਵਿਚਾਰਾਂ ਵਿਚ ਅਸੀਂ ਕਵਿਤਾ ਅਤੇ ਵਾਰਤਕ ਦੇ ਨਿਖੇੜ ਨੂੰ ਆਧਾਰ ਬਣਾ ਕੇ ਤੁਹਾਨੂੰ ਵਾਰਤਕ ਦੇ ਕੁੱਝ ਕੁ ਗੁਣ ਲੱਛਣਾਂ ਨਾਲ਼ ਜੋੜਨ ਦਾ ਜਤਨ ਕੀਤਾ ਹੈ। ਹਾਲਾਂਕਿ ਕੁੱਝ ਵਿਦਵਾਨ ਕਵਿਤਾ ਅਤੇ ਵਾਰਤਕ ਵਿਚ ਕਿਸੇ ਡੂੰਘੇ ਅੰਤਰ ਨੂੰ ਪਛਾਣਨ ਦੇ ਹਾਮੀ ਨਹੀਂ। ਉਹ ਕਹਿੰਦੇ ਹਨ ਕਿ ਇਹ ਦੋਵੇਂ ਹੀ ਸੱਚ ਦੀ ਪੇਸ਼ਕਾਰੀ ਕਰਦੇ ਹਨ।

4) ਵਾਰਤਕ ਦਾ ਉਦੇਸ਼ ਵੀ ਸੱਚ ਦੀ ਪ੍ਰਸਤੁਤੀ ਕਰਨਾ ਹੈ। ਅੰਗਰੇਜ਼ੀ ਦਾ ਪ੍ਰਸਿੱਧ ਕਵੀ ਵਰਡਜ਼ਵਰਥ ਕਵਿਤਾ ਅਤੇ ਵਾਰਤਕ ਦੀ ਭਾਸ਼ਾ ਵਿਚ ਕੋਈ ਅੰਤਰ ਨਹੀਂ ਸਮਝਦਾ। ਇਵੇਂ ਹੀ ਪੰਜਾਬੀ ਦਾ ਬਹੁਤ ਪ੍ਰਸਿੱਧ ਕਵੀ ਪ੍ਰੋ. ਪੂਰਨ ਸਿੰਘ ਵੀ ਵਾਰਤਕ ਦੀ ਭਾਸ਼ਾ ਨੂੰ ਕਵਿਤਾ ਵਰਗੀ ਹੀ ਸਮਝਦਾ ਹੈ। ਉਸ ਦਾ ਕਥਨ ਹੈ ਕਿ "ਪੰਜਾਬੀ ਦਾ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲ਼ੇ-ਦੁਆਲ਼ੇ, ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ (ਵਾਰਤਕ) ਉਹਨਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ਼ ਸਿੰਚੇ, ਗੁਲਾਬਾਂ ਦੀਆਂ ਪੱਤੀਆਂ ਵਾਂਗ ਸਿਫ਼ਤ ਸਮੀਰ ਵਿਚ ਹਿਲਦੇ ਰਹੇ।" ਪ੍ਰੋ. ਪੂਰਨ ਸਿੰਘ ਦੇ ਇਹ ਸ਼ਬਦ ਉਸ ਦੀ ਵਾਰਤਕ ਦੀ ਇਕੋ ਇਕ ਪੁਸਤਕ 'ਖੁੱਲ੍ਹੇ ਲੇਖ' ਵਿਚੋਂ ਲਏ ਗਏ ਹਨ। ਇਸ ਪੁਸਤਕ ਵਿਚ, ਪ੍ਰੋ. ਪੂਰਨ ਸਿੰਘ ਦੇ ਕਈ ਹੋਰ ਲੇਖ ਵੀ ਹਨ। ਜਿਹਨਾਂ ਨੂੰ ਗਹੁ ਨਾਲ਼ ਵਿਚਾਰੀਏ ਤਾਂ ਉਹਨਾਂ ਦੀ ਭਾਸ਼ਾ ਵਿਸ਼ੁੱਧ ਕਵਿਤਾ ਦੀ ਭਾਸ਼ਾ ਹੈ। ਪਰ ਤਾਂ ਵੀ ਅਕਾਦਮਿਕ ਲੋੜਾਂ ਦੀ ਇਹ ਵਿਵਸਥਾ ਹੈ ਕਿ ਉਹ ਅੰਤਰ ਪਛਾਣਨ ਦੀ ਰਾਹੇ ਪੈ ਕੇ ਵੱਖਰਤਾ ਦੇ ਸੂਖ਼ਮ ਭੇਦਾਂ ਦੀ ਪਛਾਣ ਕਰਨ। ਜੇ ਵਾਰਤਕ ਦੇ ਪ੍ਰਥਮ ਕਾਰਜ ਨੂੰ ਹੀ ਲੱਭਣਾ ਹੋਵੇ ਤਾਂ ਅਸੀਂ ਅੰਗਰੇਜ਼ੀ ਨੂੰ ਹੀ ਪ੍ਰਮਾਣਿਕ ਅਧਾਰ ਮੰਨਾਂਗੇ। ਸਤਾਰ੍ਹਵੀਂ ਸਦੀ ਦੇ ਮੁੱਢ ਵਿਚ ਹੀ ਨਿਬੰਧ ਰੂਪ ਨਾਲ਼ ਵਾਰਤਕ ਦਾ ਪ੍ਰਾਰੰਭ ਮੰਨਿਆ ਜਾ ਸਕਦਾ ਹੈ। ਇਸ ਸਦੀ ਦੇ ਆਰੰਭ ਵਿਚ ਹੀ ਨਾਵਲ, ਨਾਟਕ, ਲੇਖ ਆਦਿ ਲਿਖੇ ਜਾਣ ਲੱਗੇ। ਸਰ ਟਾਮਸ ਮੋਰ ਮੁੱਢਲੇ ਅੰਗਰੇਜ਼ੀ ਲੇਖਕ ਹਨ। ਬੇਕਨ ਦੀ ਵਾਰਤਕ ਰਚਨਾ ਦਾਰਸ਼ਨਿਕ ਕਿਸਮ ਦੀ ਹੈ। ਉਹ ਮੁੱਢਲੇ ਅੰਗਰੇਜ਼ੀ ਲੇਖਕਾਂ ਵਿਚੋਂ ਹਨ। ਇਸੇ ਸਦੀ ਵਿਚ ਡਰਾਇਡਨ ਦੀ ਵਾਰਤਕ ਆਲੋਚਨਾਤਮਕ ਕਿਸਮ ਦੀ ਹੈ। ਇਵੇਂ ਅਸੀਂ ਦੇਖਦੇ ਹਾਂ ਕਿ ਵਿਭਿੰਨ ਤਰ੍ਹਾਂ ਦੀ ਸੋਚ ਦੇ ਪ੍ਰਗਟਾਵੇ ਲਈ 17ਵੀਂ ਸਦੀ ਵਿਚ ਹੀ ਵਾਰਤਕ ਸਾਹਮਣੇ ਆਉਣੀ ਸ਼ੁਰੂ ਹੋ ਗਈ। ਜਦੋਂ ਮਨੁੱਖੀ ਸਮਾਜ ਦੇ ਵਿਚਾਰ ਸਪੱਸ਼ਟ ਹੋ ਜਾਣ ਤੇ ਇਹ ਮਹਿਸੂਸ ਕੀਤਾ ਜਾਵੇ ਕਿ ਇਹਨਾਂ ਵਿਚਾਰਾਂ ਨੂੰ ਸੰਖੇਪ ਤੇ ਸਪੱਸ਼ਟ ਰੂਪ ਵਿਚ ਪ੍ਰਗਟ ਕੀਤਾ ਜਾਵੇ ਜਾਂ ਹੋਰਾਂ ਨਾਲ਼ ਸਾਂਝਾ ਕੀਤਾ ਜਾਵੇ ਤਾਂ ਵਾਰਤਕ ਦੀ ਉਪਜ ਸ਼ੁਰੂ ਹੁੰਦੀ ਹੈ। ਹਾਲਾਂਕਿ ਅਸੀਂ ਵਾਰਤਕ ਦੀ ਸ਼ੁਰੂਆਤ 17ਵੀਂ ਸਦੀ ਦੇ ਪ੍ਰਾਰੰਭ ਵਿਚ ਹੋਈ ਮੰਨ ਆਏ ਹਾਂ ਤਾਂ ਵੀ 20ਵੀਂ ਸਦੀ ਨੂੰ ਵਾਰਤਕ ਦਾ ਯੁੱਗ ਮੰਨਿਆ ਜਾਂਦਾ ਹੈ। ਇਸ ਸਮੇਂ ਹੀ ਵਾਰਤਕ ਦਾ ਬਹੁਪੱਖੀ ਵਿਕਾਸ ਹੋਇਆ ਅਤੇ ਵਾਰਤਕ ਨੂੰ ਪ੍ਰਮਾਣਕ ਤੌਰ 'ਤੇ ਸਾਹਿਤ

ਰੂਪ ਵਜੋਂ ਪਛਾਣਿਆ ਗਿਆ। ਵਾਰਤਕ ਦੇ ਸਿਧਾਂਤਕ ਪੱਖਾਂ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਇਆ। ਇਹ ਚਰਚਾ ਜਾਂ ਵਾਰਤਕ ਨੂੰ ਪਰਿਭਾਸ਼ਤ ਕਰਨ ਦੀ ਪ੍ਰਕਿਰਿਆ ਵੀ ਅੰਗਰੇਜ਼ੀ ਤੋਂ ਹੀ ਪ੍ਰਾਰੰਭ ਹੋਈ। ਵਾਰਤਕ ਨੂੰ ਉਦਯੋਗੀਕਰਨ ਨਾਲ਼ ਤਾਂ ਜੋੜ ਕੇ ਵੇਖਿਆ ਜਾਂਦਾ ਹੀ ਹੈ, ਇਸ ਦਾ ਸੰਬੰਧ ਸਮਾਜ ਦੀ ਮੱਧ ਸ਼੍ਰੇਣੀ ਨਾਲ਼ ਵੀ ਜੋੜਿਆ ਜਾਂਦਾ ਹੈ। ਵਾਰਤਕ ਨਾਲ਼ ਹੀ ਸਭਿਆਚਾਰਾਂ ਨੂੰ ਆਪਸ ਵਿਚ ਜੋੜਨ ਜਾਂ ਉਹਨਾਂ ਵਿਚ ਆਦਾਨ-ਪ੍ਰਦਾਨ ਦਾ ਕੰਮ ਹੁੰਦਾ ਹੈ। ਸਾਹਿਤ ਦੇ ਬਾਕੀ ਰੂਪ ਅੰਤਰੀਵ ਤੌਰ ਤੇ ਆਪਣੇ ਸਭਿਆਚਾਰਾਂ ਦਾ ਚਿੱਤਰ ਹੀ ਪ੍ਰਸਤੁਤ ਕਰ ਰਹੇ ਹੁੰਦੇ ਹਨ, ਪਰ ਵਾਰਤਕ ਵਿਚਾਰਾਂ ਨੂੰ ਸਰਬ ਸਾਂਝਾ ਕਰਕੇ ਨਿਰਣੇਜਨਕ ਅਤੇ ਤਰਕਸ਼ੀਲ ਢੰਗ ਨਾਲ਼ ਪ੍ਰਸਤੁਤ ਕਰਦੀ ਹੈ। ਮਿਡਲਟਨ ਮਰੇ ਦਾ ਇਹ ਕਥਨ ਕਿ "Prose is the language not merely of exact thinking but of exact discription." ਦਰਅਸਲ ਵਾਰਤਕ ਰਚਨਾ ਦਾ ਵਿਸ਼ਾ ਖੇਤਰ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਇਸ ਦਾ ਖੇਤਰ ਬੜਾ ਵਿਸ਼ਾਲ ਹੁੰਦਾ ਹੈ। ਸਮਾਜ ਵਿਗਿਆਨ, ਇਤਿਹਾਸ, ਕਲਾ, ਵਿੱਦਿਆ, ਰਾਜਨੀਤੀ, ਕਾਨੂੰਨ, ਪ੍ਰਸ਼ਾਸਨ ਸਭ ਖੇਤਰਾਂ ਵਿਚ ਅਤੇਖੇਤਰਾਂ ਨਾਲ਼ ਸੰਬੰਧਿਤ ਵਾਰਤਕ ਦੀ ਰਚਨਾ ਹੋ ਸਕਦੀ ਹੈ ਅਤੇ ਹੁੰਦੀ ਹੈ। ਜਿਉਂ-ਜਿਉਂ ਮਨੁੱਖੀ ਸਮਾਜ ਵਿਚ ਵਿਕਾਸ ਹੁੰਦਾ ਜਾ ਰਿਹਾ ਹੈ, ਕਵਿਤਾ ਦੇ ਘੱਟ ਜਾਣ ਅਤੇ ਵਾਰਤਕ ਦੇ ਵੱਧ ਜਾਣ ਦੀ ਸੰਭਾਵਨਾ ਪੈਦਾ ਹੋ ਰਹੀ ਹੈ ਅਤੇ ਇਸਦੇ ਕਾਰਨ ਵੀ ਹਨ। ਸੁਤੰਤਰ ਤੇ ਸੱਭਯ ਸਮਾਜ ਵਿਚ ਵਿਚਾਰਾਂ ਦੀ ਸੁਤੰਤਰਤਾ ਅਤੇ ਸ਼ੁੱਧਤਾ ਨੂੰ ਪ੍ਰਗਟਾਉਣ ਵਾਲ਼ੀ ਵਾਰਤਕ ਸਾਹਮਣੇ ਆ ਰਹੀ ਹੈ। ਨਿਪੁੰਨ ਵਾਰਤਕਕਾਰ ਦੀ ਵਾਰਤਕ ਵਿਚ ਦਲੀਲ ਤੇ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਸਮਰੱਥਾਵਾਨ ਅਤੇ ਤਾਕਤਵਰ ਪ੍ਰਪੰਚ ਹੁੰਦਾ ਹੈ, ਜੋ ਪਾਠਕਾਂ ਨੂੰ ਆਪਣੇ ਮੱਤ ਨਾਲ ਜੋੜ ਲੈਂਦਾ ਹੈ। ਅਸੀਂ 20ਵੀਂ ਸਦੀਦੇ ਦੂਜੇ ਮੱਧ ਵਿਚ ਵੇਖਿਆ ਹੀ ਹੈ ਕਿ ਪੰਜਾਬੀ ਦੀ ਮਸ਼ਹੂਰ ਮਾਸਕ ਪੱਤ੍ਰਿਕਾ 'ਪ੍ਰੀਤਲੜੀ' ਕਈ ਵਰ੍ਹੇ ਤੱਕ ਗੁਰਬਖ਼ਸ਼ ਸਿੰਘ ਦੀਆਂ ਵਾਰਤਕ ਲਿਖਤਾਂ ਪ੍ਰਸਤੁਤ ਕਰਦੀ ਰਹੀ ਅਤੇ ਬਹੁਤ ਵੱਡਾ ਪਾਠਕ ਵਰਗ ਉਹਨਾਂ ਨਾਲ਼ ਅਜਿਹੀ ਲਗਨ ਨਾਲ਼ ਜੁੜਿਆ ਰਿਹਾ ਕਿ ਉਸ ਦਾ ਨਿਰੰਤਰ ਇੰਤਜ਼ਾਰ ਕਰਦਾ ਰਿਹਾ। ਵਾਰਤਕ ਦੀ ਸਫ਼ਲਤਾ ਸਮਾਜ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲ ਦਿੰਦੀ ਹੈ। ਸਾਹਿਤਕ ਵਾਰਤਕ ਸੁੰਦਰ, ਸੁਹਜਮਈ, ਸੰਗੀਤਕ, ਸਹਿਜਮਈ ਅਤੇ ਸੱਚ ਦੀ ਪ੍ਰਤੀਤੀ ਕਰਵਾਉਣ ਵਾਲ਼ੀ ਹੁੰਦੀ ਹੈ। ਅਜਿਹੇ ਕਾਵਿਕ ਗੁਣ ਹੋਣ ਦੇ ਬਾਵਜੂਦ ਵੀ ਇਸ ਦਾ ਰਚਨਹਾਰਾ ਵਿਦਵਤਾ ਅਤੇ ਦਲੀਲ ਨਾਲ਼ ਜੁੜਿਆ ਰਹਿੰਦਾ ਹੈ। ਵੇਅਨ ਬੂਥ, ਜੋ ਪੱਛਮ ਦਾ ਪ੍ਰਸਿੱਧ ਵਿਦਵਾਨ ਹੈ, ਨੇ ਆਪਣੀ ਪੁਸਤਕ 'Rhetoric of Fiction' ਵਿਚ ਵਾਰਤਕ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਹ ਲਿਖਦਾ ਹੈ ਕਿ 'ਉਤਮ ਪ੍ਰਕਾਰ ਦੀ ਵਾਰਤਕ ਪਾਠਕ ਨੂੰ ਪ੍ਰੇਰਨਾ ਦਿੰਦੀ ਹੈ, ਕਿਉਂਕਿ ਇਸ ਦਾ ਸੰਬੰਧ ਚਿੰਤਨ, ਸੁਹਿਰਦ ਅਨੁਭਵ ਅਤੇ ਅੰਤਰ-ਪ੍ਰਕਾਸ਼ ਨਾਲ਼ ਹੁੰਦਾ ਹੈ।'

5) ਵਾਰਤਕ ਨੂੰ ਇਕ ਕਲਾ ਦੇ ਤੌਰ 'ਤੇ ਸਮਝਣ ਲਈ ਉਪਰੋਕਤ ਵਿਚਾਰ ਦੇ ਪਰਿਪੇਖ ਵਿਚ ਅਸੀਂ ਦੇਖਦੇ ਹਾਂ ਕਿ ਵਾਰਤਕ ਬਹੁਤ ਸ਼ਕਤੀਸ਼ਾਲੀ ਹੈ, ਜਿਸ ਨਾਲ਼ ਬਹੁਤ ਵੱਡਾ ਪਾਠਕ ਵਰਗ ਪ੍ਰੇਰਿਤ ਹੁੰਦਾ ਹੈ। ਇਸ ਗੱਲੋਂ ਦੇਖੀਏ ਤਾਂ ਵਾਰਤਕ ਦੇ ਦੋ ਰੂਪ ਹੁੰਦੇ ਹਨ। ਪਹਿਲਾ ਉਹ, ਜਿਸ ਵਿਚ ਵਾਰਤਕ ਵਾਰਤਕ ਲਈ ਹੁੰਦੀ ਹੈ ਅਤੇ ਦੂਸਰਾ ਉਹ, ਜਿਸ ਵਿਚ ਵਾਰਤਕ ਕਿਸੇ ਵਿਸ਼ੇਸ਼ ਮੰਤਵ ਦੀ ਸਿੱਧੀ ਲਈ ਲਿਖੀ ਜਾਂਦੀ ਹੈ। ਦੂਜੀ ਤਰ੍ਹਾਂ ਦੀ ਵਾਰਤਕ ਵਿਚ ਯਥਾਰਥ ਅਤੇ ਆਦਰਸ਼ ਦਾ ਸੁਮੇਲ ਹੁੰਦਾ ਹੈ। ਅੰਗਰੇਜ਼ੀ ਦਾ ਇਕ ਪ੍ਰਸਿੱਧ ਵਾਰਤਕਕਾਰ ਆਪਣੀ ਹੀ ਵਾਰਤਕ ਰਚਨਾ ਬਾਰੇ ਕਹਿੰਦਾ ਹੈ ਕਿ ਉਹ ਇਸ ਲਈ ਲਿਖਦਾ ਹੈ ਤਾਂ ਕਿ ਕਿਸੇ ਝੂਠ ਦਾ ਪਰਦਾ ਖੋਲ੍ਹ ਸਕੇ ਅਤੇ ਸਮਾਜ ਨੂੰ ਕਿਸੇ ਵਿਸ਼ੇਸ਼ ਦਿਸ਼ਾ ਵਿਚ ਤੋਰ ਸਕੇ। ਇਸੇ ਦ੍ਰਿਸ਼ਟੀ ਤੋਂ ਪ੍ਰਸਿੱਧ ਵਿਦਵਾਨ ਸਾਰਤਰ ਦਾ ਕਥਨ ਹੈ ਕਿ, 'ਵਾਰਤਕ ਵਿਚ ਸ਼ਬਦ ਇਕ ਭਰੀ ਹੋਈ ਪਿਸਤੌਲ ਦਾ ਰੂਪ ਧਾਰ ਲੈਂਦੇ ਹਨ ਅਤੇ ਕਰਤਾ, ਇਕ ਨਿਸ਼ਚਿਤ ਨਿਸ਼ਾਨੇ ਤੇ ਵਾਰ ਕਰਦਾ ਹੈ।' ਭਾਵ ਇਹ ਕਿ ਵਾਰਤਕ ਦੀ ਹਰ ਲਿਖਤ ਦਾ ਇਕ ਵਿਸ਼ੇਸ਼ ਮੰਤਵ ਹੁੰਦਾ ਹੈ, ਸੁਨਿਸ਼ਚਿਤ ਮੰਤਵ। ਉਹ ਇਸ ਮੰਤਵ ਨੂੰ ਵੀ ਸਾਧਦੀ ਹੈ, ਪਰ ਸੁਹਜ ਸੁਆਦ ਵਾਲ਼ੇ ਅੰਗਾਂ ਨੂੰ ਵੀ ਕਾਇਮਰੱਖਦੀ ਹੈ। ਇਸੇ ਤਰ੍ਹਾਂ ਹੀ ਕਲਾਮਈ ਵਾਰਤਕ ਸਥਾਪਤ ਹੁੰਦੀ ਹੈ। 'ਔਨ ਇੰਗਲਿਸ ਪਰੋਜ਼' ਦਾ ਰਚੈਤਾ ਜੇਮਸ ਆਰ ਸੁਦਰਲੈਂਡ ਲਿਖਦਾ ਹੈ ਕਿ 'ਕਲਾਮਈ ਵਾਰਤਕ ਉਹ ਹੁੰਦੀ ਹੈ, ਜਿਸ ਵਿਚ ਮਨ ਦੇ ਭਾਵਾਂ ਨੂੰ ਪਾਠਕਾਂ ਤੱਕ ਸ਼ੁੱਧ ਰੂਪ ਵਿਚ ਅਤੇ ਸੰਪੂਰਨ ਰੂਪ ਵਿਚ ਬਿਨਾਂ ਕਿਸੇ ਰੋਕ ਜਾਂ ਔਖ ਦੇ ਅਤੇ ਸੰਗ ਸੰਕੋਚ ਦੇ ਪਹੁੰਚਾ ਦਿੱਤਾ ਜਾਵੇ।' ਅਸੀਂ ਵਾਰਤਕ ਬਾਰੇ ਹੁਣ

ਜਿਹੜੇ ਵਿਚਾਰ ਪ੍ਰਗਟ ਕਰ ਰਹੇ ਹਾਂ, ਇਹ ਇਸ ਪਾਠ ਕੇ ਪ੍ਰਸੰਗ ਵਿਚ ਦਿੱਤੀ ਵਾਰਤਕ ਦੀ ਪਰਿਭਾਸ਼ਾ ਤੋਂ ਬਹੁਤ ਭਿੰਨ ਹਨ। ਸ਼ੁਰੂ ਵਿਚ ਦਿੱਤੀ ਪਰਿਭਾਸ਼ਾ ਅਜੋਕੀ ਵਾਰਤਕ ਲਈ ਬਿਲਕੁਲ ਅਧੂਰੀ ਹੈ। ਵਾਰਤਕ ਵਿਚ ਸਰਲਤਾ, ਸਪੱਸ਼ਟਤਾ ਅਤੇ ਸੁਨਿਸ਼ਚਿਤਤਾ ਹੁੰਦੀ ਹੈ, ਜੋ ਇਸ ਨੂੰ ਵਿਗਿਆਨਕ ਚਿੰਤਨ ਪ੍ਰਗਟ ਕਰਨ ਵਰਗਾ ਬਣਾਉਂਦੀ ਹੈ। ਅੱਜ ਦੇ ਯੁੱਗ ਵਿਚ ਇਸੇ ਕਰਕੇ ਵਾਰਤਕ ਦਾ ਸਥਾਨ ਬੜਾ ਉਚੇਰਾ ਹੈ ਅਤੇ ਵਾਰਤਕ ਨੂੰ, ਸਾਹਿਤ ਦੇ ਬਾਕੀ ਰੂਪਾਂ ਵਰਗਾ ਹੀ ਦਰਜਾ ਪ੍ਰਾਪਤ ਹੈ। ਕੋਈ ਸਮਾਂ ਸੀ, ਜਦੋਂ ਕਵੀ ਦਾ ਸਥਾਨ ਬਹੁਤ ਉੱਚਾ ਸੀ। ਲੋਕ ਸਮਝਦੇ ਸੀ ਕਿ ਕਵੀ ਕੋਈ ਅਲੌਕਿਕ ਭਾਸ਼ਾ ਵਰਤ ਕੇ ਅਲੌਕਿਕ ਢੰਗ ਨਾਲ਼ ਗੱਲ ਕਰਦਾ ਹੈ, ਜੋ ਆਮ ਨਹੀਂ ਹੁੰਦੀ। ਉਦੋਂ ਵਾਰਤਕ ਨੂੰ ਕਵਿਤਾ ਵਰਗਾ ਦਰਜਾ ਪ੍ਰਾਪਤ ਨਹੀਂ ਸੀ। ਅੱਜ ਵੀ ਜਦੋਂ ਵਾਰਤਕ ਦੀ ਤਾਰੀਫ਼ ਹੁੰਦੀ ਹੈ ਤਾਂ ਇਹੋ ਕਿਹਾ ਜਾਂਦਾ ਹੈ ਕਿ 'ਇਸ ਵਿਚਲਾ ਰਚੈਤਾ ਕਲਾਤਮਕ ਸਿਖ਼ਰਾਂ ਛੂਹ ਗਿਆ ਹੈ, ਜਿਵੇਂ ਕਵੀ ਕਰਦਾ ਹੈ। ਭਾਵ, ਅਸੀਂ ਕਵਿਤਾ ਦੀ ਤਾਰੀਫ਼ ਵਾਲ਼ੇ ਮਾਪ ਨਾਲ਼ ਹੀ ਵਾਰਤਕ ਦੀ ਤਾਰੀਫ਼ ਕਰਦੇ ਹਾਂ। ਪਰ ਜਿਵੇਂ ਕਿ ਅਸੀਂ ਉੱਪਰ ਕਹਿ ਆਏ ਹਾਂ ਹੁਣਦਾ ਸਮਾਂ ਵਾਰਤਕ ਦਾ ਸਮਾਂ ਹੈ ਅਤੇ ਕਵਿਤਾ ਦੀ ਲੋਕਪ੍ਰਿਯਤਾ ਅਜੋਕੇ ਸਮੇਂ ਵਿਚ ਥੱਲੇ ਵੱਲ ਨੂੰ ਜਾ ਰਹੀ ਹੈ। ਵਾਰਤਕ ਵਿਚ ਕਈ ਰੂਪਾਕਾਰ ਸਾਹਮਣੇ ਆਏ ਹਨ। ਜੀਵਨੀ, ਸੈ ਜੀਵਨੀ, ਸਫ਼ਰਨਾਮਾ, ਨਿਬੰਧ ਆਦਿ। ਇਹ ਸਾਰੇ ਵਾਰਤਕ ਦੇ ਗੁਣ ਰੱਖਦੇ ਹਨ ਪਰ ਇਹਨਾਂ ਸਾਰਿਆਂ ਦੀ ਸੰਰਚਨਾ ਵਿਚ ਅੰਤਰੀਵ ਭੇਦ ਹਨ। ਮੁੱਖ ਸਾਂਝੀ ਗੱਲ ਇਹ ਹੈ ਕਿ ਇਹ ਸਾਰੇ ਜਿਸ ਉਦੇਸ਼ ਵੱਲ ਆਯੋਜਨ ਕਰਦੇ ਹਨ, ਉਸ ਦਿਸ਼ਾ ਵੱਲ ਹੀ ਪੂਰੀ ਰਚਨਾ ਨੂੰ ਕੇਂਦਰਿਤ ਕਰਦੇ ਹਨ। ਜੀਵਨੀ; ਜੋ ਕੋਈ ਲੇਖਕ ਕਿਸੇ ਪ੍ਰਸਿੱਧ (ਆਮ ਤੌਰ 'ਤੇ) ਵਿਅਕਤੀ ਦੇ ਜੀਵਨ ਬਾਰੇ ਲਿਖਦਾ ਹੈ, ਉਹ ਮਹਿਜ ਤੱਥੀ ਗੱਲਾਂ ਜਾਂ ਘਟਨਾਵਾਂ ਨਾ ਹੋ ਕੇ ਅਜਿਹਾ ਨਿਰੂਪਣ ਹੁੰਦਾ ਹੈ ਕਿ ਉਸ ਵਿਚੋਂ ਉਸ ਵਿਅਕਤੀ ਦਾ ਜੀਵਨ ਕੋਈ ਸੰਦੇਸ਼ ਦੇਵੇ। ਇਵੇਂ ਹੀ ਸਵੈ-ਜੀਵਨੀ ਉਹ ਰੂਪਾਕਾਰ ਹੈ, ਜੋ ਸਵੈ ਨੂੰ ਯਥਾਰਥ ਪੱਧਰ ਉੱਪਰ ਪੇਸ਼ ਕਰਕੇ, ਕੋਈ ਕੇਂਦਰੀ ਗੱਲ ਕਹਿਣੀ ਚਾਹੇ। ਵਾਰਤਕ ਆਮ ਤੌਰ 'ਤੇ ਸੂਚਨਾ ਪ੍ਰਧਾਨ ਹੁੰਦੀ ਹੈ। ਜੀਵਨੀ ਜਾਂ ਸਵੈ-ਜੀਵਨੀ ਤੱਥੀ ਸੂਚਨਾਵਾਂ ਨਾਲ਼ ਨਿਰਮਿਤ ਹੋ ਕੇ ਵੀ ਕਿਸੇ ਸੱਚ ਵੱਲ ਸੰਕੇਤ ਕਰਦੀ ਹੈ। ਇਹੋ ਗੱਲ ਸਫ਼ਰਨਾਮਿਆਂ ਬਾਰੇ ਹੈ। ਪੰਜਾਬੀ ਵਿਚ ਹੁਣ ਕਿਤਨੇ ਹੀ ਸਫ਼ਰਨਾਮੇ ਮਿਲ਼ਦੇ ਹਨ। ਕਦੀ ਇਹਨਾਂ ਦਾ ਮਹੱਤਵ ਬਹੁਤ ਵੱਡਾ ਸੀ, ਜਦੋਂ ਆਮ ਬੰਦਾ ਦੂਰ ਦੁਰੇਡੇ ਬਾਰੇ ਕੁੱਝ ਨਹੀਂ ਜਾਣਦਾ ਸੀ। ਇਕ ਭਾਈਚਾਰਾ ਜਾਂ ਸਭਿਆਚਾਰ ਇਹਨਾਂ ਦੂਰ ਦਰਾਜ ਦੀਆਂ ਥਾਵਾਂ ਤੇ ਉਥੋਂ ਦੇ ਰਹਿਣ-ਸਹਿਣ ਬਾਰੇ ਜਾਣ ਲੈਂਦਾ ਸੀ। ਇਧਰੋਂ ਗਏ ਵਿਅਕਤੀ ਦੇ ਪ੍ਰਤੀਕਰਮ ਵੀ ਸਾਨੂੰ ਆਪਣੇ ਵਰਗੇ ਲੱਗਦੇ ਸੀ ਕਿਉਂਕਿ ਉਹ ਸਾਡੇ ਵਰਗਾ ਹੀ ਹੁੰਦਾ ਹੈ। ਵਾਰਤਕ ਦੇ ਇਹ ਸਾਰੇ ਰੂਪਾਕਾਰ ਕਲਾ ਕਿਰਤਾਂ ਬਣ ਕੇ ਭਾਸ਼ਾ ਦਾ ਅਜਿਹਾ ਪ੍ਰਯੋਜਨ ਸਾਹਮਣੇ ਲਿਆਉਂਦੇਹਨ, ਜਿਸ ਰਾਹੀਂ ਗਿਆਨ ਦਾ ਵਿਰਾਟ ਦੁਆਰ ਖੁੱਲ੍ਹਦਾ ਹੈ। ਵਾਰਤਕ ਦੀ ਇਹ ਸ਼ਕਤੀ ਨਵੇਕਲੀ ਹੈ। ਵਾਰਤਕ ਕੋਲ ਵੀ ਇਕ ਦ੍ਰਿਸ਼ਟੀ ਬਿੰਦੂ ਹੁੰਦਾ ਹੈ ਪਰ ਤੱਥੀ ਹੋਣ ਕਰਕੇ ਅਤੇ ਤਾਰਕਿਕ ਹੋਣ ਕਰਕੇ ਇਸ ਵਿਚ ਉਲਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਤੱਥ ਦੇ ਰਾਹ 'ਤੇ ਤੁਰ ਕੇ ਸੱਚ ਵੱਲ ਸੰਕੇਤ ਕਰਦੀ ਹੈ। ਸਾਹਿਤ ਦੇ ਬਾਕੀ ਰੂਪਾਕਾਰ ਵੀ ਸੱਚ ਤੱਕ ਪਹੁੰਚਣ ਦਾ ਯਤਨ ਕਰਦੇ ਹਨ ਪਰ ਉਹਨਾਂ ਦੀ ਸਾਮੱਗਰੀ ਕਲਪਨਾ ਹੈ। ਬੌਧਿਕਤਾ, ਕਿਸੇ ਵੀ ਵਾਰਤਕ ਰਚਨਾ ਦੇ ਉੱਘੇ ਲੱਛਣਾਂ ਵਿਚੋਂ ਇਕ ਹੈ। ਭਾਵ ਜੇ ਲੇਖਕ ਨੂੰ ਆਪਣੇ ਵਿਸ਼ੇ ਉੱਤੇ ਦਲੀਲ ਯੁਕਤ ਬੌਧਿਕ ਪਕੜ ਹਾਸਿਲ ਨਹੀਂ ਤਾਂ ਵਾਰਤਕ ਰਚਨਾ ਵਿਚ ਚੁਸਤ ਵਾਕ ਬਣਤਰ ਅਤੇ ਸਹੀ ਸ਼ਬਦ ਚੋਣ ਗ਼ੈਰ-ਹਾਜ਼ਰ ਹੋਵੇਗੀ। ਵਾਰਤਕ ਲਿਖਤ ਦੀ ਦਸ਼ਾ ਅਤੇ ਦਿਸ਼ਾ ਉੱਤੇ ਲੇਖਕ ਦਾ ਨਿਯੰਤ੍ਰਣ ਨਹੀਂ ਹੋਵੇਗਾ। ਵਾਰਰਤਕਕਾਰ ਉਹਨਾਂ ਵਿਸ਼ਿਆਂ ਨੂੰ ਹੀ ਚੁਣਦਾ ਹੈ, ਜਿਹੜੇ ਉਸ ਨੂੰ ਪ੍ਰਭਾਵਤ ਕਰਨ। ਅਜਿਹੀ ਸਥਿਤੀ ਵਿਚ ਉਹ ਉਹਨਾਂ ਵਿਸ਼ਿਆਂ ਨੂੰ ਸੰਜਮ ਅਤੇ ਸਪੱਸ਼ਟਤਾ ਨਾਲ਼ ਪਾਠਕਾਂ ਸਾਹਮਣੇ ਪ੍ਰਸਤੁਤ ਕਰਦਾ ਹੈ। ਉਸ ਦੀ ਜ਼ਿੰਦਗੀ ਦੇ ਨਿੱਜੀ ਤਜ਼ਰਬੇ ਉਸ ਦੀ ਰਚਨਾ (ਵਾਰਤਕ) ਨੂੰ ਪਰੋਖ ਰੂਪ ਵਿਚ ਪ੍ਰੌੜ੍ਹਤਾ ਦਿੰਦੇ ਹਨ। ਸੁਭਾਵਕ ਜਿਹੇ ਤਰੀਕੇ ਨਾਲ਼ ਹੀ ਇਕ ਨਿਯਮ, ਉਸ ਦੀ ਰਚਨਾ ਵਿਚ ਆ ਬੈਠਦਾ ਹੈ ਅਤੇ ਉਸ ਦੀ ਦਲੀਲ ਬੱਧ ਰਚਨਾ ਵੀ ਕਲਾ ਕਿਰਤ ਦੀ ਇਕ ਮਿਸਾਲ ਬਣ ਜਾਂਦੀ ਹੈ। ਉਸ ਦਾ ਪ੍ਰਭਾਵ ਸੁਹਜ ਵਾਲ਼ਾ ਹੁੰਦਾ ਹੈ ਅਤੇ ਲਿਖਤ ਦਾ ਮਨੋਰਥ ਪਾਠਕ ਤੱਕ ਪਹੁੰਚਦਾ ਹੈ।

1.1.3 **ਸਰੂਪ ਅਤੇ ਲੱਛਣ:-** ਕਵਿਤਾ ਦੇ ਮੁਕਾਬਲੇ ਵਿਚ ਵਾਰਤਕ ਦਾ ਆਪਣਾ ਵੱਖਰਾ ਸਰੂਪ ਅਤੇ ਲੱਛਣ ਹਨ, ਜਿਹੜੇ ਇਸ ਨੂੰ ਸਾਹਿਤ ਦਾ ਇੱਕ ਸੁਤੰਤਰ ਰੂਪ ਸਥਾਪਿਤ ਕਰਨ ਵਿਚ ਸਹਾਇਤਾ ਕਰਦੇ ਹਨ। ਅਸੀਂ ਇਸ ਸੰਬੰਧੀ ਹੇਠਾਂ ਚਰਚਾ ਕਰ ਰਹੇ ਹਾਂ:

1) **ਮੌਲਿਕਤਾ:** ਸਫ਼ਲ ਅਤੇ ਵਧੀਆ ਵਾਰਤਕ ਉਹੀ ਹੁੰਦੀ ਹੈ ਜਿਸ ਵਿਚਲੇ ਵਿਚਾਰ ਵਧੇਰੇ ਮੌਲਿਕ ਹੋਣ। ਇਹ ਕਿਸੇ ਹੋਰ ਤੋਂ ਚੋਰੀ ਕੀਤੇ ਗਏ ਨਾ ਹੋਣ, ਮੌਲਿਕ ਵਿਚਾਰ ਤਦ ਹੀ ਬਣ ਸਕਦੇ ਹਨ ਜੇ ਲੇਖਕ ਦਾ ਚਿੰਤਨ ਆਪਣਾ ਹੋਵੇ। ਉਹ ਨਾ ਤਾਂ ਇਕ ਵਾਰਤਕ ਰਚਨਾ ਵਿਚ ਉਹੀ ਵਿਚਾਰ ਮੁੜ-ਮੁੜ ਦੁਹਰਾਏ ਅਤੇ ਕਿਸੇ ਹੋਰ ਦੇ ਵਿਚਾਰਾਂ ਦਾ ਰੂਪਾਂਤਰਨ ਕਰੇ। ਜੇ ਉਹ ਕਿਸੇ ਹੋਰ ਦੇ ਵਿਚਾਰਾਂ ਨਾਲ ਤੁਲਨਾ ਵੀ ਕਰੇ, ਤਦ ਵੀ ਵਾਰਤਕਕਾਰ ਆਪਣੇ ਮੌਲਿਕ ਵਿਚਾਰਾਂ ਨਾਲ ਦੂਜੇ ਦੇ ਵਿਚਾਰਾਂ ਤੋਂ ਵੱਖਰਾਪਣ ਦਰਸਾਏ।
2) ਵਾਰਤਕ ਰਚਨਾ ਦਾ ਵਿਸ਼ਾ ਭਾਵੇਂ ਪੁਰਾਣਾ ਹੀ ਹੋਵੇ, ਪਰ ਜੇ ਲੇਖਕ ਉਸ ਨੂੰ ਆਪਣੇ ਨਵੇਂ ਢੰਗ ਨਾਲ ਪੇਸ਼ ਕਰੇ ਤਦ ਵੀ ਲਿਖਤ ਵਿਚ ਮੌਲਿਕਤਾ ਆ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਵਾਰਤਕਕਾਰ ਵਿਸ਼ੇ ਪ੍ਰਤੀ ਨਵੀਂ ਪਹੁੰਚ ਅਤੇ ਨਿਵੇਕਲ ਨਿਭਾਉ ਦੀ ਸਮਰੱਥਾ ਰੱਖਦਾ ਹੋਵੇ। ਤਦ ਹੀ ਉਸ ਦੀ ਰਚਨਾ ਵਿਚ ਮੌਲਿਕਤਾ ਆਏਗੀ। ਇਸ ਪ੍ਰਸੰਗ ਵਿਚ ਅਸੀਂ ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਤਾਲਿਬ, ਸ੍ਰ. ਗੁਰਬਖਸ਼ ਸਿੰਘ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ ਆਦਿ ਦੇ ਨਾਂ ਲੈ ਸਕਦੇ ਹਾਂ।
3) **ਸੰਖੇਪਤਾ ਤੇ ਸੰਜਮਤਾ:-** ਸੰਖੇਪਤਾ ਅਤੇ ਸੰਜਮਤਾ, ਸਫਲ/ਕਲਾਤਮਕ ਵਾਰਤਕ ਦਾ ਅਗਲਾ ਲੱਛਣ ਹੈ। ਅਣਜਾਣ ਵਾਰਤਕਕਾਰ ਵਾਰਤਕ ਰੂਪੀ ਗਾੜ੍ਹੇ ਦਹੀਂ ਵਿਚ ਵਾਰ-ਵਾਰ ਗੱਲਾਂ ਦਾ ਰਲਾਅ ਕਰਕੇ ਉਸ ਨੂੰ ਪਤਲੀ ਲੱਸੀ ਵਰਗਾ ਬਣਾ ਦਿੰਦਾ ਹੈ, ਪਰੰਤੂ ਸਿਆਣਾ ਅਤੇ ਸੁਲਝਿਆ ਹੋਇਆ ਵਾਰਤਕਕਾਰ ਦਹੀਂ ਨੂੰ ਇਸ ਤਰ੍ਹਾਂ ਛੋਲਦਾ ਹੈ ਕਿ ਉਸ ਵਿਚਲਾ ਮੱਖਣ ਤਰ ਕੇ ਉੱਪਰ ਆ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਸਫਲ ਵਾਰਤਕ ਵਿੱਚ ਥੋੜ੍ਹੇ ਵਿਚ ਬਹੁਤਾ ਕੁੱਝ ਆਖਿਆ ਜਾਂਦਾ ਹੈ। ਸੰਜਮਤਾ ਇਸ ਵਿਚਲਾ ਜਾਦੂ ਹੁੰਦਾ ਹੈ, ਜੋ ਪਾਠਕ ਨੂੰ ਕੀਲ ਕੇ ਰੱਖਦਾ ਹੈ।
4) **ਸਪੱਸ਼ਟਤਾ:-** ਸਪੱਸ਼ਟਤਾ ਕਲਾਤਮਕ ਵਾਰਤਕ ਦਾ ਅਗਲਾ ਲੱਛਣ ਹੈ। ਉਹੀ ਵਾਰਤਕ ਸਫ਼ਲ ਆਖੀ ਜਾ ਸਕਦੀ ਹੈ, ਜਿਸ ਵਿਚ ਪ੍ਰਗਟਾਏ ਵਿਚਾਰ ਪਾਠਕ ਲਈ ਸਪੱਸ਼ਟ ਹੋਣ। ਪਾਠਕ ਕਥਨ ਨਾ ਕੇਵਲ ਪਾਠਕ ਨੂੰ ਸਮਝ ਆ ਜਾਂਦੇ ਹਨ, ਸਗੋਂ ਉਹ ਪਾਠਕ ਦੇ ਮਨ ਨੂੰ ਕੀਲ ਵੀ ਲੈਂਦੇ ਹਨ। ਸਪੱਸ਼ਟਤਾ ਦੇ ਦੋ ਆਧਾਰ ਹੁੰਦੇ ਹਨ, ਪਹਿਲਾ ਸਰਲਤਾ ਅਤੇ ਦੂਜਾ ਆਧਾਰ ਲੇਖਕ ਦਾ ਵਿਸ਼ਾਲ ਅਧਿਐਨ ਅਤੇ ਗਿਆਨ। ਜਦੋਂ ਕੋਈ ਗੱਲ ਸਰਲ ਢੰਗ ਨਾਲ ਆਖੀ ਜਾਵੇਗੀ, ਤਦ ਸਪੱਸ਼ਟਤਾ ਦਾ ਆ ਜਾਣਾ ਕੁਦਰਤੀ ਗੱਲ ਹੈ। ਲੁਕਾਸ ਨੇ ਵੀ ਵਾਰਤਕ ਵਿਚ ਸਪਸ਼ਟਤਾ ਦੇ ਗੁਣ ਨੂੰ ਜ਼ਰੂਰੀ ਮੰਨਿਆ ਹੈ। ਵਾਰਤਕ ਵਿਚ ਸਪਸ਼ਟਤਾ ਤਦ ਹੀ ਆਉਂਦੀ ਹੈ ਜੇ ਉਸ ਵਿਚ ਗੂੜ੍ਹ ਗਿਆਨ ਨੂੰ ਮਲੋਮਲੀ ਨਾ ਥੋਪਿਆ ਜਾਵੇ। ਇਹ ਵਧੇਰੇ ਕਰਕੇ ਪ੍ਰਤੀਕਾਤਮਕ ਵੀ ਨਾ ਹੋਵੇ, ਸਗੋਂ ਇਸ ਵਿਚ ਸਰਲਤਾ ਨਾਲ ਵਿਚਾਰਾਂ ਦੀ ਪੇਸ਼ਕਾਰੀ ਹੋਵੇ।
5) **ਹਿਰਦੇ ਨੂੰ ਟੁੰਬਣ ਦੀ ਸ਼ਕਤੀ** :- ਕਲਾਤਮਕ ਵਾਰਤਕ ਦਾ ਇਕ ਹੋਰ ਲੱਛਣ ਹੈ ਕਿ ਪਾਠਕ ਦੇ ਹਿਰਦੇ ਨੂੰ ਟੁੰਬਣ ਵਾਲੀ ਹੁੰਦੀ ਹੈ। ਇਸ ਵਿਚ ਪਾਠਕ ਦੇ ਹਿਰਦੇ ਨੂੰ ਛੂਹਣ ਦੀ ਸਮਰੱਥਾ ਹੁੰਦੀ ਹੈ। ਅਜਿਹੀ ਵਾਰਤਕ ਆਪਣੇ ਵਿਚਾਰਾਂ, ਭਾਵਾਂ, ਦਲੀਲਾਂ, ਤਰਕ, ਸ਼ਬਦ ਚਿੱਤਰਾਂ, ਉਦਾਹਰਨਾਂ ਦਾ ਇਕ ਅਜਿਹਾ ਪ੍ਰਵਾਹ ਹੁੰਦਾ ਹੈ, ਜਿਹੜਾ ਪਾਠਕ ਨੂੰ ਆਪਣੇ ਨਾਲ ਰੋੜ ਕੇ ਲੈ ਜਾਂਦਾ ਹੈ। ਇਸ ਵਿਚ ਅਜਿਹਾ ਜਾਦੂ ਬਿਆਨ ਹੁੰਦਾ ਹੈ ਜਿਹੜਾ ਕੁਝ ਸਮੇਂ ਲਈ ਪਾਠਕ ਨੂੰ ਕੀਲ ਲੈਂਦਾ ਹੈ। ਕੀਲਿਆ ਹੋਇਆ ਪਾਠਕ, ਵਾਰਤਕ ਨੂੰ ਪੜ੍ਹਦਿਆਂ ਕੁਝ ਸਮੇਂ ਲਈ ਆਪਣੀ ਸੁੱਧ-ਬੁੱਧ ਗਵਾ ਲੈਂਦਾ ਹੈ। ਉਹ ਕੁਝ ਸਮੇਂ ਲਈ ਆਪਣੀ ਦੁਨੀਆ ਤਿਆਗ ਕੇ ਕਿਸੇ ਹੋਰ ਦੁਨੀਆ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਕੋਈ ਅਚਾਨਕ ਲੱਗਿਆ ਝਟਕਾ ਜਾਂ ਵਾਰਤਕ ਦੀ ਸਮਾਪਤੀ, ਉਸ ਨੂੰ ਇਸ ਦੁਨੀਆ ਤੋਂ ਬਾਹਰ ਕੱਢ ਕੇ ਲਿਆਉਂਦੇ ਹਨ।

6) **ਪ੍ਰਭਾਵ ਪੈਦਾ ਕਰਨ ਦੀ ਤਾਕਤ** :- ਵਧੀਆ ਗੱਦ ਦਾ ਮਨੋਰਥ ਇਕ ਵਿਸ਼ੇਸ਼ ਤਰ੍ਹਾਂ ਦਾ ਅਤੇ ਬੱਝਵਾਂ ਪ੍ਰਭਾਵ ਪੈਦਾ ਕਰਨਾ ਹੁੰਦਾ ਹੈ। ਇਹ ਪ੍ਰਭਾਵ ਹੀ ਹੈ ਜਿਸ ਲਈ ਇਕ ਗੱਦਕਾਰ ਆਪਣੀ ਗੱਦ ਰਚਨਾ ਦੇ ਆਰੰਭ ਤੋਂ ਅੰਤ ਤਕ ਜਤਨਸ਼ੀਲ ਰਹਿੰਦਾ ਹੈ। ਉਸ ਨੇ ਪਾਠਕ ਦੇ ਮਨ ਉੱਤੇ ਇਕ ਵਿਸ਼ੇਸ਼ ਤਰ੍ਹਾਂ ਦੀ ਛਾਪ ਲਗਾਉਣੀ ਹੁੰਦੀ ਹੈ। ਇਸ ਛਾਪ ਲਗਾਉਣ ਲਈ ਉਹ ਵਾਰਤਕ ਵਿਚ ਵਿਚਾਰਾਂ ਦਾ ਸੰਚਾਰ ਕਰਦਾ ਹੈ, ਭਾਵਾਂ ਦਾ ਰਲਾਅ ਕਰਦਾ ਹੈ, ਦਲੀਲਾਂ ਦੀ ਵਰਤੋਂ ਕਰਦਾ ਹੈ, ਉਦਾਹਰਨਾਂ ਦਿੰਦਾ ਹੈ ਅਤੇ ਵਿਸ਼ੇ-ਵਸਤੂ ਅਨੁਸਾਰ ਢੁੱਕਵੀਂ ਸ਼ੈਲੀ ਦੀ ਵਰਤੋਂ ਕਰਦਾ ਹੈ।ਜੋ ਵਾਰਤਕਕਾਰ ਪਾਠਕ ਦੇ ਮਨ ਉੱਤੇ ਚਿਤਰਿਆ ਪ੍ਰਭਾਵ ਪੈਦਾ ਕਰ ਗਿਆ ਤਦ ਵਾਰਤਕ ਸਫ਼ਲ ਆਖੀ ਜਾ ਸਕਦੀ ਹੈ, ਨਹੀਂ ਤਾਂ ਇਹ ਇਕ ਸਾਧਾਰਨ ਜਿਹੀ ਰਚਨਾ ਹੋ ਨਿਬੜਦੀ ਹੈ। ਪਾਠਕ ਦੇ ਮਨ 'ਤੇ ਪਿਆ ਪ੍ਰਭਾਵ ਹੀ ਗੱਦਕਾਰ ਬਾਰੇ ਪਾਠਕ ਦੇ ਮਨ ਵਿਚ ਬਿੰਬ ਬਣਾਉਂਦਾ ਹੈ।
7) **ਭਾਵਾਂ ਦਾ ਅਰੁਕਵਾਂ ਪ੍ਰਵਾਹ**:- ਸਫ਼ਲ ਵਾਰਤਕ ਦਾ ਅਗਲਾ ਲੱਛਣ ਇਹ ਹੈ ਕਿ ਇਹ ਦਿਮਾਗ ਦੀ ਬੋਲੀ ਹੋਣ ਦੇ ਨਾਲ-ਨਾਲ ਰਚਨਾਕਾਰ ਦੇ ਮਨ ਦੇ ਭਾਵਾਂ ਅਤੇ ਅੰਦਰਲੇ ਵਿਚਾਰਾਂ ਦਾ ਅਰੁਕਵਾਂ ਪ੍ਰਵਾਹ ਹੁੰਦੀ ਹੈ। ਰਚਨਾਕਾਰ ਦੇ ਮਨ ਵਿਚ ਭਾਵਾਂ ਦਾ ਇਕ ਹੜ੍ਹ ਆਇਆ ਹੁੰਦਾ ਹੈ ਉਹ ਆਪਣੀ ਲਗਾਮ ਦਿਮਾਗ ਦੇ ਹੱਥ ਪਕੜਾ ਕੇ ਇਸ ਹੜ੍ਹ ਨੂੰ ਕਲਮ ਦੇ ਹਵਾਲੇ ਕਰਦਾ ਜਾਂਦਾ ਹੈ।ਇਸ ਪ੍ਰਗਟਾਅ ਵਿਚ ਕੋਈ ਸੰਗ ਸੰਕੋਚ ਵੀ ਨਹੀਂ ਹੁੰਦਾ।ਪ੍ਰੋ. ਪੂਰਨ ਸਿੰਘ ਦੇ ਆਖਣ ਵਾਂਗ ਉਦੋਂ ਅੱਖਰਾਂ ਦੇ ਅੱਖਰ, ਵਾਰਤਕਕਾਰ ਦੇ ਹੱਥਾਂ ਵਿਚੋਂ ਕਿਰ ਕਿਰ ਜਾਂਦੇ ਹਨ। ਅੰਗਰੇਜ਼ੀ ਦੇ ਵਿਦਵਾਨ ਜੇਮਜ਼ ਆਰ, ਸ਼ੁਦਰਲੈਂਡ (James R. Sutherland) ਦੇ ਸ਼ਬਦਾਂ ਵਿਚ ਕਲਾਮਈ ਵਾਰਤਕ ਉਹ ਹੁੰਦੀ ਹੈ, ਜਿਸ ਵਿਚ ਮਨ ਦੇ ਭਾਵਾਂ ਨੂੰ ਪਾਠਕਾਂ ਤਕ ਸ਼ੁੱਧ ਰੂਪ ਵਿਚ ਅਤੇ ਪੂਰਨ ਰੂਪ ਵਿਚ ਬਿਨਾ ਕਿਸੇ ਰੋਕ ਜਾਂ ਔਖ ਦੇ ਅਤੇ ਸੰਗ ਸੰਕੋਚ ਦੇ ਪਹੁੰਚਾ ਦਿੱਤਾ ਜਾਂਦਾ ਹੈ।
8) **ਪ੍ਰੇਰਨਾ ਦਾਇਕਤਾ** :- ਉੱਤਮ ਵਾਰਤਕ ਨਿਰੀ ਪਾਠਕ ਨੂੰ ਸੁਹਜ-ਸੁਆਦ ਹੀ ਨਹੀਂ ਦਿੰਦੀ, ਸਗੋਂ ਉਸ ਨੂੰ ਪ੍ਰੇਰਨਾ ਵੀ ਪ੍ਰਦਾਨ ਕਰਦੀ ਹੈ। ਉਹ ਕਈ ਵਾਰ ਪਾਠਕ ਦੀ ਡੰਗੋਰੀ ਬਣ ਕੇ ਉਸ ਨੂੰ ਹਨ੍ਹੇਰੇ ਵਿਚੋਂ ਬਾਹਰ ਕੱਢਣ ਵਿਚ ਸਹਾਇਤਾ ਕਰਦੀ ਹੈ। ਉਹ ਪਾਠਕ ਦਾ ਦਵੰਦਾਂ ਦੀ ਅਵਸਥਾ ਵਿਚ ਮਾਰਗ-ਦਰਸ਼ਨ ਕਰਦੀ ਹੈ। ਕਲਾਤਮਕ ਵਾਰਤਕ ਦੇ ਇਸ ਗੁਣ ਬਾਰੇ ਪ੍ਰਸਿੱਧ ਪੱਛਮੀ ਵਿਦਵਾਨ ਵੇਅਨ ਬੂਥਾ ਨੇ ਆਖਿਆ ਹੈ ਕਿ ਵਧੀਆ ਕਿਸਮ ਦੀ ਵਾਰਤਕ, ਪਾਠਕ ਨੂੰ ਪ੍ਰੇਰਨਾ ਦਿੰਦੀ ਹੈ, ਕਿਉਂਕਿ ਇਸ ਦਾ ਸੰਬੰਧ ਚਿੰਤਨ, ਸੁਹਿਰਦ ਅਨੁਭਵ ਅਤੇ ਅੰਤਰ ਪ੍ਰਕਾਸ਼ ਨਾਲ ਹੁੰਦਾ ਹੈ।
9) **ਰੌਚਕਤਾ** :- ਕਲਾਤਮਕ ਵਾਰਤਕ ਹਮੇਸ਼ਾ ਰੌਚਕਤਾ ਭਰਪੂਰ ਹੁੰਦੀ ਹੈ। ਰੌਚਕ ਵਾਰਤਕ ਹੀ, ਪਾਠਕ ਨੂੰ ਅੱਗੇ ਤੋਂ ਅੱਗੇ ਪੜ੍ਹਨ ਲਈ ਪ੍ਰੇਰਦੀ ਹੈ ਤੇ ਤਿਆਰ ਕਰਦੀ ਹੈ। ਵਾਰਤਕ ਵਿਚਲੇ ਵੇਰਵੇ, ਕਥਾ ਰਸ, ਸ਼ਬਦ ਚਿੱਤਰ, ਦਿਲਖਿੱਚਵੀਂ ਸ਼ੈਲੀ, ਆਦਿ ਵਾਰਤਕ ਵਿਚ ਰੌਚਕਤਾ ਪੈਦਾ ਕਰਦੇ ਹਨ। ਗਲਪ ਤੇ ਨਾਟਕ ਵਿਚ ਪਾਤਰ ਅਤੇ ਉਨ੍ਹਾਂ ਦੀ ਭੂਮਿਕਾ, ਘਟਨਾਵਾਂ ਰਚਨਾ ਨੂੰ ਰੌਚਕਤਾ ਪ੍ਰਦਾਨ ਕਰਦੇ ਹਨ, ਪਰੰਤੂ ਵਾਰਤਕਕਾਰ ਕੋਲ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਹੁੰਦਾ। ਇਸ ਲਈ ਵਾਰਤਕਕਾਰ ਨੂੰ ਆਪਣੀ ਵਾਰਤਕ ਰਚਨਾ ਵਿਚ ਰੌਚਕਤਾ ਪੈਦਾ ਕਰਨ ਲਈ ਨੰਗੇ ਧੜ ਲੜਨਾ ਪੈਂਦਾ ਹੈ। ਜੇ ਉਹ ਉਪਰੋਕਤ ਸੰਦਾਂ ਦੀ ਵਰਤੋਂ ਆਪਣੀ ਵਾਰਤਕ ਵਿਚ ਕਰੇਗਾ, ਤਦ ਹੀ ਉਸ ਦੀ ਵਾਰਤਕ ਪਾਠਕ ਲਈ ਰੋਚਕ ਬਣ ਸਕੇਗੀ।
10) **ਨਿਆਸ਼ੀਲਤਾ**:- ਨਿਆਸ਼ੀਲਤਾ, ਸਫ਼ਲ ਅਤੇ ਉੱਤਮ ਵਾਰਤਕ ਦਾ ਇਕ ਹੋਰ ਲੱਛਣ ਜਾਂ ਗੁਣ ਹੈ।ਉਹੀ ਰਚਨਾ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਵਿਚ ਵਿਚਾਰ ਉਸ ਉੱਪਰ ਥੋਪੇ ਜਾਂ ਥੋਪੇ ਨਾ ਹੋਣ, ਸਗੋਂ ਉਹਨਾਂ ਦੀ ਪੇਸ਼ਕਾਰੀ ਤਰਕ ਭਰਪੂਰ ਹੋਵੇ। ਇਕ ਸੁਲਝਿਆ ਹੋਇਆ ਵਾਰਤਕਕਾਰ ਹਮੇਸ਼ਾ ਆਪਣੇ ਵਿਚਾਰ ਦਲੀਲ ਸਹਿਤ ਪੇਸ਼ ਕਰਦਾ ਹੈ। ਜਿਹੜੇ ਵਾਰਤਕਕਾਰ ਆਪਣੇ ਵਿਚਾਰ ਪਾਠਕਾਂ ਉੱਪਰ ਮੱਲੋਮੱਲੀ ਥੋਪਦੇ ਹਨ ਉਹ ਕਲਾਤਮਕ ਵਾਰਤਕ ਦੀ ਸਿਰਜਣਾ ਨਹੀਂ ਕਰਦੇ। ਵਾਰਤਕ ਵਿਚਲੀ ਤਰਕਸ਼ੀਲਤਾ ਉਸ ਨੂੰ ਨਿਆਂ ਭਰਪੂਰ ਹੀ ਨਹੀਂ ਬਣਾਉਂਦੀ, ਸਗੋਂ ਉਸ ਵਿਚ ਰੋਚਕਤਾ ਵੀ ਭਰਦੀ ਹੈ। ਪ੍ਰਿੰ. ਤੇਜਾ ਸਿੰਘ, ਸ੍ਰ. ਗੁਰਬਖਸ਼ ਸਿੰਘ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਤਾਲਿਬ ਦੀ ਵਾਰਤਕ ਵਧੇਰੇ ਨਿਆਂ ਭਰਪੂਰ ਹੁੰਦੀ ਹੈ।

11) **ਸੁਹਜ ਸੁਆਦ ਭਰਪੂਰ** :- ਕਲਾਤਮਕ ਵਾਰਤਕ ਦਾ ਇਕ ਇਹ ਲੱਛਣ ਵੀ ਹੈ ਕਿ ਇਹ ਸੁਹਜ-ਸੁਆਦ ਭਰਪੂਰ ਹੁੰਦੀ ਹੈ ਅਤੇ ਸਾਡੇ ਅੰਦਰਲੀ ਸੁਹਜਾਤਮਕਤਾ ਨੂੰ ਟੁੰਬਦੀ ਹੈ। ਇਸ ਨੂੰ ਪੜ੍ਹਨ ਨਾਲ ਸਾਡੇ ਅੰਦਰਲੀ ਸੁਹਜਾਤਮਕਤਾ ਜੋ ਸੁੱਤੀ ਹੋਈ ਹੁੰਦੀ ਹੈ, ਮੁੜ ਜਾਗ ਉੱਠਦੀ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਵੀ ਸਫ਼ਲ ਵਾਰਤਕ ਦੇ ਇਸ ਗੁਣ ਨੂੰ ਰੇਖਾ ਅੰਕਿਤ ਕਰਦਿਆਂ ਆਖਿਆ ਹੈ ਕਿ ਕਿਸੇ (ਵਾਰਤਕ) ਰਚਨਾ ਦੇ ਸਾਹਿਤ ਨਾ ਹੋਣ ਤੇ ਪ੍ਰਮਾਣਿਕ ਹੋਣ ਦੀ ਮੰਨੀ, ਪਰਮੰਨੀ ਕਸਵੱਟੀ ਇਹ ਹੈ ਕਿ ਉਸ ਵਿਚ ਹੋਰ ਉਦੇਸ਼ਾਂ ਦੇ ਨਾਲ-ਨਾਲ ਸੁਹਜ ਸੁਆਦ ਉਪਜਾਉਣ ਤੇ ਸਾਡੇ ਅੰਦਰਲੀ ਕੁਦਰਤੀ ਸੁਹਜ-ਭੁੱਖ ਨੂੰ ਤ੍ਰਿਪਤਾਉਣ ਦੀ ਖੂਬੀ ਹੋਣੀ ਚਾਹੀਦੀ ਹੈ।

12) **ਸ਼ਿਸ਼ਟਾਚਾਰ** :- ਉੱਤਮ ਵਾਰਤਕ ਵਿਚ ਸ਼ਿਸ਼ਟਾਚਾਰ ਨੂੰ ਕਾਇਮ ਰੱਖਿਆ ਜਾਂਦਾ ਹੈ। ਇਹ ਸ਼ਿਸ਼ਟਾਚਾਰ ਹੀ ਹੈ ਜਿਹੜਾ ਦੂਜੀ ਧਿਰ ਨੂੰ ਆਪਣੇ ਵੱਲ ਖਿੱਚਣ ਅਤੇ ਉਸ ਦਾ ਧਿਆਨ ਖਿੱਚ ਪਾਉਣ ਵਿਚ ਸਹਾਇਕ ਹੁੰਦਾ ਹੈ। ਜੇ ਦੂਜੀ ਧਿਰ ਨੂੰ ਸ਼ਿਸ਼ਟਾਚਾਰ ਭਰਪੂਰ ਸ਼ੈਲੀ ਵਿਚ ਸੰਬੋਧਨ ਕੀਤਾ ਜਾਵੇ ਤਦ ਉਹ ਧਿਰ ਮਾਣ ਅਤੇ ਸਤਿਕਾਰ ਮਹਿਸੂਸ ਕਰਦੀ ਹੈ। ਪੰਜਾਬੀ ਵਾਰਤਕਕਾਰਾਂ ਵਿਚ ਸ੍ਰ. ਗੁਰਬਖਸ਼ ਸਿੰਘ, ਡਾ. ਨਰਿੰਦਰ ਸਿੰਘ ਕਪੂਰ ਅਤੇ ਡਾ. ਕਰਨੈਲ ਸਿੰਘ ਸੋਮਲ ਨੇ ਆਪਣੀਆਂ ਵਾਰਤਕ ਰਚਨਾਵਾਂ ਵਿਚ ਵੱਧ ਤੋਂ ਵੱਧ ਸ਼ਿਸ਼ਟਾਚਾਰ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਲੇਖਕ ਆਪਣੇ ਪਾਠਕਾਂ ਦੇ ਸਤਿਕਾਰ ਨੂੰ ਕਾਇਮ ਰੱਖ ਕੇ ਹੀ ਆਪਣੇ ਵਿਚਾਰ ਪੇਸ਼ ਕਰਦੇ ਹਨ।

13) **ਤੇਜਸਵੀ ਸ਼ੈਲੀ** :- ਕਿਸੇ ਵਾਰਤਕ ਰਚਨਾ ਨੂੰ ਸਫ਼ਲ ਬਣਾਉਣ ਵਿਚ ਉਸ ਦੀ ਤੇਜਸਵੀ ਸ਼ੈਲੀ ਦਾ ਵੀ ਬਹੁਤ ਵੱਡਾ ਹੱਥ ਹੁੰਦਾ ਹੈ। ਦੁਨੀਆਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਦੀ ਸ਼ੈਲੀ ਦਾ ਮੂਲ ਕਾਰਨ ਬਾਣੀ ਹੈ। ਅੰਗਰੇਜ਼ੀ ਦੇ ਲੇਖਕਾਂ ਬੇਕਨ, ਜਾਰਜ ਆਰਵੈਲ, ਕਾਰਲਾਈਲ, ਸਟੀਲ, ਰਸਲ, ਮੈਥੀਊ ਆਰਨਲਡ ਆਦਿ ਨੂੰ ਮਹਾਨ ਵਾਰਤਕਕਾਰ ਬਣਾਉਣ ਵਿਚ ਉਨ੍ਹਾਂ ਦੀ ਸ਼ੈਲੀ ਦਾ ਬਹੁਤ ਵੱਡਾ ਹੱਥ ਹੈ। ਇਹੋ ਗੱਲ ਪੰਜਾਬੀ ਦੇ ਵਾਰਤਕਕਾਰ ਪ੍ਰੋ. ਪੂਰਨ ਸਿੰਘ, ਸ੍ਰ. ਗੁਰਬਖਸ਼ ਸਿੰਘ, ਬਲਵੰਤ ਗਾਰਗੀ, ਡਾ. ਨਰਿੰਦਰ ਸਿੰਘ ਕਪੂਰ, ਡਾ. ਕਰਨੈਲ ਸਿੰਘ ਸੋਮਲ ਆਦਿ ਦੀ ਵਾਰਤਕ ਬਾਰੇ ਆਖੀ ਜਾ ਸਕਦੀ ਹੈ।

14) **ਸ਼ਬਦ ਤੇ ਵਾਕ ਬਣਤਰ** :- ਸਫ਼ਲ ਵਾਰਤਕ ਉਹੀ ਹੁੰਦੀ ਹੈ ਜੋ ਭਾਸ਼ਾ ਦੀ ਵਰਤੋਂ ਅਤੇ ਵਾਕ ਬਣਤਰ ਪੱਖੋਂ ਵੀ ਸਫ਼ਲ ਹੋਵੇ। ਸਾਹਿਤਕ ਅਤੇ ਕਲਾਤਮਕ ਵਾਰਤਕ ਕੇਵਲ ਗਿਆਨਵਾਨ ਅਤੇ ਭਾਸ਼ਾ ਦੇ ਮਾਹਿਰ ਹੀ ਲਿਖ ਸਕਦੇ ਹਨ। ਉਹ ਸ਼ਬਦਾਂ ਦੇ ਜਾਦੂਗਰ ਹੁੰਦੇ ਹਨ ਅਤੇ ਵਾਕਾਂ ਦੇ ਕਾਮਯਾਬ ਵਣਜਾਰੇ ਹੁੰਦੇ ਹਨ। ਹਰਬਰਟ ਰੀਡ ਅਨੁਸਾਰ, ਸ਼ਬਦ, ਗਦ-ਬਣਤਰ ਦੀ ਇਕਾਈ ਹੁੰਦੇ ਹਨ। ਗੱਦ ਕਲਾ ਦਾ ਆਰੰਭ ਹੀ ਸ਼ਬਦਾਂ ਦੇ ਗੁਣਾਤਮਕ ਅਧਿਐਨ ਨਾਲ ਹੁੰਦਾ ਹੈ। ਵਧੀਆ ਗੱਦ ਸ਼ੈਲੀ ਦਾ ਆਧਾਰ ਸ਼ਬਦਾਂ ਦਾ ਢੁਕਵਾਂ ਪ੍ਰਯੋਗ ਹੁੰਦਾ ਹੈ।

ਇਸੇ ਤਰ੍ਹਾਂ ਵਾਕ ਬਣਤਰ ਵੀ ਸਫ਼ਲ ਵਾਰਤਕ ਰਚਨਾ ਸਿਰਜਣ ਵਿਚ ਸਹਾਈ ਹੁੰਦੀ ਹੈ। ਡਾ. ਸੀਤਲ ਅਨੁਸਾਰ, ਵਾਕਾਂ ਉੱਤੇ ਵਾਰਤਕ ਦੇ ਮਹਿਲ ਦੀ ਉਸਾਰੀ ਹੋਈ ਹੁੰਦੀ ਹੈ। ਇਸੇ ਤਰ੍ਹਾਂ ਪ੍ਰੋ. ਤਾਲਿਬ ਨੇ ਆਖਿਆ ਹੈ ਕਿ ਵਾਰਤਕ ਰਚਨਾ ਵਿਚ ਇਕ ਵਾਕ ਅਤੇ ਵਾਕੰਸ਼ ਦੀ ਰਚਨਾ ਨਵੀਨਤਾ ਨਾਲ ਕੀਤੀ ਗਈ ਹੋਵੇ ਕਿ ਉਸ ਰਾਹੀਂ ਵਿਚਾਰਾਂ ਅਤੇ ਭਾਵ-ਤਰੰਗਾਂ ਦਾ ਮਨੋ-ਚਿੱਤਰ, ਮਨ ਚਕਸ਼ੂ ਅੱਗੇ ਫਿਰਦਾ ਜਾਵੇ ਅਤੇ ਉਹੋ ਤਰੰਗ ਨਾਲ-ਨਾਲ ਪਾਠਕ ਮਨ ਵਿੱਚ ਉੱਠਦੇ ਜਾਣ।

### 1.1.4 ਵਾਰਤਕ ਸ਼ੈਲੀ

ਵਿਦਿਆਰਥੀਓ ! ਸ਼ੈਲੀ ਸ਼ਬਦ ਅੰਗਰੇਜ਼ੀ ਦੇ ਸ਼ਬਦ Style ਦਾ ਪਰਿਆਇਵਾਚੀ ਹੈ। ਸ਼ੈਲੀ, ਭਾਵ Style, ਹਰ ਲੇਖਕ ਦੀ ਸ਼ਖ਼ਸੀਅਤ ਨੂੰ ਪ੍ਰਗਟਾਉਂਦਾ ਹੈ। ਹਰ ਲੇਖਕ ਦੀ ਲਿਖਤ ਕਿਸੇ ਦੂਜੇ ਲੇਖਕ ਦੀ ਲਿਖਤ ਤੋਂ ਵੱਖਰੀ ਹੁੰਦੀ ਹੈ। ਵੈਸੇ ਤਾਂ ਹਰ ਆਮ ਆਦਮੀ ਵਿਚ ਵੀ ਵੱਖਰੀ ਸ਼ੈਲੀ (ਵੱਖਰੇ Style) ਦੇ ਗੁਣ ਦਿੱਖ ਜਾਂਦੇ ਹਨ। ਪਰ ਅਸਾਧਾਰਨ ਸ਼ਖ਼ਸੀਅਤ ਵਾਲ਼ੇ ਲੇਖਕਾਂ ਦੀਆਂ ਲਿਖਤਾਂ ਵਿਚ ਉਹਨਾਂ ਦੀ ਨਿੱਜੀ ਸ਼ੈਲੀ ਛੁਪਦੀ ਨਹੀਂ। ਉਹਨਾਂ ਦਾ ਵਿਅਕਤਿਤਵ ਉਸ ਵਿਚ ਆ ਹੀ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ 'Style is the Man'। ਕਿਸੇ ਪ੍ਰਪੱਕ ਲੇਖਕ ਦੀ ਲਿਖਤ ਸਹਿਜੇ ਹੀ ਦੂਜਿਆਂ ਦੇ ਮੁਕਾਬਲੇ ਵੱਖਰੀ ਪਛਾਣੀ ਜਾ ਸਕਦੀ ਹੈ। ਇਹ ਉਦੋਂ ਹੀ ਹੁੰਦਾ ਹੈ ਜਦੋਂ ਕੋਈ ਲੇਖਕ ਆਮ ਸਾਧਾਰਨ ਮਨੁੱਖਾਂ ਵਾਂਗ ਕੋਈ ਸੂਚਨਾ ਜਾਂ ਸੁਨੇਹਾ ਨਾ ਲਿਖ ਕੇ, ਕਲਾਤਮਕ ਪੱਧਰ ਤੱਕ ਪੁੱਜ ਜਾਂਦਾ ਹੈ ਅਤੇ ਵਿਸ਼ੇਸ਼ ਸਿਰਜਣਾ

ਕਰਦਾ ਹੈ। ਪੰਜਾਬੀ ਦੇ ਉੱਘੇ ਵਾਰਤਕਕਾਰਾਂ ਦੀਆਂ ਲਿਖਤਾਂ ਉਪਰ ਜੇ ਲੇਖਕ ਦਾ ਨਾਂ ਨਾ ਵੀ ਲਿਖਿਆ ਹੋਵੇ ਤਾਂ ਰਚਨਾ, ਲਿਖਤ ਦੀ ਸ਼ੈਲੀ ਤੋਂ ਲੇਖਕ ਦਾ ਪਤਾ ਚੱਲ ਜਾਂਦਾ ਹੈ। ਭਾਵੇਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਹੋਵੇ ਜਾਂ ਪ੍ਰੋ. ਪੂਰਨ ਸਿੰਘ। ਡਾ. ਹਰਿਭਜਨ ਸਿੰਘ ਹੋਵੇ ਜਾਂ ਗੁਰਨਾਮ ਸਿੰਘ ਤੀਰ। ਇਵੇਂ ਹੀ ਨਰਿੰਦਰ ਸਿੰਘ ਕਪੂਰ ਦੀ ਵੱਖਰੀ ਸ਼ੈਲੀ ਪਹਿਚਾਨਣ ਵਿਚ ਕੋਈ ਮੁਸ਼ਕਿਲ ਨਹੀਂ ਹੁੰਦੀ। ਅਸੀਂ 'ਸ਼ੈਲੀ' ਨੂੰ ਵਿਅਕਤਿਤਵ ਦੇ ਅਰਥਾਂ ਵਿਚ ਇਸੇ ਲਈ ਪਰਿਭਾਸ਼ਤ ਕੀਤਾ ਹੈ। ਜੇ ਅਸੀਂ ਸੰਸਕ੍ਰਿਤ ਭਾਸ਼ਾ ਵਿਚੋਂ ਸ਼ੈਲੀ ਸ਼ਬਦ ਦੀ ਉਤਪਤੀ ਲੱਭਣ ਦਾ ਜਤਨ ਕਰੀਏ ਤਾਂ ਅਸੀਂ ਦੇਖਾਂਗੇ ਕਿ 'ਸ਼ੀਲ' ਧਾਤੂ ਉਹ ਬੁਨਿਆਦ ਹੈ, ਜਿਸ ਤੋਂ ਸ਼ੈਲੀ ਸ਼ਬਦ ਬਣਿਆ। 'ਸ਼ੀਲ' ਤੋਂ ਭਾਵ ਹੈ 'ਕੰਮ ਕਰਨ ਦਾ ਨਵੇਕਲਾ ਢੰਗ ਜਾਂ ਵਿਧੀ'। ਬਾਕੀ ਪ੍ਰਸਿੱਧ ਭਾਸ਼ਾਵਾਂ ਵਿਚਲੇ 'Style' ਸ਼ਬਦ ਦੇ ਅਰਥ ਵੀ ਲਗਭਗ ਇਹਦੇ ਨਾਲ਼ ਮੇਲ ਖਾਂਦੇ ਹਨ। ਕੋਈ ਸਾਹਿਤਕਾਰ ਜਦੋਂ ਭਾਵਾਂ ਜਾਂ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ ਤਾਂ ਉਸ ਲਈ ਉਹ ਜਿਹੜੀ ਵਿਧੀ ਅਪਣਾਉਂਦਾ ਹੈ, ਉਸੇ ਨੂੰ ਸ਼ੈਲੀ ਕਹਿੰਦੇ ਹਨ। ਸ਼ੈਲੀ, ਜਿਸ ਨੂੰ ਅਸੀਂ ਪ੍ਰਗਟਾਓ ਢੰਗ ਜਾਂ ਵਿਧੀ ਕਿਹਾ ਹੈ, ਹਰ ਰਚਨਾਕਾਰ ਦੀ ਆਪਣੀ ਨਵੇਕਲੀ ਹੁੰਦੀ ਹੈ। ਇਹ ਨਵੇਕਲਾਪਨ ਜਾਂ ਸ਼ੈਲੀ, ਕਿਸੇ ਲੇਖਕ ਦੀ ਵੀ ਪਛਾਣੀ ਜਾ ਸਕਦੀ ਹੈ, ਕਿਸੇ ਇਕ ਵਿਲੱਖਣ ਦੀ ਵੀ ਅਤੇ ਕਿਸੇ ਇਕ ਇਤਿਹਾਸਕ ਕਾਲ ਦੀ ਵੀ। ਅਸੀਂ ਇਸ ਗੱਲ ਨੂੰ ਸਮਝਦੇ ਹਾਂ। ਉਪਰ ਅਸੀਂ ਕਿਸੇ ਵਾਰਤਕਕਾਰ ਦੀ ਸ਼ੈਲੀ ਦਾ ਅਧਿਅਨ ਕਰਨ ਦੀ ਗੱਲ ਕਰਦੇ ਆਏ ਹਾਂ। ਭਾਵ ਕਿਸੇ ਕਲਾਕਾਰ, ਕਿਸੇ ਵਾਰਤਕਕਾਰ ਦੀ ਸ਼ੈਲੀ ਦੇ ਨਵੇਕਲੇ ਗੁਣ ਲੱਛਣ। ਪਰ ਇਹ ਵੀ ਸੱਚ ਹੈ ਕਿ ਅਸੀਂ ਕਿਸੇ ਇਕ ਰਚਨਾ ਦੀ ਸ਼ੈਲੀ ਦਾ ਅਧਿਅਨ ਵੀ ਕਰ ਸਕਦੇ ਹਾਂ। ਇਹੋ ਨਹੀਂ ਪੰਜਾਬੀ ਭਾਸ਼ਾ ਵਿਚ ਨਿਰੰਤਰ ਵਾਰਤਕ ਲਿਖੀ ਜਾ ਨਮੂਨਿਆਂ ਦਾ ਸ਼ੈਲੀਗਤ ਅਧਿਅਨ ਵੀ ਸੰਭਵ ਹੈ। ਵਿਦਿਆਰਥੀ ਕਿਸੇ ਕਿਸਮ ਦੀ ਗੁੰਝਲ ਵਿਚ ਨਾ ਪੈਣ, ਇਸੇ ਲਈ ਅਸੀਂ 'ਸ਼ੈਲੀ' ਸ਼ਬਦ ਨੂੰ ਹੁਣ ਕੇਵਲ ਵਿਅਕਤੀ ਦੇ ਨਿੱਜ ਤੋਂ ਬਾਹਰ ਰੱਖ ਕੇ ਵੱਡੇ ਅਰਥਾਂ ਵਿਚ ਸਮਝਣ ਦਾ ਵੀ ਯਤਨ ਕਰ ਰਹੇ ਹਾਂ। ਉਦਾਹਰਨ ਦੇ ਤੌਰ 'ਤੇ 'ਪਰਮਿੰਦਰ ਸੋਢੀ' ਦੀ ਪੁਸਤਕ 'ਰੱਬ ਦੇ ਡਾਕੀਏ' ਨੂੰ ਲਿਆ ਜਾ ਸਕਦਾ ਹੈ। ਵਿਦਿਆਰਥੀ ਸਮੁੱਚੇ ਤੌਰ 'ਤੇ 'ਰੱਬ ਦੇ ਡਾਕੀਏ' ਦਾ ਸ਼ੈਲੀਗਤ ਅਧਿਅਨ ਵੀ ਕਰ ਸਕਦੇ ਹਨ ਅਤੇ ਇਸ ਵਿਚਲੇ ਕਿਸੇ ਇਕ ਕੱਲੇ-ਕਾਰੇ ਲੇਖ ਦਾ ਵੀ। ਪਰਮਿੰਦਰ ਸੋਢੀ ਦੀ ਦੂਸਰੀ ਵਾਰਤਕ ਪੁਸਤਕ ਨੂੰ ਵੀ ਸ਼ਾਮਲ ਕਰ ਲਈਏ ਤਾਂ ਅਸੀਂ ਪਰਮਿੰਦਰ ਸੋਢੀ ਦੀ ਵਾਰਤਕ-ਸ਼ੈਲੀ ਵਰਗੇ ਹੋਰ ਵਿਰਾਟ ਵਿਸ਼ੇ ਨਾਲ ਵੀ ਜੁੜ ਸਕਦੇ ਹਾਂ। ਅਸੀਂ ਉਪਰ ਸੰਕੇਤ ਦਿੱਤਾ ਸੀ ਕਿ ਕਿਸੇ ਕਾਲ ਵਿਸ਼ੇਸ਼ ਦੀ ਵਾਰਤਕ ਸ਼ੈਲੀ ਦੇ ਵੱਖਰੇ ਗੁਣ ਲੱਛਣ ਦੀ ਪਛਾਣ ਕਰ ਸਕਦੇ ਹਾਂ। ਮੱਧਕਾਲ ਵਿਚ ਰਚੀ ਗਈ ਵਾਰਤਕ ਵਿਚ ਜਨਮਸਾਖੀਆਂ ਦਾ ਵਿਸ਼ੇਸ਼ ਸਥਾਨ ਹੈ। ਸਾਡੇ ਕੋਲ ਜਨਮਸਾਖੀਆਂ ਦੇ ਕਈ ਨਮੂਨੇ ਮਿਲਦੇ ਹਨ। ਇਹ ਵੀ ਸੰਭਵ ਹੈ ਕਿ ਅਸੀਂ ਕਿਸੇ ਇਕ ਜਨਮਸਾਖੀ ਵਿਸ਼ੇਸ਼ ਦਾ ਸ਼ੈਲੀਗਤ ਅਧਿਅਨ ਕਰੀਏ ਜਾਂ ਸਮੁੱਚੇ ਜਨਮਸਾਖੀ ਸਾਹਿਤ ਦੀ ਨਵੇਕਲੀ ਸ਼ੈਲੀ ਨੂੰ ਪਛਾਣੀਏ। ਤੁਸੀਂ ਦੇਖ ਰਹੇ ਹੋ ਕਿ ਸਾਡੀ ਇਸ ਚਰਚਾ ਨਾਲ਼ 'ਸ਼ੈਲੀ' ਸ਼ਬਦ ਦੀ ਪਰਿਭਾਸ਼ਾ ਰਤਾ ਵੱਖਰਾ ਰੂਪ ਲੈ ਰਹੀ ਹੈ। ਦਰਅਸਲ ਇਹ ਗੱਲ ਹੈ ਨਹੀਂ। ਸ਼ੈਲੀ ਤੋਂ ਭਾਵ, ਕਿਸੇ ਲਿਖਾਰੀ ਦੀ ਸ਼ਬਦ ਚੋਣ, ਵਾਕ ਬਣਤਰ, ਪੈਰਾ-ਵੰਡ, ਅਲੰਕਾਰ ਵਿਉਂਤ ਤੇ ਖ਼ਿਆਲਾਂ ਦੀ ਪੱਧਤੀ ਤੋਂ ਸਪੱਸ਼ਟ ਹੈ ਕੇਵਲ ਖ਼ਿਆਲ ਹੀ ਕਿਸੇ ਰਚਨਾ ਨੂੰ ਮਹਾਨ ਨਹੀਂ ਬਣਾ ਦਿੰਦੇ। ਜੇ ਲੇਖਕ ਸਹੀ ਖ਼ਿਆਲ ਲਈ ਸਹੀ ਸ਼ਬਦ ਨਹੀਂ ਚੁਣ ਸਕਿਆ। ਜੇ ਉਸ ਦੇ ਵਾਕਾਂ ਦੀ ਬਣਤਰ ਚੁਸਤ ਨਹੀਂ, ਉਹ ਖ਼ਿਆਲ ਨੂੰ ਉਘਾੜ ਨਹੀਂ ਸਕਦੇ, ਜੇ ਉਸ ਦੇ ਦਿੱਤੇ ਉਦਾਹਰਨ ਅਤੇ ਪ੍ਰਮਾਣ ਉਸ ਦੇ ਵਿਸ਼ੇ ਨਾਲ ਮੇਚ ਨਹੀਂ ਕਰਦੇ ਤਾਂ ਲੇਖਕ ਦੇ ਵਿਚਾਰ ਸਹੀ ਰੂਪ ਵਿਚ ਪ੍ਰਸਤੁਤ ਨਹੀਂ ਹੋਣਗੇ। ਸ਼ੈਲੀ ਕਿਸੇ ਲੇਖਕ ਦੀ ਕਮਾਈ ਹੋਈ ਕਲਾ ਹੈ। ਲੇਖਕ ਨੇ ਰਿਆਜ਼ ਕਰਕੇ ਉਸ ਨੂੰ ਕਿਤਨਾ ਵਿਕਸਤ ਕੀਤਾ ਹੈ—ਇਸ ਉੱਤੇ ਉਸ ਦਾ ਪ੍ਰਭਾਵ ਆਧਾਰਤ ਰਹਿੰਦਾ ਹੈ। ਭਾਸ਼ਾ ਵਿਚ ਸ਼ਬਦ, ਵਾਕ, ਅਲੰਕਾਰ ਆਦਿ ਦੀ ਵਰਤੋਂ ਬਾਰੇ ਵਿਵੇਚਨ ਕਿਸੇ ਪੂਰੀ ਪੁਸਤਕ ਦਾ ਵੀ ਕੀਤਾ ਜਾ ਸਕਦਾ ਹੈ ਅਤੇ ਇਕ ਲਿਖਤ ਦਾ ਵੀ। ਇਹੋ ਗੱਲ ਕਿਸੇ ਇਕ ਸਮੇਂ ਨਾਲ਼ ਸੰਬੰਧਿਤ ਕਰਕੇ ਵੀ ਵੇਖੀ ਜਾ ਸਕਦੀ ਹੈ। ਸ਼ੈਲੀ ਦੇ ਮਹੱਤਵ ਬਾਰੇ ਵਿਦਵਾਨਾਂ ਨੇ ਕਈ ਕਥਨ ਕਹੇ ਹਨ ਜਿਵੇਂ ਚੈਸਟਰ ਫੀਲ ਨੇ ਕਿਹਾ ਕਿ, "ਸ਼ੈਲੀ ਖ਼ਿਆਲ ਦਾ ਪਹਿਰਾਵਾ ਹੈ।" ਬਫ਼ਨ ਨੇ ਕਿਹਾ, "ਸ਼ੈਲੀ ਹੀ ਮਨੁੱਖ ਹੈ।" ਸ਼ੈਲੀ ਬਾਰੇ ਵੱਖ-ਵੱਖ ਸੋਚ ਰੱਖਣ ਵਾਲ਼ਿਆਂ ਨੇ ਵੱਖ-ਵੱਖ ਤਰ੍ਹਾਂ ਦੇ ਬਿਆਨ ਦਿੱਤੇ ਹਨ। ਮਾਰਕਸਵਾਦੀ ਸੋਚ ਰੱਖਣ ਵਾਲੇ ਸਾਹਿਤ-ਸ਼ਾਸਤਰੀ ਰਚਣਹਾਰੇ ਨੂੰ ਵੱਧ ਮਹੱਤਤਾ ਦਿੰਦੇ ਹਨ। ਉਹਨਾਂ ਮੁਤਾਬਕ ਸ਼ੈਲੀ ਕੇਵਲ ਪ੍ਰਗਟਾਵੇ ਦਾ ਮਾਧਿਅਮ ਹੈ। ਕਿਉਂਕਿ ਪਾਠਕ ਨੂੰ ਸੱਚ ਦਾ ਪੂਰਨ ਅਹਿਸਾਸ ਕਰਵਾਉਣਾ ਹੁੰਦਾ ਹੈ, ਇਸ ਲਈ ਲੇਖਕ ਕੋਈ ਦ੍ਰਿਸ਼ਟੀਕੋਣ ਤਾਂ

ਰੱਖਦਾ ਹੀ ਹੈ। ਇਹ ਚਿੰਤਕ ਮੰਨਦੇ ਹਨ ਕਿ ਸ਼ੈਲੀ ਦਾ ਵਿਸ਼ਲੇਸ਼ਣ ਮੁੱਖ ਵਿਸ਼ੇ ਨੂੰ ਨਾਲ਼ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਵਿਸ਼ੇ ਨੂੰ ਅਲੱਗ ਕਰਕੇ ਸ਼ੈਲੀ ਦਾ ਅਧਿਅਨ ਕੋਈ ਅਰਥ ਨਹੀਂ ਰੱਖਦਾ। ਲੇਖਕ ਦੇਸ ਕਾਲ ਵਿਚ ਰਹਿੰਦਿਆਂ ਕਿਸੇ ਮਾਹੌਲ ਤੋਂ ਪ੍ਰਭਾਵਤ ਹੁੰਦੇ ਹਨ। ਇਸੇ ਲਈ ਕਿਸੇ ਦੇਸ਼-ਕਾਲ ਵਿਚ ਵਿਸ਼ੇਸ਼ ਸ਼ੈਲੀ ਪ੍ਰਚੱਲਤ ਹੁੰਦੀ ਹੈ। ਅਜਿਹੇ ਚਿੰਤਕ ਕਿਸੇ ਨਿੱਜੀ ਕਿਸਮ ਦੀ ਸ਼ੈਲੀ ਵਿਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਦਾ ਕਹਿਣਾ ਹੈ ਕਿ ਸਮਾਜਕ ਸਥਿਤੀਆਂ ਦੇਸ-ਕਾਲ ਵਿਚ ਇਕ ਤਰ੍ਹਾਂ ਦਾ ਵਾਤਾਵਰਨ ਸਿਰਜਦੀਆਂ ਹਨ। ਇਸ ਵਾਤਾਵਰਨ ਨਾਲ਼ ਸੰਬੰਧਿਤ ਵਿਸ਼ੇ ਉੱਭਰਦੇ ਹਨ ਅਤੇ ਇਹਨਾਂ ਵਿਸ਼ਿਆਂ ਨਾਲ਼ ਜੁੜੀ ਭਾਸ਼ਾ, ਸ਼ਬਦਾਵਲੀ, ਵਾਕ ਬਣਤਰ ਉਦੈ ਹੁੰਦੀ ਹੈ। ਇਸ ਨਾਲ਼ ਹੀ ਉਸ ਵਕਤ ਦੀ ਸ਼ੈਲੀ ਹੋਂਦ ਵਿਚ ਆਉਂਦੀ ਹੈ। ਮਾਰਕਸਵਾਦੀ ਕਿਸੇ ਵਿਅਕਤੀ ਵਿਸ਼ੇਸ਼ ਦੀ ਸ਼ੈਲੀ ਨੂੰ ਨਹੀਂ ਮੰਨਦੇ। ਇਹ ਕਹਿੰਦੇ ਹਨ ਕਿ ਕਿਸੇ ਦੇਸ਼ ਦੀ ਸ਼ੈਲੀ ਹੁੰਦੀ ਹੈ ਅਤੇ ਉਸ ਦੇ ਲੇਖਕ ਉਸ ਸ਼ੈਲੀ ਦੀਆਂ ਵੱਖ-ਵੱਖ ਸ਼ਾਖਾਵਾਂ। ਉਹਨਾਂ ਮੁਤਾਬਕ ਇਕ ਸਾਂਝੇ ਸਰੋਤ ਵਿਚੋਂ ਨਿਕਲੀਆਂ ਸ਼ਾਖਾਵਾਂ ਹੀ ਉਹ ਸ਼ੈਲੀਆਂ ਹਨ ਜਿਹਨਾਂ ਨੂੰ ਅਸੀਂ ਵੱਖ-ਵੱਖ ਲੇਖਕਾਂ ਦੀਆਂ ਸ਼ੈਲੀਆਂ ਕਹਿ ਰਹੇ ਹਾਂ। ਦਰਅਸਲ ਇਹ ਨਹੀਂ ਹੈ। ਅਸੀਂ ਦੇਖ ਰਹੇ ਹਾਂ ਕਿ ਇਹ ਮਾਰਕਸਵਾਦੀ ਚਿੰਤਕ ਸ਼ੈਲੀ ਨੂੰ ਕੋਈ ਬਹੁਤ ਮਹੱਤਵ ਨਹੀਂ ਦਿੰਦੇ। ਉਹ ਸ਼ਬਦ ਵਿਸ਼ੇਸ਼ ਵੱਲ ਨਹੀਂ, ਉਸ ਦੇ ਅਰਥ ਵੱਲ ਰੁਚਿਤ ਹਨ। ਅਜਿਹੇ ਚਿੰਤਕ ਸ਼ੈਲੀ ਨੂੰ ਰੂਪ ਵਰਗਾ ਹੀ ਸਮਝਦੇ ਹਨ ਅਤੇ ਅਜਿਹੇ ਅਰਥਾਂ ਵਿਚ ਉਸ ਦਾ ਵਿਰੋਧ ਕਰਦੇ ਹਨ। ਇਸ ਸੰਬੰਧ ਵਿੱਚ ਅਸੀਂ ਹੇਠ ਲਿਖੇ ਕੁਝ ਨੁਕਤਿਆਂ ’ਤੇ ਚਰਚਾ ਕਰਾਂਗੇ:

**ਰੂਪਵਾਦੀ ਦ੍ਰਿਸ਼ਟੀਕੋਣ :** ਸ਼ੈਲੀ ਬਾਰੇ, ਜੋ ਬਹੁਤੇ ਲੋਕ-ਪ੍ਰਸਿੱਧ ਕਥਨ ਸਾਹਮਣੇ ਆਏ ਉਹ ਰੂਪਵਾਦੀ ਦ੍ਰਿਸ਼ਟੀਕੋਣ ਤੋਂ ਹੀ ਆਏ। ਇਸੇ ਕਰਕੇ ਇਹ ਦ੍ਰਿਸ਼ਟੀਕੋਣ ਬੜਾ ਮਹੱਤਵ ਰੱਖਦਾ ਹੈ। ਇਹਨਾਂ ਚਿੰਤਕਾਂ ਨੇ ਸ਼ੈਲੀ ਲਈ ਅਧਾਰ, ਰਚਨਾ ਨੂੰ ਬਣਾਇਆ। ਇਸ ਲਈ ਕਦੇ ਉਸ ਦੇ ਪਾਠਕਾਂ ਉੱਤੇ ਪੈਂਦੇ ਪ੍ਰਭਾਵ ਨੂੰ ਵੇਖਿਆ ਅਤੇ ਕਦੇ ਉਸ ਨੂੰ ਲੇਖਕ ਨਾਲ਼ ਜੋੜਿਆ ਗਿਆ।

**ਸ਼ੈਲੀ ਦਾ ਰਚਣਹਾਰਾ :** ਸ਼ੈਲੀ ਨੂੰ ਕੋਈ ਰਚਦਾ ਹੈ। ਸ਼ੈਲੀ ਲਿਖਤ ਰੂਪ ਵਿਚ ਵੀ ਅਤੇ ਬੋਲ ਚਾਲ ਵਿਚ ਵੀ ਮਹੱਤਵ ਰੱਖਦੀ ਹੈ। ਸ਼ੈਲੀ ਰਚਨਹਾਰੇ ਦੀ ਸੋਚ ਅਤੇ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਹੈ। ਇਹੋ ਨਹੀਂ, ਸ਼ੈਲੀ ਆਪਣੇ ਸਿਰਜਕ ਦੀ ਵੀ ਪ੍ਰਤੀਨਿਧਤਾ ਕਰਦੀ ਹੈ। ਦਰਅਸਲ ਚਿੰਤਨ ਵੱਖਰਾ ਨਹੀਂ ਹੁੰਦਾ। ਚਿੰਤਨ ਵੀ ਸ਼ੈਲੀ ਵਿਚ ਹੀ ਪ੍ਰਗਟ ਹੁੰਦਾ ਹੈ। ਇਸੇ ਵਿਚਾਰਧਾਰਾ ਦਾ ਸਮਰਥਨ ਕਰਨ ਵਾਲ਼ੇ ਪ੍ਰਸਿੱਧ ਵਿਦਵਾਨ ਬਫ਼ਨ ਨੇ ਬੜੇ ਉੱਚੇ ਸੁਰ ਵਿਚ ਕਿਹਾ ਹੈ ਕਿ, “ਲੇਖਕ ਦਾ ਵਿਅਕਤਿਤਵ ਹੀ ਸ਼ੈਲੀ ਹੈ।” ਸ਼ੈਲੀ ਦੀ ਇਹ ਪਰਿਭਾਸ਼ਾ ਬੜੀ ਪ੍ਰਚੱਲਤ ਹੋਈ ਅਤੇ ਵਿਦਵਾਨਾਂ ਨੇ ਇਸ ਦਾ ਸਮਰਥਨ ਵੀ ਕੀਤਾ ਪਰ ਇਹ ਵੀ ਸੱਚ ਹੈ ਕਿ ਇਸ ਪਰਿਭਾਸ਼ਾ ਨੂੰ ਵਿਦਵਾਨਾਂ ਨੇ ਹੀ ਅਧੂਰਾ ਸੱਚ ਵੀ ਕਿਹਾ। ਉਹਨਾਂ ਮੁਤਾਬਕ ਵੱਖ-ਵੱਖ ਤਰ੍ਹਾਂ ਦੀਆਂ ਰਚਨਾਵਾਂ ਵਿਚ ਇਕੋ ਰਚਨਹਾਰੇ ਦੀਆਂ ਵੱਖ-ਵੱਖ ਸ਼ੈਲੀਆਂ ਦਿੱਖਦੀਆਂ ਹਨ। ਜੇ ਉਹ ਪ੍ਰਗੀਤ ਲਿਖੇਗਾ ਤਾਂ ਵੱਖਰੀ ਸ਼ੈਲੀ ਹੋਵੇਗੀ ਅਤੇ ਜੇ ਨਾਟਕ ਲਿਖੇਗਾ ਤਾਂ ਹੋਰ ਤਰ੍ਹਾਂ ਦੀ। ਭਾਵ ਇਕੋ ਵਿਅਕਤੀ ਕਈ ਤਰੀਕੇ ਨਾਲ਼ ਸ਼ੈਲੀ ਗ੍ਰਹਿਣ ਕਰਦਾ ਹੈ। ਨਾਟਕ ਵਿਚ ਪਾਤਰਾਂ ਦੇ ਵਾਰਤਾਲਾਪ, ਲੇਖਕ ਦਾ ਵਿਅਕਤਿਤਵ ਭਾਵ ਸ਼ੈਲੀ ਨੂੰ ਨਹੀਂ ਪ੍ਰਸਤੁਤ ਕਰ ਸਕਦੇ। ਇਵੇਂ ਉਪਰੋਕਤ ਦਿੱਤੀ ਪਰਿਭਾਸ਼ਾ ਨੂੰ ਕੁੱਝ ਵਿਦਵਾਨਾਂ ਨੇ ਅਧੂਰਾ ਸੱਚ ਹੀ ਕਿਹਾ ਹੈ। ‘ਸ਼ੈਲੀ’ ਨੂੰ ਰਚਨਹਾਰੇ ਨਾਲ਼ ਜੋੜ ਕੇ ਵੇਖਣ ਵਾਲ਼ਿਆਂ ਵਿਚੋਂ ਵਾਰਡ ਨੇ ਕਿਹਾ ਕਿ ਸ਼ੈਲੀ ਇਕ ਨਿੱਜੀ ਗੁਣ ਹੈ। ਹਰੇਕ ਲਿਖਤ ਵਿਚ ਸ਼ੈਲੀ ਹੁੰਦੀ ਹੀ ਹੈ। ਹਰ ਸਾਹਿਤਕਾਰ ਜਿਹੜਾ ਲਿਖਦਾ ਹੈ, ਉਸ ਦੀ ਇਕ ਸ਼ੈਲੀ ਵੀ ਹੁੰਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਉਸ ਦੀ ਇਕ ਸ਼ਖ਼ਸੀਅਤ ਹੁੰਦੀ ਹੈ। ਹਰ ਲੇਖਕ ਦੀ ਸ਼ਖ਼ਸੀਅਤ ਚੰਗੀ ਜਾਂ ਮਾੜੀ ਹੋ ਸਕਦੀ ਹੈ। ਇਸੇ ਲਈ ਇਹ ਹੋ ਸਕਦਾ ਹੈ ਕਿ ਉਸ ਦੀ ਸ਼ੈਲੀ ਚੰਗੀ ਜਾਂ ਮਾੜੀ ਹੋਵੇ। ਜੇ ਕਿਸੇ ਲੇਖਕ ਦੀ ਸ਼ਖ਼ਸੀਅਤ ਨੀਵੇਂ ਜਾਂ ਆਮ ਦਰਜੇ ਦੀ ਹੋਵੇਗੀ ਤਾਂ ਉਸ ਦੀ ਸ਼ੈਲੀ ਉਸ ਦੀ ਸ਼ਖ਼ਸੀਅਤ ਨੂੰ ਪ੍ਰਸਤੁਤ ਕਰ ਦੇਵੇਗੀ। ਵਿਦਵਾਨਾਂ ਨੇ ਸ਼ੈਲੀ ਨੂੰ ਇਕ ਵਿਅਕਤੀਗਤ ਲੱਛਣ ਮੰਨਿਆ ਹੈ। ਇਵੇਂ ਅਸੀਂ ਦੇਖਿਆ ਹੈ ਕਿ ਜ਼ਿਆਦਾਤਰ ਵਿਦਵਾਨਾਂ ਨੇ ਸ਼ੈਲੀ ਨੂੰ ਸ਼ਖ਼ਸੀਅਤ ਨਾਲ਼ ਜੋੜ ਕੇ ਹੀ ਵੇਖਿਆ ਹੈ। ਇਹਨਾਂ ਸਾਰੀਆਂ ਸੋਚਾਂ ਨੇ ਸ਼ੈਲੀ ਅਤੇ ਸ਼ਖ਼ਸੀਅਤ ਨੂੰ ਇਤਨਾ ਰਲਗੱਡ ਕਰ ਦਿੱਤਾ ਹੈ ਕਿ

ਸ਼ੈਲੀ ਆਪਣੀ ਸਮੱਗਰੀ ਅਤੇ ਮਾਧਿਅਮ, 'ਭਾਸ਼ਾ' ਦੇ ਬੰਧਨ ਤੋਂ ਮੁਕਤ ਦਿਖਾਈ ਦਿੰਦੀ ਹੈ। ਦਰਅਸਲ ਇਹ ਹੁੰਦਾ ਨਹੀਂ। ਲੇਖਕ ਉੱਤੇ ਭਾਸ਼ਾ ਦਾ ਅੰਕੁਸ਼ ਜਾਂ ਭਾਸ਼ਾ ਦੀ ਨਿਰਭਰਤਾ ਸਦਾ ਬਣੀ ਰਹਿੰਦੀ ਹੈ।

**ਪ੍ਰਭਾਵ:** ਭਾਰਤੀ ਕਾਵਿ-ਸ਼ਾਸਤਰ ਰਚਨਾ ਨੂੰ ਪਰਖਣ ਦਾ ਇਕ ਤਰੀਕਾ ਪਾਠਕ ਜਾਂ ਸਰੋਤਾ ਉੱਤੇ ਪੈਂਦੇ ਪ੍ਰਭਾਵ ਨੂੰ ਮੰਨਦਾ ਹੈ। ਇਸ ਲਈ ਉਹ ਸੁਹਿਰਦ ਪਾਠਕ ਦਾ ਸੰਕਲਪ ਸਾਹਮਣੇ ਲਿਆਉਂਦੇ ਹਨ। ਭਾਵ ਸਾਹਿਤ ਦੇ ਸੁਹਜ ਦਾ ਅਨੰਦ ਲੈਣ ਲਈ ਪਾਠਕ ਜਾਂ ਸਰੋਤਾ ਦਾ ਸੁਹਿਰਦ ਹੋਣਾ ਲਾਜ਼ਮੀ ਸ਼ਰਤ ਹੈ। ਉੱਚੇ ਆਨੰਦ ਦੀ ਕਸਵੱਟੀ ਸੁਹਿਰਦ ਪਾਠਕ ਨੂੰ ਪ੍ਰਾਪਤ ਹੁੰਦਾ ਅਨੰਦ ਹੈ। ਇਸ ਵਿਚਾਰ ਦੇ ਚਲਦੇ ਸ਼ੈਲੀ, ਸੁਹਿਰਦ ਪਾਠਕ ਨੂੰ ਅਨੰਦ ਦੇਣ ਦੀ ਸ਼ਕਤੀ ਦੇ ਅਰਥ ਹੀ ਗ੍ਰਹਿਣ ਕਰ ਲੈਂਦੀ ਹੈ। ਇਸ ਸੰਬੰਧ ਵਿਚ ਵਿਦਵਾਨਾਂ ਦੇ ਕਥਨ ਹਨ :

1. "ਸ਼ੈਲੀ, ਪਾਠਕ ਨੂੰ ਪ੍ਰਭਾਵਤ ਕਰਨ ਦਾ ਸਾਧਨ ਮਾਤਰ ਹੁੰਦੀ ਹੈ।" (ਟੀ.ਈ. ਹਿਊਮ)
2. "ਇਹ ਨਿਸਚਿਤ ਹੈ ਕਿ ਸ਼ੈਲੀ ਵਿਚ, ਭਾਸ਼ਾਈ ਰੂਪ ਵਿਚ ਪ੍ਰਗਟ ਹੋਏ ਵਿਸ਼ੇ ਦੇ ਆਕਰਸ਼ਣ ਤੋਂ ਭਿੰਨ, ਇਕ ਵੱਖਰੇ ਪ੍ਰਕਾਰ ਦਾ ਬੌਧਿਕ ਅਨੰਦ ਪ੍ਰਦਾਨ ਕਰਨ ਦੀ ਸਮਰੱਥਾ ਹੁੰਦੀ ਹੈ।" (ਡੀ. ਕਵਿਨਸੀ)

ਮਤਲਬ ਇਹ ਹੋਇਆ ਕਿ ਰਚਨਾ ਨੇ ਪਾਠਕ/ਸਰੋਤਾ ਨੂੰ ਪ੍ਰਭਾਵਤ ਕੀਤਾ ਹੈ ਤਾਂ ਸ਼ੈਲੀ ਹੈ, ਵਰਨਾ ਸ਼ੈਲੀ ਨਹੀਂ ਹੈ। ਕੁੱਝ ਵਿਦਵਾਨਾਂ ਨੇ ਸ਼ੈਲੀ ਨੂੰ ਅਜਿਹੇ ਤੱਤ ਵਾਂਗ ਵੀ ਵੇਖਿਆ ਹੈ, ਜੋ ਪ੍ਰਭਾਵ ਸਿਰਜਦਾ ਹੈ। ਉਹਨਾਂ ਅਨੁਸਾਰ ਜੇ ਪ੍ਰਭਾਵ ਸਿਰਜਣਾ ਹੋਵੇ ਤਾਂ ਸ਼ੈਲੀ ਦਾ ਤੱਤ ਰੱਖ ਲਿਆ ਜਾਵੇ ਅਤੇ ਨਹੀਂ ਤਾਂ ਇਸ ਤੋਂ ਬਿਨਾਂ ਵੀ ਸਾਰ ਲਿਆ ਜਾ ਸਕਦਾ ਹੈ। ਸਪੱਸ਼ਟ ਹੈ ਇਹ ਚਿੰਤਕ ਸ਼ੈਲੀ ਨੂੰ ਕੇਵਲ ਪ੍ਰਭਾਵ ਸਿਰਜਣ ਵਾਲ਼ਾ ਤੱਤ ਮੰਨਦੇ ਹਨ। ਇਹ ਸਾਰੀਆਂ ਪਰਿਭਾਸ਼ਾਵਾਂ ਅਤੇ ਵਿਚਾਰ ਸ਼ੈਲੀ ਨੂੰ ਅਧੂਰਾ ਜਿਹਾ, ਗੌਣ ਜਿਹਾ ਤੱਤ ਹੀ ਮੰਨਦੇ ਹਨ। ਇਸੇ ਦਿਸ਼ਾ ਵਿਚ ਸ਼ੈਲੀ ਨੂੰ ਵਿਚਾਰਾਂ ਦੇ ਮੁਕ਼ਾਬਲੇ ਦੁਜੈਲਾ ਸਥਾਨ ਦਿੰਦਿਆਂ, ਕੁੱਝ ਚਿੰਤਕਾਂ ਨੇ ਇਸ ਨੂੰ ਵਿਚਾਰਾਂ ਦੀ ਪੋਸ਼ਾਕ ਹੀ ਕਿਹਾ ਹੈ। ਇਨ੍ਹਾਂ ਅਨੁਸਾਰ ਇਹ ਬਾਹਰੀ ਖੋਲ ਹੈ। ਪਰ ਅਜਿਹੇ ਵਿਚਾਰਾਂ ਦਾ ਵਿਰੋਧ ਹੋਇਆ ਅਤੇ ਇਸ ਨੂੰ ਸਵੀਕਾਰ ਨਾ ਕੀਤਾ ਗਿਆ। ਵਿਰੋਧ ਕਰਨ ਵਾਲੇ ਚਿੰਤਕਾਂ ਦਾ ਵਿਚਾਰ ਹੈ ਕਿ ਸ਼ੈਲੀ ਨੂੰ ਵਿਚਾਰ ਪ੍ਰਸਤੁਤੀ ਦਾ ਸਾਧਨ ਮਾਤਰ ਨਾ ਸਮਝਿਆ ਜਾਵੇ। ਸ਼ੈਲੀ ਦਾ ਅਸਤਿਤਵ ਸਾਰਥਕ ਉਦੇਸ਼ ਵਾਲ਼ਾ ਹੈ। ਸ਼ੈਲੀ ਸਾਧਨ ਨਹੀਂ, ਸਗੋਂ 'ਭਾਸ਼ਾ' ਸ਼ੈਲੀ ਦਾ ਸਾਧਨ ਹੈ। ਸ਼ੈਲੀ ਨੂੰ ਸਮਝਣ ਸਮਝਾਉਣ ਵਾਲ਼ਾ ਇਕ ਹੋਰ ਸਕੂਲ ਇਸ ਵੱਲ ਰੁਚਿਤ ਨਹੀਂ ਕਿ ਕਿਸੇ ਲੇਖਕ ਦੀ ਸ਼ੈਲੀ ਕਿਹੋ ਜਿਹੀ ਹੈ ਜਾਂ ਸ਼ੈਲੀ ਦੇ ਪ੍ਰਭਾਵ ਕਿਹੋ ਜਹੇ ਹਨ। ਇਹ ਸਕੂਲ ਵਿਸ਼ੇਸ਼ ਪਾਠ ਵੱਲ ਰੁਚਿਤ ਹੁੰਦਾ ਹੈ ਅਤੇ ਸ਼ੈਲੀ ਨੂੰ ਵਿਸ਼ੇਸ਼ ਭਾਸ਼ਾਈ ਪ੍ਰਗਟਾਅ ਵਾਂਗ ਵੇਖਦਾ ਹੈ। ਇਹ ਸਕੂਲ ਮੰਨਦਾ ਹੈ ਕਿ ਸ਼ੈਲੀ ਦੀ ਰਚਨਾ, ਪਾਠ ਦੀ ਸੰਰਚਨਾ ਵਿਚ ਹੁੰਦੀ ਹੈ। ਇਸ ਦਾ ਅਧਿਐਨ ਰਚੇ ਪਾਠ ਵਿਚੋਂ ਹੀ ਕੀਤਾ ਜਾ ਸਕਦਾ ਹੈ। ਇਹ ਵਿਚਾਰ, ਹਾਲਾਂਕਿ ਵੀਹਵੀਂ ਸਦੀ ਵਿਚ ਪ੍ਰਸਤੁਤ ਕੀਤੇ ਗਏ। ਪਰ ਇਹੋ ਜਿਹੇ ਹੀ ਵਿਚਾਰ ਮੱਧਕਾਲ ਦੇ ਚਿੰਤਕਾਂ ਨੇ ਪੇਸ਼ ਕੀਤੇ ਸੀ, ਜਦੋਂ ਉਹਨਾਂ ਨੇ ਕਿਹਾ ਕਿ ਸਹੀ ਥਾਂ ਉੱਤੇ ਸਹੀ ਸ਼ਬਦਾਂ ਨੂੰ ਲਿਖਣਾ/ਬੋਲਣਾ ਹੀ ਸ਼ੈਲੀ ਹੈ। ਇਵੇਂ ਹੀ ਮੱਧਕਾਲੀਨ ਚਿੰਤਕ ਜਦੋਂ ਨਾ-ਲੋੜੀਂਦੇ ਰੂਪਕਾਂ ਜਾਂ ਨਕਲੀ ਜਿਹੇ ਲੱਗਦੇ ਅਲੰਕਾਰਾਂ ਜਾਂ ਅਰਥਹੀਣ ਜਿਹੇ ਸ਼ਬਦਾਂ ਦੀ ਵਰਤੋਂ ਜਾਂ ਨਕਲੀ ਪ੍ਰਭਾਵ ਸਿਰਜਣ ਵਰਗੇ ਦਾਅ ਪੇਚ ਵਾਲ਼ੀ ਸ਼ੈਲੀ ਰਚਣ ਦੀ ਕੋਸ਼ਿਸ਼ ਕਰਦਿਆਂ ਲੇਖਕਾਂ ਦੀ ਨਖੇਧੀ ਕਰਦੇ ਹਨ ਤਾਂ ਉਹ ਵੀ ਸ਼ੈਲੀ ਨੂੰ ਰਚਨਾ ਦੀ ਸੰਰਚਨਾ ਦਾ ਹਿੱਸਾ ਮੰਨ ਰਹੇ ਹੁੰਦੇ ਹਨ। ਇਸ ਸਕੂਲ (ਵਿਚਾਰ) ਵਿਚ ਵਿਸ਼ਵਾਸ ਰੱਖਣ ਵਾਲ਼ੇ ਚਿੰਤਕ ਨਕਲੀ ਤਰ੍ਹਾਂ ਦੀ ਸ਼ੈਲੀ-ਸਿਰਜਣ ਨੂੰ ਬੇਵਜ੍ਹਾ ਕੀਤਾ ਹੋਇਆ ਵਾਧੂ ਸ਼ਿੰਗਾਰ ਕਹਿੰਦੇ ਹਨ। ਨਵੇਂ ਲੇਖਕਾਂ ਲਈ ਉਹਨਾਂ ਦੇ ਸੁਝਾਅ ਹਨ ਕਿ ਉਹ 'ਲਿਖਣ ਦਾ ਅਭਿਆਸ ਕਰਨ; ਚੰਗੇ ਬੋਲਣ ਵਾਲ਼ਿਆਂ ਨੂੰ ਸੁਣਨ ਅਤੇ ਪਹਿਲੇ ਹੋ ਚੁੱਕੇ ਲੇਖਕਾਂ ਦੀਆਂ ਲਿਖਤਾਂ ਪੜ੍ਹਨ'। ਇਸ ਸਭ ਕੁੱਝ ਦਾ ਜ਼ੋਰ ਭਾਸ਼ਾ ਉੱਤੇ ਹੈ। ਵਿਦਵਾਨ ਲਿਖਤਾਂ ਵਿਚ ਸ਼ੈਲੀ ਨੂੰ ਜਾਂਚਣ ਪਰਖਣ ਵੱਲ ਜਾਂ ਉਸ ਵੱਲ ਚੇਤੰਨ ਹੋਣ ਵੱਲ ਹਮੇਸ਼ਾਂ ਤੋਂ ਹੀ ਜਾਗ੍ਰਿਤ ਰਹੇ ਹਨ। ਉਹ ਗੱਲ ਕਈ ਤਰੀਕਿਆਂ ਨਾਲ਼ ਕਹਿੰਦੇ ਰਹੇ ਹਨ। ਉਦਾਹਰਨ ਦੇ ਤੌਰ 'ਤੇ ਇਹ ਕਹਿਣਾ ਕਿ ਕੱਪੜੇ ਉੱਤੇ ਕੀਤੀ ਗਈ ਕਢਾਈ ਦੀ ਮਹੱਤਤਾ ਕੱਪੜੇ ਤੋਂ ਵੀ ਵੱਧ ਹੈ ਜਾਂ ਇਹ ਕਿ ਸਾਧਾਰਨ ਜਿਹੇ ਕੱਪੜੇ ਉੱਤੇ ਵੀ ਚੰਗੀ ਕਢਾਈ ਕੀਤੀ ਜਾ ਸਕਦੀ ਹੈ। ਅਜਿਹੇ ਕਥਨਾਂ ਨਾਲ਼ ਉਹ ਇਹ ਕਹਿੰਦੇ ਹਨ ਕਿ ਸਾਧਾਰਨ ਜਹੇ ਸ਼ਬਦ ਵੀ ਜੇ

ਸਹੀ ਤਰਤੀਬ ਵਿਚ ਜੋੜੇ ਗਏ ਹੋਣ ਤਾਂ ਬਹੁਤ ਵੱਧੀਆ ਪ੍ਰਭਾਵ ਸਿਰਜਦੇ ਹਨ। ਇਸੇ ਤਰ੍ਹਾਂ ਵਿਚਾਰ ਦੇ ਉਸ ਪ੍ਰਗਟਾਵੇ ਦਾ ਕੋਈ ਅਸਰ ਨਹੀਂ ਹੁੰਦਾ, ਜਿਸ ਵਿਚ ਵਾਕਾਂ ਦੀ ਕੜੀ ਦੀ ਤਰਤੀਬ ਢੁੱਕਵੀਂ ਨਾ ਹੋਵੇ। ਇਹ ਸਹੀ ਯੋਜਨਾ ਪ੍ਰਭਾਵ ਨੂੰ ਉਘਾੜਦੀ ਹੈ। ਸ਼ੈਲੀ ਇਹਨਾਂ ਅਰਥਾਂ ਵਿਚ ਹੀ ਪਛਾਣੀ ਜਾ ਸਕਦੀ ਹੈ। ਸ਼ਬਦਾਂ ਦੀ ਸਹੀ ਚੋਣ ਅਤੇ ਸਹੀ ਜੜ੍ਹਤ; ਵਾਕਾਂ ਦੀ ਕਾਂਟ-ਛਾਂਟ ਰਾਹੀਂ ਪ੍ਰਭਾਵ ਵਧਾਉਣਾ ਆਦਿ ਮਿਹਨਤ ਦੇ ਕੰਮ ਹਨ, ਜਿਹਨਾਂ ਨਾਲ਼ ਲੇਖਕ ਆਪਣੀ ਹੀ ਲਿਖਤ ਨੂੰ ਪੁਨਰ ਵਿਚਾਰ ਕੇ, ਸੋਧ ਕੇ, ਪਾਠਕ ਉੱਤੇ ਪੈਣ ਵਾਲ਼ੇ ਪ੍ਰਭਾਵ ਨੂੰ ਕਈ ਗੁਣਾਂ ਵਧਾ ਸਕਦਾ ਹੈ।

ਵਿਦਿਆਰਥੀਉ ! ਅਸੀਂ ਵਾਰਤਕ ਦੀ ਪਰਿਭਾਸ਼ਾ ਬਾਰੇ, ਵਾਰਤਕ ਦੇ ਨਵੇਕਲੇ ਗੁਣਾਂ ਬਾਰੇ, ਉਸ ਦੇ ਬਾਕੀ ਸਾਹਿਤ-ਰੂਪਾਂ ਦੇ ਮੁਕ਼ਾਬਲੇ ਵੱਖਰੇ ਸਰੂਪ ਬਾਰੇ ਵਿਸਤਾਰ ਨਾਲ਼ ਚਰਚਾ ਕਰ ਚੁੱਕੇ ਹਾਂ। ਅਸੀਂ ਵਾਰਤਕ ਦੀ ਸ਼ੈਲੀ ਬਾਰੇ ਵੀ ਜਾਣਨ ਦਾ ਯਤਨ ਕਰ ਚੁੱਕੇ ਹਾਂ ਅਤੇ ਸ਼ੈਲੀ ਬਾਰੇ ਵਿਦਵਾਨਾਂ ਦੀ ਰਾਏ ਵੀ ਜਾਣ ਚੁੱਕੇ ਹਾਂ। ਵੱਖ-ਵੱਖ ਵਿਚਾਰਧਾਰਾ ਦੇ ਚਿੰਤਕ ਸ਼ੈਲੀ ਬਾਰੇ ਕੀ ਸੋਚ ਰੱਖਦੇ ਹਨ—ਇਸ ਬਾਰੇ ਵੀ ਅਸੀਂ ਨਿੱਠ ਕੇ ਚਰਚਾ ਕਰ ਚੁੱਕੇ ਹਾਂ। ਇਸ ਉਪਰੰਤ ਇਹ ਜ਼ਰੂਰੀ ਲੱਗਦਾ ਹੈ ਕਿ ਅਸੀਂ ਕੁੱਝ ਕੁ ਉਦਾਹਰਨਾਂ ਨਾਲ਼, ਲੰਮੇ ਸਮੇਂ ਤੋਂ ਲਿਖੀ ਜਾਂਦੀ ਰਹੀ ਪੰਜਾਬੀ ਵਾਰਤਕ ਦੇ ਨਮੂਨਿਆਂ ਉੱਤੇ ਝਾਤ ਪਾਈਏ ਅਤੇ ਵੇਖੀਏ ਕਿ ਪੰਜਾਬੀ ਵਾਰਤਕ ਸਮੇਂ ਦੇ ਫੇਰ ਵਿਚ ਕਿਵੇਂ ਬਦਲਦੀ ਰਹੀ। ਉਸ ਕੋਲ਼ ਕਿਹੜੇ ਵਿਸ਼ੇ ਹੁੰਦੇ ਸਨ ? ਕਿਹੋ ਜਿਹੇ ਸ਼ਬਦ ਹੁੰਦੇ ਸਨ ? ਵਾਰਤਕ ਕਿਹੋ ਜਹੇ ਸ਼ਬਦ ਜੋੜਾਂ ਦਾ ਇਸਤੇਮਾਲ ਕਰ ਰਹੀ ਸੀ ? ਵਾਰਤਕਕਾਰ ਕਿਹੋ ਜਿਹੇ ਵਾਕਾਂ ਦਾ ਨਿਰਮਾਣ ਕਰ ਰਹੇ ਸਨ ? ਪੰਜਾਬੀ ਭਾਸ਼ਾ ਉੱਤੇ ਕਿਹੜੇ ਪੱਖਾਂ ਤੋਂ ਬਾਹਰਲੀਆਂ ਭਾਸ਼ਾਵਾਂ ਦਾ ਪ੍ਰਭਾਵ ਪੈ ਰਿਹਾ ਸੀ ? ਵਿਦਿਆਰਥੀਉ! ਇਹ ਅਧਿਐਨ ਦਿਲਚਸਪ ਵੀ ਲੱਗੇਗਾ। ਤੁਸੀਂ ਆਧੁਨਿਕ ਵਾਰਤਕ ਦੇ ਨਮੂਨਿਆਂ ਵਿਚ ਵੀ ਉਪਰੋਕਤ ਪ੍ਰਸ਼ਨਾਂ ਦੇ ਹੱਲ ਵੇਖੋਗੇ ਜਾਂ ਲੱਭੋਗੇ। ਹੇਠਾਂ ਅਸੀਂ ਅਜਿਹੇ ਨਮੂਨੇ ਦੇ ਰਹੇ ਹਾਂ :

1) "ਤਬ ਹਿੰਦੂ ਮੁਸਲਮਾਨ ਨਾਉ ਧਰੀਕ ਲੱਗੇ ਆਖਣਿ। ਮੁਸਲਮਾਨ ਲੱਗੇ ਆਖਿਣ : ਅਸੀਂ ਦਬਹਿੰਗੇ। ਅਤੇ ਹਿੰਦੂ ਲੱਗੇ ਆਖਿਣ : ਜੋ 'ਅਸੀਂ ਜਲਾਹਿੰਗੇ।' ਤਬ ਬਾਬੇ ਆਖਿਆ : ਜੋ ਤੁਸੀਂ ਦੁਹੀ ਵੱਲੀ ਫੁਲ ਰਖਹੁ ਦਾਹਣੀ ਵਲਿ ਹਿੰਦੂ ਕੇ ਰਖਹੁ, ਤੇ ਬਾਣੀ ਵਲਿ ਮੁਸਲਮਾਨਾਂ ਕੇ ਰਖਹੁ, ਜਿਸ ਕੇ ਭਲਕੇ ਹਰੇ ਰਹਿਨਿਗੇ, ਜੇ ਹਿੰਦੂਆਂ ਕੇ ਹਰੇ ਰਹਿਨ ਤਾਂ ਜਲਾਹਿੰਗੇ ਅਤੇ ਜੇ ਮੁਸਲਮਾਨਾਂ ਦੇ ਹਰੇ ਰਹਿਣਗੇ ਤਾਂ ਦਾਬਹਿੰਗੇ, ਤਬ ਬਾਬੇ ਸੰਗਤਿ ਨੂੰ ਹੁਕਮੁ ਕੀਤਾ, 'ਕੀਰਤਨ ਪੜਹੁ।' ਤਬ ਸੰਗਤਿ ਲਗੀ ਕੀਰਤਨੁ ਪੜਣਿ।" ('ਪੁਰਾਤਨ ਜਨਮ ਸਾਖੀ' ਵਿਚੋਂ)
2) "21 ਅਕਤੂਬਰ 1706 ਈ. ਦੇ ਹੁਕਮਨਾਮੇ ਵਿਚ ਦਸਵੇਂ ਗੁਰੂ ਗੋਬਿੰਦ ਸਿੰਘ, ਭਾਈ ਰੂਪੇ ਦੀ ਸੰਗਤ ਨੂੰ ਲਿਖਦੇ ਹਨ: "4 ਬੈਲ ਚਾਰ ਹਛੇ ਬਹਲਾਂ ਨੋ ਭੇਜਣੇ ਹੁਕਮੁ ਦੇਖਦਿਆਂ, ਮੇਰੀ ਤੁਸਾਂ ਉਪਰਿ ਖੁਸੀ ਹੈ, ਅਸਾਂ ਦਖਣ ਨੋ ਕੂਚ ਕੀਤਾ ਹੈ, ਜਿਨਿ ਸਿਖ ਸਾਡੇ ਨਾਲ ਚਲਣਾ ਹੋਇ, ਤਿਨਿ ਹੁਕਮ ਦੇਖਦਿਆਂ ਹਜੂਰਿ ਆਵਣਾ।" (ਡਾ. ਗੰਡਾ ਸਿੰਘ, ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ : 225)
3) "ਏਕ ਬੇਰਿ ਕਿਸੀ ਸੰਜੋਗ ਗੁਰੂ ਜੀ ਦਾਦੂ ਦੁਆਰੇ ਜਾਇ ਨਿਕਲੇ। ਊਹਾ ਦਾਦੂ ਦੁਆਰੇ ਕੀ ਓਰਿ ਦੇਖਿ ਕਰਿ ਗੁਰੂ ਬਾਬੇ ਤੀਰ ਸਾਖਿ ਨਮਸਕਾਰ ਕੀਆ। ਤਬ ਖ਼ਾਲਸੇ ਕਹਿਆ ਸੱਚੇ ਪਾਤਸਾਹ ਤੋ ਬਚਨ ਮਹਿ ਕਹਿਆ ਹੈ ਜੋ ਗੋਰਮੜੀ ਮਟ ਭੂਲਿ ਨਾ ਮਾਨੇ ਤੇ ਦਾਦੂ ਦੁਆਰੇ ਕਉ ਆਪਿ ਨਮਸਕਾਰ ਕੀਤਾ ਹੈ। ਸੋ ਇਸ ਬਾਤ ਹਮ ਕਉ ਸੰਸਾ ਉਪਜਿਆ ਹੈ। ਹੁਕਮੁ ਹੋਆ ਖ਼ਾਲਸਾ ਜੀ ਮੇਰੇ ਪਾਸਹੁ ਭੀ ਤਨਖਾਹ ਲੇਵਹੁ। ਤਾ ਗੁਰੂ ਬਾਬੇ ਤਨਖਾਹ ਦੀਨੀ। ਫੇਰਿ ਕਿਸੀ ਸਿਖ ਅਰਦਾਸ ਕੀਨੀ। ਸੋ ਸੱਚੇ ਪਾਤਸਾਹ ਗੁਰੂ ਬਾਬਾ ਤਉ ਅਭੁਲ ਰੂਪ ਥਾ। ਤਨਖਾਹੀਆ ਕਿਉਂ ਬਣਿਆ। ਹੁਕਮੁ ਹੋਆ ਭਾਈ ਨਿਹਚਉ ਗੁਰੁ ਅਭੁਲ ਹੈ। ਅਸਾਂ ਜੋ ਨਮਸਕਾਰ ਕੀਤਾ ਥਾ, ਪਰ ਸਿਖਾ ਕਉ ਤਨਖਾਹ ਲਾਵਣ ਸਿਖਾਲਨੇ ਹਾਂ। ਨਾਲ ਤਨਖਾਹ ਦੇਵਣ ਸਿਖਾਲਨੇ ਹਾਂ। ਤਾ ਇਹ ਉਤਰ ਸੁਣ ਕਰਿ ਸਿਖ ਸੁਪ੍ਰਸੰਨ ਹੋਆ।" ('ਪਰਚੀਆਂ ਸੇਵਾਦਾਸ' ਵਿਚੋਂ)

ਉਪਰੋਕਤ ਉਦਾਹਰਨ 17ਵੀਂ, 18ਵੀਂ ਸਦੀ ਦੀ ਪੰਜਾਬੀ ਵਾਰਤਕ ਦੇ ਹਨ। ਇਸ ਸਮੇਂ ਮੁੱਖ ਵਿਸ਼ਾ ਧਾਰਮਿਕ ਖੇਤਰ ਹੀ ਸੀ। ਵਾਕ-ਬਣਤਰ ਵਿਚ ਵਿਆਕਰਨਕ ਨੇਮਾਂ ਦੀ ਪਾਲਣਾ ਬਹੁਤੀ ਸਖ਼ਤੀ ਨਾਲ਼ ਨਹੀਂ ਮਿਲ਼ਦੀ। ਭਾਸ਼ਾ ਹਿੰਦਵੀ ਦੇ ਨੇੜੇ ਦੀ ਪੰਜਾਬੀ ਹੈ। ਸ਼ਬਦਾਂ ਦਾ ਸਰੂਪ ਵੀ ਹਿੰਦਵੀ ਦੇ ਨੇੜੇ ਹੈ, ਜਿਵੇਂ : ਜਲਾਹਿੰਗੇ, ਦਾਬਹਿੰਗੇ, ਕੀਓਰਿ ਦੇਖ ਕਰਿ ਆਦਿ। ਸ਼ਬਦ ਜੋੜ ਵੀ ਇਕ ਥਾਂ, ਤੇ ਦੋ-ਤਿੰਨ ਤਰ੍ਹਾਂ ਦੇ ਹਨ। ਇਹ ਵੀ ਨੋਟ ਕਰੋ ਕਿ ਸੌ ਕੁ ਸਾਲ ਦੇ ਅੰਤਰ ਨਾਲ਼ ਭਾਸ਼ਾ ਦੇ ਇਹਨਾਂ ਸਾਰੇ ਪੱਖਾਂ ਵਿਚ ਅੰਤਰ ਵੀ ਵਾਪਰਨ ਲੱਗਾ। ਇਵੇਂ ਵਾਰਤਕ ਦੀ ਉਤਪਤੀ ਅਤੇ ਵਿਕਾਸ ਦੀ ਪਹਿਚਾਣ ਵੀ ਬਣਦੀ ਹੈ ਅਤੇ ਸ਼ੈਲੀ ਦੇ ਭਿੰਨ ਭਿੰਨ ਸਰੂਪ ਵੀ ਦੇਖਣ ਨੂੰ ਮਿਲ਼ਦੇ ਹਨ। ਹੁਣ ਆਧੁਨਿਕ ਕਾਲ ਦੇ ਕੁੱਝ ਵਾਰਤਕ ਨਮੂਨੇ ਤੁਹਾਡੇ ਸਾਹਮਣੇ ਰਖਦੇ ਹਾਂ :

1) "ਅਗਲੇ ਦਿਨ ਮਲਕ ਭਾਗੋ ਦੇ ਘੱਲੇ ਹੋਏ ਪੰਜ ਸਰਕਾਰੀ ਆਦਮੀ ਆਏ ਕਿ ਕਾਰਦਾਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਆਪ ਉਨ੍ਹਾਂ ਪਾਸ ਕਚਹਿਰੀ ਹਾਜ਼ਰ ਹੋਵੋ, ਤੇ ਜੇ ਨਾਂਹ ਕਹੋ ਤਾਂ ਅਸੀਂ ਮੱਲੋ ਮੱਲੀ ਲੈ ਚਲਣ ਲਈ ਆਖੇ ਗਏ ਹਾਂ। ਸ੍ਰੀ ਗੁਰੂ ਜੀ ਸੁਣ ਕੇ ਮੁਸਕ੍ਰਾਏ ਤੇ ਕਹਿਣ ਲਗੇ, 'ਚੰਗਾ ਭਾਈ, ਅਸੀਂ ਚਲਦੇ ਹਾਂ, ਜੇ ਸਾਈਂ ਨੇ ਐਉਂ ਹੀ ਆਪਣਾ ਕੰਮ ਸਾਰਨਾ ਹੈ ਤਾਂ ਐਉਂ ਹੀ ਸਹੀ।' ਇਹ ਕਹਿ ਕੇ ਸਹਿਜੇ ਟੁਰ ਪਏ। ਪ੍ਰੇਮਖ਼ਡੋਰ ਦਾ ਬੱਧਾ ਲਾਲੋ ਪਿੱਛੇ ਪਿੱਛੇ ਟੁਰੀ ਗਿਆ, ਹੋਰ ਬੀ ਦੋ ਚਾਰ ਪਿਆਰ ਵਾਲੇ ਸੱਜਣਾਂ ਨੂੰ ਪਤਾ ਲੱਗਾ ਤਾਂ ਉਹ ਵੀ ਕਚਹਿਰੀ ਪਹੁੰਚ ਗਏ, ਕੁਛ ਤਮਾਸ਼ਬੀਨ ਬੀ ਜਾ ਅੱਪੜੇ।" (ਭਾਈ ਵੀਰ ਸਿੰਘ, 'ਗੁਰੂ ਨਾਨਕ ਚਮਤਕਾਰ' ਵਿਚੋਂ)
2) "ਯੂਰਪੀ ਲੋਕ ਉਂਝ ਛੂਤ ਛਾਤ ਦਾ ਖੰਡਨ ਕਰਦੇ ਹਨ ਪਰ ਏਨ੍ਹਾਂ ਦੀ ਸਾਇੰਸ ਆਖਦੀ ਹੈ ਕਿ ਛੂਤ ਨਾਲ ਤੇ ਹਵਾ ਨਾਲ ਹੀ ਅਨੇਕਾਂ ਬੀਮਾਰੀਆਂ ਲੱਗ ਜਾਂਦੀਆਂ ਹਨ। ਅਪਰੇਸ਼ਨ ਕਰਨ ਲੱਗੇ ਡਾਕਟਰ ਮੂੰਹਾਂ ਉੱਤੇ ਭੀ ਪਟੀਆਂ ਬੰਨ੍ਹ ਲੈਂਦੇ ਹਨ ਪਰ ਖਾਣ-ਪੀਣ ਪਰੋਸਨ ਦੀ ਛੂਤ ਨੂੰ ਭਰਮ ਦੱਸਦੇ ਹਨ।" (ਲਾਲ ਸਿੰਘ ਕਮਲਾ ਅਕਾਲੀ, 'ਭੇਡ ਚਾਲ; ਜੀਵਨ-ਸ਼ੈਲੀ' ਵਿਚੋਂ)
3) "ਪਿਆਰ ਇਕ ਦ੍ਰਵਿਤਾ ਹੈ, ਜਿਹੜਾ ਨਦੀ ਦੇ ਵਹਿਣ ਵਾਂਗ 'ਖ਼ਿਮਾ, ਦਯਾ', ਤੇ ਸਦਾ 'ਮਾਫ਼ੀ' ਵਿਚ ਵਿਚਰਦਾ ਹੈ। ਇਹਦਾ ਇਨਸਾਫ਼ ਬਸ ਬਖ਼ਸ਼ਣਾ ਹੈ, ਪਿਆਰ ਕਰਨਾ ਹੈ। ਇਹ ਤਾਂ ਗੰਗਾਧਾਰ ਹੋਈ, ਜਿਸ ਵਿਚ ਸਭ ਕੂੜ ਦੀ ਮੈਲ ਉਤਰ ਜਾਂਦੀ ਹੈ। ਚਾਨਣੇ ਵਿਚ ਹਨੇਰੇ ਦਿਆਂ ਕੂੜੇ ਭੁਲੇਖਿਆਂ ਤੇ ਪਰਛਾਵਿਆਂ ਦਾ ਮੁੜ ਕੌਣ ਜਿਕਰ ਕਰਦਾ ਹੈ?" (ਪ੍ਰੋ. ਪੂਰਨ ਸਿੰਘ; 'ਪਿਆਰ'; ਖੁੱਲ੍ਹੇ ਲੇਖ, ਵਿਚੋਂ)
4) "ਪਿਆਰ ਨੂੰ ਵਿਸ਼ੇ-ਵਾਸਨਾ ਨਾਲ ਜੋੜ ਕੇ ਇਹਨੂੰ ਅਛੂਤ ਸਮਝਣਾ, ਇਹਦੇ ਕੋਲੋਂ ਸੰਗਣਾ ਤੇ ਸ਼ਰਮਾਣਾ, ਮਨੁੱਖੀ ਸਮਾਜ ਦੀ ਪਰਬਤ ਜੇਡੀ ਭੁਲ ਹੈ। ਪਿਆਰ ਨੂੰ ਪ੍ਰਭੂ ਆਖਣ ਵਾਲੇ ਮਹਾਂਪੁਰਖ ਨੇ ਪ੍ਰਭੂ ਜੇਡੀ ਸੱਚਾਈ ਉਤੋਂ ਪਰਦਾ ਲਾਹਿਆ ਸੀ। ਜਿੰਨਾ ਚਿਰ ਮਨੁੱਖ ਦੇ ਦਿਮਾਗ ਵਿਚ ਪਿਆਰ ਸੰਬੰਧੀ ਪੂਰਾ ਚਾਨਣ ਨਹੀਂ ਹੋ ਜਾਂਦਾ, ਓਨਾਂ ਚਿਰ ਉਹ ਵਿਸ਼ਿਆਂ ਦੇ ਹਨੇਰੇ ਵਿਚ ਅਵੱਸ਼ ਠੇਡੇ ਖਾਂਦਾ ਰਹੇਗਾ। (ਗੁਰਬਖ਼ਸ਼ ਸਿੰਘ; "ਜ਼ਿਦਗੀ ਦੀ ਅਤਿ ਸੋਹਣੀ ਰਾਸ", 'ਜ਼ਿੰਦਗੀ ਦੀ ਰਾਸ' ਵਿਚੋਂ)

ਇਹ ਚਾਰ ਉਦਾਹਰਨ ਵੀਹਵੀਂ ਸਦੀ ਦੇ ਪਹਿਲੇ ਅੱਠ ਕੁ ਦਹਾਕਿਆਂ ਦੇ ਹਨ, ਜਿਹਨਾਂ ਵਿਚ ਅਸੀਂ ਦੇਖ ਰਹੇ ਹਾਂ ਕਿ ਪੰਜਾਬੀ ਵਾਰਤਕ ਧਰਮ ਦੇ ਖੇਤਰ (ਮੱਧਕਾਲ) ਵਿਚੋਂ ਸਹਿਜ ਜਿਹੇ ਨਿਕਲ ਕੇ ਆਪਣੀ ਸੰਸਕ੍ਰਿਤੀ ਅਤੇ ਆਦਰਸ਼ਾਂ ਵੱਲ ਮੁੜ ਰਹੀ ਹੈ। ਭਾਸ਼ਾ, ਸ਼ਬਦਾਵਲੀ ਅਤੇ ਵਾਕ ਬਣਤਰ ਵਿਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ ਅਤੇ ਹਰ ਵਾਰਤਕਕਾਰ ਦੀ ਵਾਰਤਕ-ਸ਼ੈਲੀ ਵੱਖਰੀ ਪਛਾਣ ਵਿਚ ਸਾਹਮਣੇ ਆ ਰਹੀ ਹੈ। ਇਸ ਤੋਂ ਅੱਗੇ ਚੱਲ ਕੇ, ਅਜੋਕੇ ਸਮੇਂ ਤੱਕ ਦੀ ਵਾਰਤਕ ਤੇ ਅਜੋਕੀਆਂ ਲੋੜਾਂ ਮੁਤਾਬਕ ਅਤੇ ਨਵੇਂ ਵਿਸ਼ਿਆਂ ਮੁਤਾਬਕ ਭਾਸ਼ਾ ਦਾ ਨਵਾਂ ਰੂਪ ਉਘਾੜਿਆ ਹੈ। ਅਗਲੇ ਪਾਠ ਵਿਚ ਅਸੀਂ ਕੁੱਝ ਅਤਿ ਨਵੀਂ ਵਾਰਤਕ ਦੇ ਉਦਾਹਰਨ ਦੇ ਕੇ ਇਸ ਪਾਸੇ ਦੀਆਂ ਵਿਚਾਰਾਂ ਕਰਾਂਗੇ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1. ਵਾਰਤਕ ਕੀ ਹੁੰਦੀ ਹੈ ?
2. ਕਵਿਤਾ ਅਤੇ ਵਾਰਤਕ ਵਿਚਲਾ ਅੰਤਰ ਸਪੱਸ਼ਟ ਕਰੋ।
3. ਵਾਰਤਕ ਦੇ ਤੱਤਾਂ ਬਾਰੇ ਸੰਖੇਪ ਨੋਟ ਲਿਖੋ।
4. ਵਾਰਤਕ, ਇਕ ਕਲਾ ਕਿਸ ਤਰ੍ਹਾਂ ਹੈ?
5. ਵਾਰਤਕ ਸ਼ੈਲੀ ਤੋਂ ਤੁਸੀਂ ਕੀ ਸਮਝਦੇ ਹੋ?
6. ਸ਼ੈਲੀ ਦੇ, ਪਾਠਕਾਂ ਉੱਤੇ ਕੀ ਪ੍ਰਭਾਵ ਪੈਂਦੇ ਹਨ?
7. ਪੁਰਾਤਨ ਪੰਜਾਬੀ ਵਾਰਤਕ ਦੇ ਕੁੱਝ ਸਾਂਝੇ ਗੁਣ ਦਸੋ।

# ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

ਯੂਨਿਟ-2

ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ**-2**

## 2. ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ2-

2.1 ਪੰਜਾਬੀ ਵਾਰਤਕ ਦਾ ਨਿਕਾਸ

2.1.1 ਜਨਮਸਾਖੀਆਂ

2.1.2 ਪਰਚੀ ਪਰੰਪਰਾ

2.1.3 ਕਥਾ ਪਰੰਪਰਾ

2.1.4 ਪਰਮਾਰਥ ਟੀਕਾ ਪਰੰਪਰਾ

2.1.5 ਗੋਸ਼ਟਿ ਪਰੰਪਰਾ

2.2 ਪੰਜਾਬੀ ਵਾਰਤਕ ਦਾ ਵਿਕਾਸ

2.3 ਆਧੁਨਿਕ ਅਤੇ ਪੁਰਾਤਨ ਪੰਜਾਬੀ ਵਾਰਤਕ ਵਿੱਚ ਅੰਤਰ ਨਿਖੇੜ

# ਆਧੁਨਿਕ ਪੰਜਾਬੀ ਵਾਰਤਕ: ਸਿਧਾਂਤਕ ਪਰਿਪੇਖ2-

ਪਿਆਰੇ ਵਿਦਿਆਰਥੀਓ ! ਪਿੱਛਲੇ ਪਾਠ ਵਿਚ ਅਸੀਂ 'ਵਾਰਤਕ' ਦੀ ਪਰਿਭਾਸ਼ਾ ਨੂੰ ਪਛਾਣਨ ਅਤੇ ਵਾਰਤਕ ਨਾਲ਼ ਜੁੜੇ ਹੋਰ ਤੱਤਾਂ ਬਾਰੇ ਗੱਲਾਂ ਕੀਤੀਆਂ ਹਨ। ਅਸੀਂ ਵਾਰਤਕ ਅਤੇ ਕਵਿਤਾ ਦੇ ਅੰਤਰ ਨੂੰ ਵੀ ਪਛਾਣਿਆ ਹੈ ਅਤੇ ਵਾਰਤਕ ਵਿਚ ਵਿਦਮਾਨ ਸ਼ੈਲੀ ਬਾਰੇ ਵੀ ਚਰਚਾ ਕੀਤੀ ਹੈ। ਹੱਥਲੇ ਪਾਠ ਵਿਚ ਅਸੀਂ ਪੰਜਾਬੀ ਵਾਰਤਕ ਦੇ ਨਿਕਾਸ (ਉਤਪਤੀ) ਅਤੇ ਵਿਕਾਸ ਬਾਰੇ ਚਰਚਾ ਕਰਾਂਗੇ ਅਤੇ ਇਸੇ ਪਾਠ ਦੇ ਅਗਲੇ ਹਿੱਸੇ ਵਿਚ ਮੱਧਕਾਲੀ ਵਾਰਤਕ ਅਤੇ ਆਧੁਨਿਕ ਵਾਰਤਕ ਦੇ ਨਮੂਨਿਆਂ ਨੂੰ ਪਛਾਣਦੇ ਹੋਏ ਉਹਨਾਂ ਦੇ ਅੰਤਰ ਸਮਝਣ ਦਾ ਜਤਨ ਕਰਾਂਗੇ।

2.1 **ਪੰਜਾਬੀ ਵਾਰਤਕ ਦਾ ਨਿਕਾਸ**: ਪੰਜਾਬੀ ਵਾਰਤਕ ਦਾ ਇਤਿਹਾਸ ਬਹੁਤ ਪੁਰਾਣਾ ਨਹੀਂ ਹੈ। ਪੰਜਾਬੀ ਵਿਚ ਇਸ ਨਾਲ਼ ਸੰਬੰਧਿਤ ਸਾਡੇ ਕੋਲ਼ ਕੁੱਝ ਜਨਮਸਾਖੀਆਂ ਹਨ, ਜਿਹਨਾਂ ਦਾ ਸਮਾਂ 15ਵੀਂ, 16ਵੀਂ ਸਦੀ ਮੰਨਿਆ ਜਾ ਸਕਦਾ ਹੈ। ਮੰਨਿਆ ਜਾ ਸਕਦਾ ਹੈ ਅਸੀਂ ਇਹ ਇਸ ਕਰਕੇ ਕਹਿ ਰਹੇ ਹਾਂ, ਕਿਉਂਕਿ ਇਹਨਾਂ ਜਨਮਸਾਖੀਆਂ ਉੱਤੇ ਲਿਖੇ ਜਾਣ ਦਾ ਸੰਨ ਜਾਂ ਸੰਮਤ ਨਹੀਂ ਮਿਲ਼ਦੇ। ਇਹਨਾਂ ਵਿਚੋਂ ਬਹੁਤੀਆਂ ਉੱਤੇ ਤਾਂ ਲਿਖਣ ਵਾਲ਼ੇ ਦਾ ਨਾਂ ਵੀ ਨਹੀਂ ਹੈ। ਇਹ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਕਥਾਵਾਂ ਹਨ। ਜੋ ਸ਼ਰਧਾ ਅਤੇ ਵਿਸ਼ਵਾਸ ਦੀ ਭਾਸ਼ਾ ਵਿਚ ਲਿਖੀਆਂ ਹੋਈਆਂ ਹਨ। ਕੁੱਝ ਕੁ ਵਿਦਵਾਨਾਂ ਨੇ ਗੁਰੂ ਨਾਨਕ ਕਾਲ ਤੋਂ ਪਹਿਲਾਂ ਦੀਆਂ ਗੱਦ ਰਚਨਾਵਾਂ ਦੀ ਖੋਜ ਦੇ ਦਾਅਵੇ ਵੀ ਕੀਤੇ ਹਨ, ਪਰ ਇਨ੍ਹਾਂ ਰਚਨਾਵਾਂ ਦੀ ਪ੍ਰਮਾਣਿਕਤਾ ਅਜੇ ਸਿੱਧ ਨਹੀਂ ਹੋਈ। ਅਸ਼ੀ ਜਨਮਸਾਖੀਆਂ ਤੋਂ ਇਲਾਵਾ ਪਰਚੀ ਪਰੰਪਰਾ, ਕਥਾ ਪਰੰਪਰਾ, ਪਰਮਾਰਥ ਟੀਕਾ ਪਰੰਪਰਾ ਅਤੇ ਗੋਸ਼ਟਿ ਪਰੰਪਰਾ ਸੰਬੰਧੀ ਚਰਚਾ ਕਰਾਂਗੇ:

2.1.1 **ਜਨਮਸਾਖੀਆਂ**: ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਸਾਖੀਆਂ, ਜਿਨ੍ਹਾਂ ਨੂੰ 'ਜਨਮਸਾਖੀਆਂ' ਕਿਹਾ ਜਾਂਦਾ ਹੈ, ਉਹ ਹੀ ਪੰਜਾਬੀ ਦੀ ਵਾਰਤਕ ਦਾ ਪ੍ਰਾਰੰਭਲਾ ਬਿੰਦੂ ਮੰਨਿਆ ਗਿਆ ਹੈ। ਜਨਮਸਾਖੀਆਂ ਵੀ ਸਾਨੂੰ ਪੰਜ ਦੇ ਕਰੀਬ ਮਿਲਦੀਆਂ ਹਨ। ਇਹਨਾਂ ਵਿਚੋਂ 'ਪੁਰਾਤਨ ਜਨਮਸਾਖੀ' ਜਿਹੜੀ ਭਾਈ ਵੀਰ ਸਿੰਘ ਜੀ ਨੇ ਸੰਪਾਦਿਤ ਕੀਤੀ ਹੈ—ਸਭ ਤੋਂ ਪੁਰਾਣੀ ਮੰਨੀ ਜਾਂਦੀ ਹੈ। ਜਨਮਸਾਖੀ ਪੰਜਾਬੀ ਦੀ ਮੁੱਢਲੀ ਅਤੇ ਪ੍ਰਮੁੱਖ ਵਾਰਤਕ ਪਰੰਪਰਾ ਹੈ। ਇਸ ਪਰੰਪਰਾ ਦੇ ਸਾਨੂੰ ਜਿਹੜੇ ਰੂਪ ਮਿਲ਼ਦੇ ਹਨ, ਉਹ ਹੇਠ ਲਿਖਿਆਂ ਅਨੁਸਾਰ ਹਨ :

1. ਪੁਰਾਤਨ ਜਨਮਸਾਖੀ,
2. ਆਦਿ ਸਾਖੀਆਂ,
3. ਮਿਹਰਬਾਨ ਵਾਲ਼ੀ ਜਨਮਸਾਖੀ,
4. ਭਾਈ ਬਾਲੇ ਵਾਲੀ ਜਨਮਸਾਖੀ,
5. ਗਿਆਨ ਰਤਨਾਵਲੀ।

ਇਹਨਾਂ ਤੋਂ ਇਲਾਵਾ ਵਾਰਤਕ ਸਾਨੂੰ ਪ੍ਰਮਾਰਥਾਂ, ਬਚਨਾਂ, ਗੋਸ਼ਟਾਂ, ਹੁਕਮਨਾਮਿਆਂ, ਰਹਿਤਨਾਮਿਆਂ ਅਤੇ ਪਰਚੀਆਂ ਆਦਿ ਦੇ ਰੂਪ ਵਿਚ ਵੀ ਮਿਲ਼ਦੀ ਹੈ। ਇਸ ਵਾਰਤਕ ਦੇ ਪਿੱਛੇ ਕੰਮ ਕਰ ਰਹੇ ਮਾਡਲਾਂ ਨੂੰ ਲੱਭਣਾ ਹੋਵੇ ਤਾਂ ਉਹ ਅਰਬੀ, ਫ਼ਾਰਸੀ ਦੀਆਂ ਲਿਖਤਾਂ ਜਾਂ ਭਾਰਤੀ ਪਰੰਪਰਾ ਵਿਚ ਪਏ ਗ੍ਰੰਥ ਹਨ। ਇਹਨਾਂ ਜਨਮ ਸਾਖੀਆਂ ਦਾ ਜੇ ਅਸੀਂ ਨਜ਼ਦੀਕੀ ਅਧਿਐਨ ਕਰੀਏ ਤਾਂ ਦੇਖਾਂਗੇ ਕਿ ਇਸ ਵਿਚ ਕੰਮ ਕਰਦੇ ਰੂਪ ਜਾਂ ਮਾਡਲ ਬੋਧੀ ਜਾਤਕ ਕਥਾਵਾਂ ਜਾਂ ਹੋਰ ਪਰੰਪਰਕ ਕਥਾਵਾਂ ਵਾਲ਼ੇ ਹੀ ਹਨ। ਇਹ ਸਾਖੀਆਂ ਗੁਰੂ ਜੀ ਨੂੰ ਸਰਬ ਸ਼ਕਤੀਮਾਨ ਸਿੱਧ ਕਰਕੇ ਭਾਰਤੀ ਪਰੰਪਰਾ ਵਿਚ ਟਿਕਾਉਂਦੀਆਂ ਹੈ। ਇਵੇਂ ਹੀ ਇਹ ਜਨਮਸਾਖੀਆਂ ਗੁਰਬਾਣੀ ਦੀ ਸ਼ਕਤੀ ਨੂੰ ਸਥਾਪਿਤ ਕਰਦੀਆਂ ਹਨ। ਇਨ੍ਹਾਂ ਦੇ ਰਚੈਤਾ ਬੜੀ ਨਿਪੁੰਨਤਾ ਨਾਲ਼ ਆਪਣੇ ਮੰਤਵ ਨੂੰ ਪ੍ਰਾਪਤ ਕਰਨ ਵੱਲ ਵੱਧਦੇ ਹਨ। ਕਈ ਵਾਰੀ ਇਹ ਭੁਲੇਖਾ ਪੈਂਦਾ ਹੈ ਕਿ ਜਨਮਸਾਖੀਆਂ ਵਿਚੋਂ ਕਿਸੇ ਤਰੀਕੇ ਇਤਿਹਾਸ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਪਰ ਸੱਚ ਤਾਂ ਇਹ ਹੈ ਕਿ

ਸਾਖੀਕਾਰ ਇਤਿਹਾਸ ਲਿਖਣ ਵੱਲ ਰੁਚਿਤ ਨਹੀਂ, ਉਹ ਸਮੇਂ-ਸਥਾਨ ਨੂੰ ਅੰਕਿਤ ਕਰਨ ਵੱਲ ਰੁਚਿਤ ਨਹੀਂ। ਸਾਖੀਕਾਰਾਂ ਦੀ ਰੁਚੀ ਗੁਰੂ ਨਾਨਕ ਨੂੰ ਭਾਰਤੀ ਧਰਮ ਪਰੰਪਰਾ ਵਿਚ ਦੈਵੀ ਸਥਾਨ ਦਿਵਾਉਣਾ ਹੈ। ਜਿਸ ਵਿਚ ਪ੍ਰਕਿਰਤੀ ਨੂੰ ਜਿੱਤਣ, ਰਾਕਸ਼ਾਂ, ਜਾਦੂਗਰਨੀਆਂ ਨੂੰ ਜਿੱਤਣ; ਧਰਮ ਦੇ ਪੈਰੋਕਾਰਾਂ ਨੂੰ ਜਿੱਤਣ ਦੀ ਸ਼ਕਤੀ ਹੈ। ਇਤਿਹਾਸ ਉਹਨਾਂ ਦੀ ਚਿੰਤਾ ਨਹੀਂ। ਕੁੱਝ ਜਨਮਸਾਖੀਆਂ ਦੇ ਪ੍ਰਾਰੰਭ ਇਹਨਾਂ ਸ਼ਬਦਾਂ ਨਾਲ ਹਨ :

1. ਤਬ ਬਾਬਾ ਜੀ ਉਜਾੜ ਕਉ ਚਲੇ,
2. ਤਬ ਗੁਰੂ ਨਾਨਕ ਫ਼ਕੀਰਾਂ ਨਾਲ ਮਜਲਸਿ ਕਰੈ,
3. ਆਗਿਆ ਪ੍ਰਮੇਸਰ ਕੀ ਹੋਈ, ਜੋ ਕਿਰਤਿ ਕੁਛ ਨਾ ਕਰੈ ਆਦਿ।

ਅਸੀਂ ਦੇਖਦੇ ਹਾਂ ਕਿ ਸਾਖੀ ਰਚੇਤਾ ਸਮੇਂ, ਸਥਾਨ ਨੂੰ ਅੰਕਿਤ ਕਰਨ ਵੱਲ ਰੁਚਿਤ ਨਹੀਂ। ਇਸੇ ਤਰ੍ਹਾਂ ਕੁੱਝ ਕਲਪਿਤ ਕਿਸਮ ਦੇ ਪਾਤਰ ਹਨ, ਜਿਵੇਂ 'ਕਲਯੁਗ' ਆਦਿ। ਜਨਮਸਾਖੀ ਇਤਿਹਾਸ ਨਹੀਂ ਮਿਥਿਹਾਸ ਸਿਰਜਣ ਵੱਲ ਰੁਚਿਤ ਹੈ। ਇਵੇਂ ਗੁਰੂ ਨਾਨਕ ਦੇਵ ਜੀ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਵਾਰਤਕ ਦੇ ਇਹਨਾਂ ਜਤਨਾਂ ਤੋਂ ਇਹ ਗੱਲ ਤਾਂ ਪ੍ਰਪੱਕ ਹੁੰਦੀ ਹੈ ਕਿ ਪੂਰਬ ਨਾਨਕ-ਕਾਲ ਵਿਚ ਵੀ ਵਾਰਤਕ ਰਚਨਾ ਹੁੰਦੀ ਰਹੀ ਹੋਵੇਗੀ। (ਜਿਵੇਂ ਕਿ ਵਿਦਵਾਨ ਦਾਅਵਾ ਕਰਦੇ ਹਨ)। ਪਰ, ਪ੍ਰਮਾਣਾਂ ਦੀ ਕਮੀਂ ਕਾਰਨ ਪੰਜਾਬੀ ਵਾਰਤਕ ਦਾ ਪ੍ਰਾਰੰਭ ਪੁਰਾਤਨ ਜਨਮ ਸਾਖੀ ਨੂੰ ਹੀ ਮੰਨਿਆ ਜਾਣਾ ਪੈਂਦਾ ਹੈ।

ਭਾਈ ਵੀਰ ਸਿੰਘ, ਜਿਹਨਾਂ ਨੇ ਪੁਰਾਤਨ ਜਨਮ ਸਾਖੀ ਦੀ ਸੰਪਾਦਨਾ ਕੀਤੀ ਹੈ, ਅਨੁਸਾਰ ਪੁਰਾਤਨ ਜਨਮਸਾਖੀ ਦਾ ਸਮਾਂ 1635 ਈ. ਮੰਨਿਆ ਗਿਆ ਹੈ। ਆਦਿ ਸਾਖੀਆਂ ਦੇ ਸੰਪਾਦਕ ਡਾ. ਪਿਆਰ ਸਿੰਘ ਨੇ ਇਸ ਜਨਮਸਾਖੀ ਦਾ ਸਮਾਂ ਪੁਰਾਤਨ ਜਨਮਸਾਖੀ ਅਤੇ ਮਿਹਰਬਾਨ ਵਾਲੀ ਜਨਮਸਾਖੀ ਦੇ ਵਿਚਕਾਰ ਦਾ ਮੰਨਿਆ ਹੈ। ਕਿਉਂਕਿ ਆਦਿ ਸਾਖੀਆਂ ਵਿਚ 18 ਸਾਖੀਆਂ ਪੁਰਾਤਨ ਜਨਮ ਸਾਖੀ ਵਾਲ਼ੀ ਪਰੰਪਰਾ ਵਿਚੋਂ ਲਈਆਂ ਗਈਆਂ ਹਨ ਅਤੇ 7 ਸਾਖੀਆਂ ਮਿਹਰਬਾਨ ਵਾਲ਼ੀ ਜਨਮਸਾਖੀ ਤੋਂ ਲਈਆਂ ਗਈਆਂ ਹਨ। ਇਸ ਦਾ ਕਰਤਾ ਜੋਗ ਮੱਤ ਤੋਂ ਪ੍ਰਭਾਵਿਤ ਜਾਪਦਾ ਹੈ। ਭਾਈ ਬਾਲੇ ਵਾਲ਼ੀ ਜਨਮਸਾਖੀ ਵਾਦ-ਵਿਵਾਦ ਦਾ ਵਿਸ਼ਾ ਰਹੀ ਹੈ। ਪੰਜਾਬੀ ਵਾਰਤਕ ਦੇ ਵਿਕਾਸ ਵਿਚ ਜਨਮਸਾਖੀਆਂ ਤੋਂ ਬਾਅਦ ਜਾਂ ਇਸ ਦੇ ਨਾਲ ਹੀ ਪੰਜਾਬੀ ਵਾਰਤਕ ਦਾ ਇਕ ਹੋਰ ਪੱਖ ਪਰਚੀ, ਕਥਾ ਅਤੇ ਪਰਮਾਰਥ ਟੀਕਾ, ਗੋਸ਼ਟਿ ਦਾ ਹੈ। ਇਹ ਜਨਮਸਾਖੀ ਪਰੰਪਰਾ ਦਾ ਹੀ ਅਗਲੇਰਾ ਰੂਪ ਹੈ। ਪਰ ਜਿਵੇਂ ਜਨਮਸਾਖੀਆਂ ਵਿਚ ਇਕ ਨਾਇਕ (ਗੁਰੂ ਨਾਨਕ) ਕੇਂਦਰ ਵਿਚ ਹੁੰਦਾ ਹੈ, ਉੱਥੇ ਇਸ ਸਾਖੀ ਪਰੰਪਰਾ ਵਿਚ ਇਕ ਤੋਂ ਵੱਧ ਨਾਇਕ ਵੀ ਕੇਂਦਰ ਵਿਚ ਹੋ ਸਕਦੇ ਹਨ। ਇਹ ਫ਼ਾਰਸੀ ਦੇ ਇਕ ਵਾਰਤਕ ਰੂਪ ਵਿਚੋਂ ਉਸ ਦੇ ਅਨੁਰੂਪ ਹੋ ਕੇ ਉਪਜਿਆ ਰੂਪ ਹੈ। ਅਜਿਹੀਆਂ ਰਚਨਾਵਾਂ, ਜੋ ਪੰਜਾਬੀ ਵਾਰਤਕ ਦੇ ਇਸ ਮੁੱਢਲੇ ਦੌਰ ਵਿਚ ਮਿਲਦੀਆਂ ਹਨ, ਉਹ ਇਸ ਪ੍ਰਕਾਰ ਹਨ :

(1) ਸੁਖਮਨੀ ਸਹੰਸਰਨਾਮਾ, (2) ਸ੍ਰੀ ਸਤਿਗੁਰੂ ਜੀ ਕੇ ਮੂੰਹੈ ਕੀ ਸਾਖੀਆਂ, (3) ਸਿੱਖਾਂ ਦੀ ਭਗਤਮਾਲਾ, (4) ਸੌ ਸਾਖੀ (ਗੁਰ ਰਤਨਮਾਲ), (5) ਸਾਖੀਆਂ ਭਾਈ ਅੱਡਣ ਸ਼ਾਹ ਜੀ, (6) ਪਰਚੀਆਂ ਭਾਈ ਸੇਵਾ ਦਾਸ।

ਇਹ ਰਚਨਾਵਾਂ ਵਾਰਤਕ ਦੇ ਜਿਹਨਾਂ ਰੂਪਾਂ ਵਿਚ ਮਿਲ਼ਦੀਆਂ ਹਨ, ਉਹਨਾਂ ਦੀ ਵਾਕਫ਼ੀਅਤ ਕਰਾਉਂਦੇ ਹਾਂ:

**2.1.2 ਪਰਚੀ ਪਰੰਪਰਾ :** ਪਰਚੀ ਤੋਂ ਭਾਵ, ਪਰਿਚੈ ਜਾਂ ਜਾਣ-ਪਛਾਣ ਹੈ। ਇਸ ਪਰੰਪਰਾ ਵਿਚ ਕਿਸੇ ਨਾਇਕ ਦੇ ਜੀਵਨ ਨੂੰ ਕੇਂਦਰ ਵਿਚ ਨਾ ਰੱਖ ਕੇ ਕਿਸੇ ਵਿਚਾਰ ਜਾਂ ਸ਼ੰਕੇ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਹੈ। ਕਿਸੇ ਆਮ ਮਨੁੱਖ ਕੋਲੋਂ ਉਸ ਸ਼ੰਕੇ ਦੇ ਨਿਵਾਰਨ ਲਈ ਪ੍ਰਸ਼ਨ ਕੀਤਾ ਜਾਂਦਾ ਹੈ ਅਤੇ ਕੋਈ ਗਿਆਨੀ ਪੁਰਖ ਉਸ ਦਾ ਉੱਤਰ ਦੇ ਕੇ ਸ਼ੰਕਾ ਨਿਵਾਰਨ ਕਰਦਾ ਹੈ। ਇਹ ਆਮ ਜਿਹੀ ਭਾਸ਼ਾ ਵਿਚ ਹੁੰਦਾ ਹੈ।

**2.1.3 ਕਥਾ ਪਰੰਪਰਾ :** ਜਨਮ ਸਾਖੀ, ਅਤੇ ਪਰਚੀ ਪਰੰਪਰਾ ਨਾਲ਼ ਹੀ ਮੇਲ ਖਾਂਦੀ ਇਹ ਪਰੰਪਰਾ ਕਥਾ ਕਰਨ ਵਾਲ਼ੇ ਅਤੇ ਸਰੋਤਾ ਵਿਚਾਲੇ ਸੰਵਾਦ ਦੀ ਵਿਧੀ ਨਾਲ਼ ਚਲਦੀ ਹੈ ਅਤੇ ਕਿਸੇ 'ਸ਼ਬਦ' ਜਾਂ 'ਵਿਚਾਰ' ਨੂੰ ਕਥਾ ਦਾ ਵਿਸ਼ਾ ਬਣਾਉਂਦੀ ਹੈ। ਸੁਖਮਨੀ ਸਹੰਸਰਨਾਮਾ, ਸਾਖੀਆਂ ਅੱਡਣ ਸ਼ਾਹ ਜਾਂ ਸਿੱਖਾਂ ਦੀ ਭਗਤਮਾਲਾ ਇਸ ਪਰੰਪਰਾ ਅਧੀਨ ਰਚਨਾਵਾਂ ਹਨ।

**2.1.4 ਪਰਮਾਰਥ ਟੀਕਾ ਪਰੰਪਰਾ :** 'ਟੀਕਾ' ਤੋਂ ਭਾਵ ਹੈ ਕਿਸੇ ਔਖੇ ਵਿਚਾਰ ਵਾਲ਼ੀ ਰਚਨਾ ਨੂੰ ਆਮ ਲੋਕਾਂ ਲਈ ਸੌਖਾ ਕਰਕੇ ਲਿਖਣਾ। ਤੁਸੀਂ ਜਾਣਦੇ ਹੀ ਹੋ ਕਿ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਗੁਰਬਾਣੀ ਦੇ ਸੂਖ਼ਮ ਵਿਚਾਰਾਂ ਨੂੰ ਸਰਲ ਕਰਕੇ ਦੱਸਦੀਆਂ ਹਨ। ਟੀਕੇ, ਕਵਿਤਾ ਤੋਂ ਕਵਿਤਾ ਵਿਚ ਵੀ ਹੁੰਦੇ ਹਨ ਅਤੇ ਕਵਿਤਾ ਤੋਂ ਵਾਰਤਕ ਵਿਚ ਵੀ। ਇਸ ਖੇਤਰ ਵਿਚ ਨਿਰਮਲੇ ਸੰਤਾਂ ਦੀ ਪਰੰਪਰਾ ਨੇ ਵੀ ਵੱਡਾ ਕੰਮ ਕੀਤਾ ਅਤੇ ਉਦਾਸੀ ਪਰੰਪਰਾ ਦੇ ਸੰਤਾਂ ਨੇ ਵੀ। ਟੀਕਾ ਪਰੰਪਰਾ ਵਿਚ ਪੌਰਾਣਿਕ ਕਥਾਵਾਂ ਦਾ ਬਹੁਤ ਜ਼ਿਕਰ ਹੈ ਕਿਉਂਕਿ ਵਿਦਵਾਨ ਗੁਰਬਾਣੀ ਨੂੰ ਪੰਜਵਾਂ ਵੇਦ ਮੰਨਦੇ ਹਨ। ਭਾਈ ਸੰਤੋਖ ਸਿੰਘ ਅਤੇ ਅਨੰਦ ਘਣ, ਇਸ ਪਰੰਪਰਾ ਦੇ ਵਿਸ਼ੇਸ਼ ਵਿਦਵਾਨ ਹਨ। ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦਾ ਟੀਕਿਆਂ ਵਿਚ ਵਿਸ਼ੇਸ਼ ਸਥਾਨ ਹੈ।

**2.1.5 ਗੋਸ਼ਟਿ ਪਰੰਪਰਾ :** ਗੋਸ਼ਟਿ ਪਰੰਪਰਾ ਦੇ ਅੰਤਰਗਤ ਆਈ ਵਾਰਤਕ ਦੀ ਵਿਧੀ ਗੱਲਬਾਤ ਜਾਂ ਵਾਰਤਾਲਾਪ ਦੀ ਹੈ। ਤਰਕਮਈ ਦਲੀਲਾਂ ਨਾਲ਼ ਦਾਰਸ਼ਨਿਕ ਗੁੰਝਲਾਂ ਦਾ ਹੱਲ ਗੋਸ਼ਟਿ ਪਰੰਪਰਾ ਦੇ ਅੰਤਰਗਤ ਆਇਆ। ਇਸ ਵਿਚ ਗੁਰੂਆਂ ਨਾਲ਼ ਸੰਬੰਧਿਤ ਗੋਸ਼ਟਾਂ, ਭਗਤਾਂ ਨਾਲ ਸੰਬੰਧਤ ਗੋਸ਼ਟਾਂ ਹਨ। ਕੁੱਝ ਗੋਸ਼ਟਾਂ ਹਿੰਦੂ-ਮਿਥਿਹਾਸ ਨਾਲ਼ ਵੀ ਸੰਬੰਧਤ ਹਨ। ਗੋਸ਼ਟਾਂ ਦੀ ਵਿਧੀ ਇਹ ਹੈ ਕਿ ਇਹ ਸਰੋਤਾ ਨੂੰ ਸੰਬੋਧਿਤ ਹਨ, ਪਾਠਕ ਨੂੰ ਨਹੀਂ।

ਉਪਰੋਕਤ ਪਰੰਪਰਾਵਾਂ ਤੋਂ ਇਲਾਵਾ ਕੁੱਝ ਹੋਰ ਵਾਰਤਕ ਪਰੰਪਰਾਵਾਂ ਵੀ, ਪੰਜਾਬੀ ਵਿਚ ਵਾਰਤਕ ਦੀ ਨਿਕਾਸ ਸਥਿਤੀ ਵਿਚ ਮਿਲ਼ਦੀਆਂ ਹਨ। ਇਹਨਾਂ ਵਿਚ 'ਨਾਮੇ' ਭਾਵ ਖ਼ਤ ਜਾਂ ਚਿੱਠੀ ਹਨ। 'ਰਹਿਤਨਾਮੇ' ਅਤੇ 'ਹੁਕਮਨਾਮੇ' ਇਹਨਾਂ ਵਿਚ ਵਿਸ਼ੇਸ਼ ਹਨ। ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਸਿੱਖਾਂ ਦੇ ਨਾਂ ਨਾਲ਼ ਪ੍ਰਚੱਲਤ ਹਨ। ਇਹ ਰਹਿਤਨਾਮੇ, ਆਦਰਸ਼ ਸਿੱਖ ਦੀ ਜੀਵਨ ਜਾਚ ਨਾਲ਼ ਸੰਬੰਧਿਤ ਹਨ। ਇਵੇਂ ਹੀ ਗੁਰੂ ਸਾਹਿਬਾਨ (6ਵੇਂ ਅਤੇ 10ਵੇਂ) ਦੀ ਮੋਹਰ ਹੇਠ ਸਿੱਖ ਸੰਗਤਾਂ ਨੂੰ ਭੇਜੇ ਗਏ ਸੰਦੇਸ਼ 'ਹੁਕਮਨਾਮਾ' ਪਰੰਪਰਾ ਹੇਠ ਪ੍ਰਚੱਲਤ ਹਨ। ਜੇ ਸੰਖੇਪ ਵਿਚ ਸਮਝੀਏ ਤਾਂ ਪੰਜਾਬੀ ਵਾਰਤਕ ਦਾ ਪ੍ਰਾਰੰਭ 16ਵੀਂ ਸਦੀ ਤੋਂ ਹੁੰਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਪੁਰਸ਼ ਦਾ ਪ੍ਰਭਾਵ ਸਾਰੇ ਧਰਮਾਂ ਅਤੇ ਮੱਤਾਂ ਉੱਤੇ ਪਿਆ। ਹਿੰਦੂ ਅਤੇ ਮੁਸਲਮਾਨ ਦੋਹਾਂ ਨੇ ਇਹਨਾਂ ਨੂੰ ਸਵੀਕਾਰਿਆ। ਇਹ ਸ਼ਖ਼ਸੀਅਤ, ਆਮ ਲੋਕਾਂ ਦੇ ਹਿਰਦਿਆਂ ਵਿਚ ਵੱਸੀ ਅਤੇ ਇਸ ਨਾਲ਼ ਸੰਬੰਧਿਤ ਜਨਮ ਸਾਖੀ ਨਾਲ ਸਾਹਿਤ ਦਾ ਮੁੱਢ ਬੱਝਾ। ਇਸ ਨਾਲ਼ ਸੰਬੰਧਿਤ ਪੰਜ ਜਨਮ ਸਾਖੀਆਂ ਮਿਲ਼ਦੀਆਂ ਹਨ। ਇਸ ਤੋਂ ਇਲਾਵਾ ਸੁਖਮਨੀ ਸਹੰਸਰਨਾਮਾ, ਸਿੱਖਾਂ ਦੀ ਭਗਤਮਾਲਾ, ਸਤਿਗੁਰੂ ਜੀ ਕੇ ਮੂੰਹੇ ਕੀਆਂ ਸਾਖੀਆਂ, ਸੌ ਸਾਖੀ, ਪਰਚੀਆਂ ਭਾਈ ਸੇਵਾ ਦਾਸ ਆਦਿ ਵਾਰਤਕ ਰਚਨਾਵਾਂ ਦੇ ਨਮੂਨੇ ਹਨ। ਇਹਨਾਂ ਤੋਂ ਇਲਾਵਾ ਗੋਸ਼ਟਾਂ ਅਤੇ ਬਚਨ ਹਨ। 'ਨਾਮਾ ਸਾਹਿਤ' ਵੀ ਇਸ ਦੌਰ ਦਾ ਮਹੱਤਵਪੂਰਨ ਵਾਰਤਕ ਰੂਪ ਹੈ। ਪੰਜਾਬੀ ਵਾਰਤਕ ਨੇ ਨਿਕਾਸ ਕਰਕੇ ਇਸ ਖੇਤਰ ਵਿਚ ਜਿਹੜੇ ਇਹ ਮੁੱਢਲੇ ਕਦਮ ਪੁੱਟੇ ਇਹ ਬਹੁਤ ਮਹੱਤਵਪੂਰਨ ਹਨ। ਇਸ ਵਾਰਤਕ ਦੀਆਂ ਆਪਣੀਆਂ ਖ਼ੂਬੀਆਂ ਹਨ। ਇਸ ਦਾ ਨਾਇਕ ਕੇਂਦਰਿਤ ਹੋਣਾ, ਉਪਦੇਸ਼ਾਤਮਕ ਹੋਣਾ, ਗਲਪ ਤੱਤਾਂ ਵਾਲ਼ੀ ਹੋਣਾ ਜਾਂ ਕਾਵਿਕ ਗੁਣਾਂ ਵਾਲ਼ੀ ਹੋਣਾ। ਮੁੱਢਲੀ ਵਾਰਤਕ ਵਿਚ ਤਰਕਸ਼ੀਲਤਾ ਦੀ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਸ਼ਰਧਾ ਮੂਲਕ ਹੀ ਹੈ ਕਿਉਂਕਿ ਇਸ ਦੀ ਵਸਤੂ ਹੀ ਭਾਵਨਾ ਭਰੀ ਹੈ। ਇਸ ਵਿਚ ਬੌਧਿਕਤਾ ਦਾ ਸਥਾਨ ਬੜਾ ਘੱਟ ਹੈ। ਤਾਂ ਵੀ ਇਸ ਮੁੱਢਲੀ ਵਾਰਤਕ ਨੇ ਪੰਜਾਬੀ ਵਾਰਤਕ ਦਾ ਠੁੱਕ ਤਾਂ ਬੰਨ੍ਹ ਹੀ ਦਿੱਤਾ ਹੈ।

ਵਿਦਿਆਰਥੀਓ! ਉੱਪਰ ਜਿਸ ਪੰਜਾਬੀ ਵਾਰਤਕ ਦੇ ਨਿਕਾਸ ਦੀ ਗੱਲ ਕੀਤੀ ਗਈ ਹੈ, ਇਸ ਦਾ ਸਮਾਂ ਮੁਗ਼ਲ ਕਾਲ ਦਾ ਮੁੱਢਲਾ ਦੌਰ ਸੀ। ਤੁਸੀਂ ਸੁਣਿਆ ਹੀ ਹੋਇਆ ਹੋਵੇਗਾ ਕਿ ਬਾਬਰ ਨੇ ਹਿੰਦੁਸਤਾਨ ਉੱਤੇ ਹਮਲਾ ਕਰਕੇ, ਆਪਣਾ ਰਾਜ ਸਥਾਪਤ ਕੀਤਾ। ਇਥੋਂ ਦੇ ਗਰੀਬਾਂ ਤੇ ਮਜ਼ਲੂਮਾਂ ਉੱਤੇ ਬੜਾ ਜ਼ੁਲਮ ਹੋਇਆ। ਇੱਥੋਂ ਤੱਕ ਕਿ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਆਪਣੇ ਕੈਦਖ਼ਾਨੇ ਵਿਚ ਬੰਦ ਕਰ ਦਿੱਤਾ। ਇਹ ਕਾਲ ਜਿੱਥੇ ਮੁਗਲ ਕਾਲ ਦਾ ਪ੍ਰਾਰੰਭ ਸੀ, ਉੱਥੇ ਹੀ ਗੁਰੂ ਨਾਨਕ ਦੇਵ ਜੀ ਦਾ ਰਚਨਾ ਕਾਲ ਵੀ ਸੀ। ਗੁਰੂ ਨਾਨਕ ਦੇਵ ਜੀ ਰਚਿਤ ਬਾਬਰਵਾਣੀ ਦਾ ਜ਼ਿਕਰ ਵੀ ਤੁਸੀਂ ਸੁਣਿਆ ਹੋਵੇਗਾ। ਇਹੋ ਕਾਲ ਪੰਜਾਬੀ ਦੀ ਵਾਰਤਕ ਦੀ ਉਤਪਤੀ ਦਾ ਕਾਲ ਵੀ ਹੈ। ਇਸ ਮੁੱਢਲੀ ਪੰਜਾਬੀ ਵਾਰਤਕ ਦੀ ਭਾਸ਼ਾ ਸ਼ੁੱਧ ਪੰਜਾਬੀ ਤਾਂ ਨਹੀਂ। ਇਸ ਵਿਚ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦੇ ਸ਼ਬਦ ਅਤੇ ਕਿਸੇ ਹੱਦ ਤੱਕ ਵਾਕ ਬਣਤਰ ਵੀ ਓਹੀ ਦੇਖੀ ਜਾ ਸਕਦੀ ਹੈ। ਇਸ ਭਾਸ਼ਾ ਉੱਤੇ ਲਹਿੰਦੀ ਪੰਜਾਬੀ ਭਾਸ਼ਾ ਦਾ ਵੀ ਬਹੁਤ ਪ੍ਰਭਾਵ ਹੈ, ਭਾਵ ਉਸ ਪੰਜਾਬ ਦੀ ਬੋਲੀ ਦਾ ਜਿਹੜਾ ਪੰਜਾਬ ਦਾ ਹਿੱਸਾ ਹੁਣ ਪਾਕਿਸਤਾਨ ਵਿਚ ਚਲਾ ਗਿਆ ਹੈ। ਪਰ ਇਸ ਤੋਂ ਬਾਅਦ ਦੀ ਪੰਜਾਬੀ ਵਾਰਤਕ ਨੇ ਬਹੁਤ ਵਿਕਾਸ ਕੀਤਾ। ਪਿੱਛਲੇਰੇ ਮੁਗਲ ਕਾਲ ਤੱਕ ਪਹੁੰਚਦੇ-ਪਹੁੰਚਦੇ ਭਾਵ 1700 ਈ. ਤੱਕ ਪਹੁੰਚ ਕੇ ਪੰਜਾਬੀ ਵਾਰਤਕ ਦਾ ਸਰੂਪ ਕਾਫੀ ਹੱਦ ਤੱਕ ਬਦਲ ਗਿਆ ਅਤੇ ਉਸ ਵਿਚ ਕਈ ਵਿਸ਼ਿਆਂ ਨਾਲ ਸੰਬੰਧਤ ਵਾਰਤਕ ਲਿਖੀ ਗਈ। ਉਸ ਦੇ ਸ਼ਬਦਾਂ, ਵਾਕਾਂ ਦਾ ਵੀ ਨਵਾਂ ਠੁੱਕ ਬੱਝਾ ਅਤੇ ਉਸ ਦੀ ਭਾਸ਼ਾ ਲਹਿੰਦੀ ਦੀ ਬਜਾਏ ਕੇਂਦਰੀ ਪੰਜਾਬੀ ਵੱਲ ਮੁੜਨ ਲੱਗੀ। 1700 ਈ. ਤੋਂ ਬਾਅਦ ਤਾਂ ਪੰਜਾਬੀ ਵਾਰਤਕ ਨੇ ਅਗਾਂਹ ਤੋਂ ਅਗਾਂਹ ਪੁਲਾਂਘਾਂ ਪੁੱਟੀਆਂ।

**2.2 ਪੰਜਾਬੀ ਵਾਰਤਕ ਦਾ ਵਿਕਾਸ:** ਹੁਣ ਅਸੀਂ ਪੰਜਾਬੀ ਵਾਰਤਕ ਦੇ ਇਸ ਵਿਕਾਸ ਬਾਰੇ ਚਰਚਾ ਕਰਾਂਗੇ। ਪੰਜਾਬੀ ਵਾਰਤਕ 1708 ਤੋਂ 1800 ਈ. ਤੱਕ ਨਿਰੰਤਰ ਵਿਕਾਸ ਕਰਦੀ ਰਹੀ। ਇਹ ਸਮਾਂ ਹਾਲਾਂਕਿ ਰਾਜਨੀਤਕ ਉੱਥਲ-ਪੁੱਥਲ ਦਾ ਸੀ। ਮੁਗਲ ਰਾਜ ਵੀ ਢਹਿੰਦੀ ਸਥਿਤੀ ਵਿਚ ਸੀ ਅਤੇ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਵੀ ਜੋਤੀ ਜੋਤ ਸਮਾ ਗਏ ਸਨ। ਪਰ ਤਾਂ ਵੀ ਪੰਜਾਬੀ ਵਾਰਤਕ ਵਿਚ ਪੁਰਾਣੇ ਰੂਪ ਵੀ ਲਿਖੇ ਜਾਂਦੇ ਰਹੇ ਅਤੇ ਨਵੇਂ ਵਾਰਤਕ ਰੂਪ ਵੀ ਸਾਹਮਣੇ ਆਏ। ਵਾਰਤਕ ਦਾ ਬਹੁਪੱਖੀ ਵਿਕਾਸ ਹੋਇਆ। ਅਨੁਵਾਦਾਂ ਵਿਚ ਫ਼ਾਰਸੀ ਦੀਆਂ ਕਈ ਪੁਸਤਕਾਂ ਦੇ ਅਨੁਵਾਦ ਹੋਏ ਅਤੇ ਟੀਕਾ ਪਰੰਪਰਾ ਵੀ ਚਲਦੀ ਰਹੀ। ਜਨਮ ਸਾਖੀ ਪਰੰਪਰਾ ਵੀ ਜਾਰੀ ਰਹੀ। ਜਿਸ ਵਿਚ ਭਾਈ ਮਨੀ ਸਿੰਘ ਨੇ ਜਨਮ ਸਾਖੀ ਲਿਖੀ। ਗੁਰੂ ਗੋਬਿੰਦ ਸਿੰਘ ਦੇ ਨਜ਼ਦੀਕੀ ਸਿੱਖ ਭਾਈ ਮਨੀ ਸਿੰਘ ਨੇ ਸਿੱਖਾਂ ਦੀ 'ਭਗਤਮਾਲਾ' ਵੀ ਲਿਖੀ, ਜਿਸ ਨੂੰ ਉੱਤਮ ਰਚਨਾ ਮੰਨਿਆ ਜਾਂਦਾ ਹੈ। ਦਸ ਦੇ ਕਰੀਬ ਰਚਨਾਵਾਂ ਸੇਵਾ ਪੰਥੀਆਂ ਦੁਆਰਾ ਰਚੀਆਂ ਗਈਆਂ। ਇਕ ਹੋਰ ਲੇਖਕ ਸਾਧੂ ਸਦਾ ਨੰਦ ਨੇ ਵੀ ਨੌਂ ਦੇ ਕਰੀਬ ਪੁਸਤਕਾਂ ਰਚੀਆਂ। ਪੰਜਾਬੀ ਵਾਰਤਕ ਦੇ ਨਿਕਾਸ ਬਾਰੇ ਚਰਚਾ ਕਰਦਿਆਂ, ਅਸੀਂ ਕੁੱਝ ਸ਼ੰਕਿਆਂ ਵੱਲ ਸੰਕੇਤ ਕੀਤੇ ਸੀ, ਜਿਵੇਂ ਜਨਮ ਸਾਖੀਆਂ ਵਿਚ ਭਾਈ ਬਾਲੇ ਦੇ ਪਾਤਰ ਬਾਰੇ ਜਾਂ ਸੌ ਸਾਖੀ ਦੇ ਕਰਤਾ ਬਾਰੇ ਜਾਂ ਭਾਈ ਮਨੀ ਸਿੰਘ ਦੇ ਨਾਂ 'ਤੇ ਲਿਖੀਆਂ ਹੋਰ ਰਚਨਾਵਾਂ ਦੀ ਪ੍ਰਮਾਣਿਕਤਾ ਬਾਰੇ, ਆਦਿ। ਪਰ ਇਸ ਕਾਲ ਵਿਚਲੇ ਲੇਖਕਾਂ ਵਿਚੋਂ ਦੋ-ਤਿੰਨ ਦੀ ਪ੍ਰਮਾਣਿਕਤਾ ਬਾਰੇ ਕੋਈ ਸ਼ੰਕੇ ਨਹੀਂ, ਜਿਵੇਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਦੀਆਂ ਕੁੱਝ ਰਚਨਾਵਾਂ ਅਤੇ ਅੱਡਣ ਸ਼ਾਹ ਦੀਆਂ ਰਚਨਾਵਾਂ। ਇਹ ਵਾਰਤਕਕਾਰ ਇਸ ਸਮੇਂ ਦੇ ਪ੍ਰਮੁੱਖ ਵਾਰਤਕਕਾਰ ਹਨ। ਬਾਕੀ ਲੇਖਕਾਂ ਬਾਰੇ ਪ੍ਰਮਾਣਿਕਤਾ ਨਾਲ਼ ਕੁਝ ਨਹੀਂ ਕਿਹਾ ਜਾ ਸਕਦਾ।

1800 ਈ. ਤੋਂ ਬਾਅਦ ਲਗਭਗ 50 ਸਾਲ, ਭਾਵ 1850 ਤੱਕ ਦੇ ਵਰ੍ਹੇ ਵੀ ਰਾਜਨੀਤਕ ਤੌਰ 'ਤੇ ਬੜੇ ਅਹਿਮ ਸਨ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਉੱਤੇ ਰਾਜ ਸੀ ਅਤੇ ਮਾਹੌਲ ਸਥਿਰ ਅਤੇ ਸ਼ਾਂਤ ਸੀ। ਪੰਜਾਬੀ ਵਾਰਤਕ ਵਿਚ ਇਸ ਸਮੇਂ ਪੁਰਾਣੀਆਂ ਪਰੰਪਰਾਵਾਂ ਤਾਂ ਜਾਰੀ ਰਹੀਆਂ ਹੀ ਅਤੇ ਇਸ ਦੇ ਨਾਲ਼ ਹੀ ਪੰਜਾਬੀ ਵਿਹਾਰਕ ਜੀਵਨ ਦੇ ਗਿਆਨ ਲਈ ਵੀ ਇਸਤੇਮਾਲ ਹੋਣ ਲੱਗੀ। ਈਸਾਈ ਪਾਦਰੀਆਂ ਨੇ ਵੀ ਵਾਰਤਕ ਲਿਖਵਾਉਣ ਦੇ ਤਰੀਕੇ ਲੱਭੇ। ਅੰਜੀਲ ਦੇ ਅਨੁਵਾਦ ਕਰਾਏ ਗਏ। ਪੰਜਾਬੀ ਅਤੇ ਵਿਆਕਰਨ ਦੀ ਰਚਨਾ ਹੋਈ। ਭਗਵਤ ਗੀਤਾ ਦਾ ਅਨੁਵਾਦ ਹੋਇਆ। ਇਸ ਸਮੇਂ 'ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਰਚਨਾ ਭਾਈ ਸੰਤੋਖ ਸਿੰਘ ਨੇ ਕੀਤੀ ਅਤੇ ਗੁਲਾਬ ਦਾਸ ਦੁਆਰਾ 'ਗੀਤਾ ਸਾਰ' ਨਾਮ ਦਾ ਗ੍ਰੰਥ ਸਾਹਮਣੇ ਆਇਆ। ਇਸ ਕਾਲ ਦੀ ਸਭ ਤੋਂ ਵੱਡੀ ਚਰਚਾ ਇਸੇ ਕਰਕੇ ਹੈ ਕਿ ਇਸ ਕਾਲ ਵਿਚ

ਈਸਾਈ ਪ੍ਰਚਾਰਕਾਂ ਨੇ ਪੰਜਾਬੀ ਵਿਚ ਰੁਚੀ ਲੈਣੀ ਸ਼ੁਰੂ ਕੀਤੀ। ਉਨ੍ਹਾਂ ਦਾ ਮਕ਼ਸਦ ਆਪਣੇ ਧਰਮ ਦਾ ਪ੍ਰਚਾਰ ਕਰਨਾ ਸੀ, ਪਰ ਇਸ ਕਾਰਨ ਉਹਨਾਂ ਨੇ ਪੰਜਾਬੀ ਵਿਚ ਬੜਾ ਕੰਮ ਕੀਤਾ। ਈਸਾਈਅਤ ਦੀਆਂ ਪੁਸਤਕਾਂ ਦਾ ਅਨੁਵਾਦ ਪੰਜਾਬੀ ਵਿਚ ਕਰਵਾਇਆ। ਇਹਨਾਂ ਸਭ ਕੁੱਝ ਦੇ ਨਾਲ਼ ਹੀ ਇਸ ਕਾਲ ਤੋਂ ਬਾਅਦ ਵਾਲ਼ੀ ਵਾਰਤਕ ਦੇ ਮੁੱਖ ਵਿਸ਼ੇ ਕੇਵਲ ਧਰਮ ਨਾ ਹੋ ਕੇ, ਸੰਸਕ੍ਰਿਤ ਅਤੇ ਸਮਾਜਕ ਸੁਧਾਰ ਬਣੇ। ਇਸ ਨਵੇਂ ਤਰੀਕੇ ਦੀਆਂ ਲਿਖਤਾਂ ਵਿਚ ਸ਼ਰਧਾ ਰਾਮ ਫਲੌਰੀ ਦਾ ਨਾਂ ਖ਼ਾਸ ਅਹਿਮੀਅਤ ਰੱਖਦਾ ਹੈ, ਜਿਸ ਨੇ ਦੋ ਪੁਸਤਕਾਂ (1) ਸਿੱਖਾਂ ਦੇ ਰਾਜ ਦੀ ਵਿਥਿਆ ਅਤੇ (2) ਪੰਜਾਬੀ ਬਾਤਚੀਤ ਲਿਖੀ। ਇਹ ਪੁਸਤਕਾਂ ਉਸ ਕੋਲੋਂ ਲਿਖਵਾਈਆਂ ਗਈਆਂ, ਜਿਸ ਦਾ ਮੰਤਵ ਸੀ ਕਿ ਜਿਹੜੇ ਅੰਗਰੇਜ਼ ਅਫ਼ਸਰ ਪੰਜਾਬ ਵਿਚ ਤੈਨਾਤ ਹੁੰਦੇ, ਉਹਨਾਂ ਨੂੰ ਪੰਜਾਬੀ ਸਿਖਾਈ ਜਾ ਸਕੇ। 'ਪੰਜਾਬੀ ਬਾਤਚੀਤ' ਰਚਨਾ ਵਿਚੋਂ, ਉਦਾਹਰਨ ਦੇਖੋ :

> "ਜਾਂ ਸਈਅਦ ਜਾਦੇ ਲੈ ਕੇ ਤੁਰੇ, ਤਾਂ ਦੋ ਤਿੰਨ ਮਰਾਸੀ ਬੀ ਪਿੰਡ ਵਿਚ ਪੱਠੇ ਉਗਰਾਹੁਣ ਆ ਨਿਕਲੇ। ਆਉਂਦਿਆਂ ਨੇ ਹੀ ਪਹਿਲਾਂ ਪਿੰਡ ਦੇ ਲੰਬਰਦਾਰਾਂ ਨੂੰ ਇਸ ਤਰ੍ਹਾਂ ਦੁਆ ਦਿੱਤੀ ਕਿ 'ਅੱਲ੍ਹ ਖੈਰ, ਅੱਲ੍ਹਾ ਖੈਰ, ਦਰਗਾਹੋਂ ਪੀਰਾਂ ਦੀਆਂ ਰੱਖਾਂ। ਅੱਲ੍ਹਾ ਚੌਧਰੀਆਂ ਦੇ ਮਨਸਬ ਬਲੰਦ, ਸਰਵਰ ਸਰਦਾਰੀ ਨੂੰ ਕਾਇਮ ਰਖੇ'।"

ਇਹਨਾਂ ਤੋਂ ਇਲਾਵਾ ਪੰਜਾਬੀ ਵਾਰਤਕ ਵਿਚ ਡਾ. ਚਰਨ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ, ਬਿਹਾਰੀ ਲਾਲ ਪੁਰੀ ਵਰਗੇ ਲੇਖਕਾਂ ਨੇ ਉਸ ਸਮੇਂ ਦੇ ਵਿਸ਼ਿਆਂ ਬਾਰੇ ਵਾਰਤਕ ਲਿਖੀ।

ਵਿਦਿਆਰਥੀਓ ! ਅਸੀਂ ਵਾਰਤਕ ਦੀ ਇਹਿਤਾਸਕ ਗਤੀ ਵਿਚੋਂ ਲੰਘਦਿਆਂ ਦੇਖ ਰਹੇ ਸਾਂ ਕਿ ਪੰਜਾਬੀ ਵਾਰਤਕ ਦਾ ਵਿਕਾਸ ਹਰ ਵਕਤ ਦੀਆਂ ਲੋੜਾਂ ਅਨੁਸਾਰੀ ਹੁੰਦਾ ਰਿਹਾ। ਜੇ ਧਰਮ ਪ੍ਰਚਾਰ ਦੀ ਲੋੜ ਸੀ ਅਤੇ ਜੇ ਸਮਾਜ ਸੁਧਾਰ ਦੀ ਲੋੜ ਸੀ ਤਾਂ ਵੱਖ-ਵੱਖ ਗੁੱਟਾਂ ਨੇ ਆਪਣੇ ਮੰਤਵ ਨੂੰ ਮੁੱਖ ਰੱਖ ਕੇ ਵੀ ਵਾਰਤਕ ਰਚੀ। ਜਿਵੇਂ ਅਸੀਂ ਦੇਖਿਆ ਕਿ ਈਸਾਈ ਮਿਸ਼ਨਰੀਆਂ ਦੇ ਆਪਣੇ ਮੰਤਵ ਸਨ ਅਤੇ ਸਿੱਖ ਪ੍ਰਚਾਰਕਾਂ ਜਾਂ ਸਮਾਜ ਸੁਧਾਰਕਾਂ ਦੇ ਆਪਣੇ। ਇੱਥੋਂ ਤੱਕ ਪੰਜਾਬੀ ਵਾਰਤਕ ਕਿਸੇ ਨਾ ਕਿਸੇ ਸੋਚ ਜਾਂ ਮੰਤਵ ਦੀ ਵਲਗਣ ਵਿਚ ਰਹਿ ਕੇ ਲਿਖੀ ਜਾਂਦੀ ਰਹੀ। ਇਸ ਉਪਰੰਤ ਵੀਹਵੀਂ ਸਦੀ ਵਿਚ ਪੰਜਾਬੀ ਵਾਰਤਕ ਨੇ ਬਹੁ-ਦਿਸ਼ਾਵੀ ਵਿਕਾਸ ਕੀਤਾ। ਇਸ ਸਦੀ ਦੇ ਪਹਿਲੇ ਦੋ-ਤਿੰਨ ਦਹਾਕੇ ਜਿਹਨਾਂ ਵਿਚ ਪੰਜਾਬੀ ਵਾਰਤਕ ਪੁਰਾਣੇ ਵਰਗੀ ਹੀ ਲੱਗਦੀ ਹੈ ਪਰ ਇਸ ਦਾ ਆਕਾਰ ਕਾਫੀ ਹੱਦ ਤੱਕ ਵੱਧ ਗਿਆ। ਪ੍ਰਿੰਟਿੰਗ ਪ੍ਰੈੱਸ ਜਾਂ ਛਾਪੇਖ਼ਾਨੇ ਨੇ ਇਹ ਤਬਦੀਲੀ ਲਿਆਂਦੀ। ਗੁਰਬਾਣੀ ਵਿਚਾਰਾਂ ਜਾਂ ਸਿੱਖ ਧਰਮ ਦਾ ਇਤਿਹਾਸ ਆਦਿ ਨੂੰ ਟਰੈਕਟਾਂ ਦੀ ਸ਼ਕਲ ਵਿਚ ਛਾਪ ਕੇ, ਧਰਮ ਵਿਚ ਆਉਂਦੀ ਗਿਰਾਵਟ ਵਿਰੁੱਧ ਖੜ੍ਹੇ ਹੋਣ ਦਾ ਕੰਮ, ਵੀਹਵੀਂ ਸਦੀ ਦੀ ਮੁੱਢਲੀ ਵਾਰਤਕ ਕਰਦੀ ਰਹੀ।

ਦੇਸ਼ ਦੀ ਅਜ਼ਾਦੀ (1947) ਤੋਂ ਪਹਿਲਾਂ ਪਹਿਲਾਂ ਪੰਜਾਬੀ ਵਾਰਤਕ ਵਿਚ ਨਿਬੰਧਕਾਰੀ ਹੋਣ ਲੱਗੀ। ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਾਵਾ ਬੁੱਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋ. ਸਾਹਿਬ ਸਿੰਘ ਆਦਿ ਕੁੱਝ ਚੋਣਵੇਂ ਨਾਮ ਹਨ। ਇਹਨਾਂ ਤੋਂ ਇਲਾਵਾ ਪੱਤਰਕਾਰੀ ਰਾਹੀਂ ਵੀ ਪੰਜਾਬੀ ਵਾਰਤਕ ਵਿਚ ਨਿਖ਼ਾਰ ਆਇਆ। ਇਹੋ ਨਹੀਂ, ਕਈ ਵਾਰਤਕ ਰੂਪ ਵੀ ਸਾਹਮਣੇ ਆਏ, ਜਿਵੇਂ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ ਆਦਿ।

ਪੱਛਮੀ ਗਿਆਨ ਦੇ ਪੰਜਾਬੀ ਵਾਰਤਕ ਵਿਚ ਪ੍ਰਵੇਸ਼ ਕਰਨ ਨਾਲ਼ ਪ੍ਰਗਤੀਵਾਦ, ਯਥਾਰਥਵਾਦ, ਸਮਾਜਵਾਦ ਅਤੇ ਮਨੋਵਿਗਿਆਨ ਆਦਿ ਨਾਲ਼ ਪੰਜਾਬੀ ਵਾਰਤਕ ਵਿਚ ਕਈ ਰੰਗ ਉੱਭਰੇ। 1947 ਤੋਂ ਬਾਅਦ ਅਤੇ ਵਿਸ਼ੇਸ਼ ਤੌਰ 'ਤੇ 1965-66 ਤੋਂ ਬਾਅਦ (ਦੇਸ਼ ਦੀ ਵੰਡ ਦੇ ਵਰ੍ਹੇ ਅਤੇ ਪੰਜਾਬ ਦੇ ਇਕ ਸੂਬੇ ਦੇ ਤੌਰ 'ਤੇ ਬਣ ਜਾਣ ਦੇ ਵਰ੍ਹੇ) ਪੰਜਾਬੀ ਵਾਰਤਕ ਵਿਚ ਕਈ ਤਰ੍ਹਾਂ ਦੀਆਂ ਸ਼ੈਲੀਆਂ ਵਿਕਸਿਤ ਹੋਈਆਂ। ਨਿਬੰਧਕਾਰੀ, ਪੱਤਰਕਾਰਤਾ ਆਦਿ ਵਿਚ ਪੁਖ਼ਤਾ ਸੋਚ ਅਤੇ ਵਿਗਿਆਨਕ ਦਲੀਲ ਨੇ ਆਪਣੀ ਜਗ੍ਹਾ ਬਣਾਈ ਅਤੇ ਪੰਜਾਬੀ ਵਾਰਤਕ ਦਾ ਸਥਾਨ ਸਾਹਿਤ ਦੇ ਹੋਰ ਰੂਪਾਕਾਰਾਂ ਵਾਂਗ ਹੀ ਸਨਮਾਨਜਨਕ ਬਣ ਗਿਆ। ਯੂਨੀਵਰਸਿਟੀਆਂ ਅਤੇ ਅਕਾਦਮੀਆਂ ਦੇ ਸਮਾਨੰਤਰ ਖੜ੍ਹਾ ਕਰ ਦਿੱਤਾ। ਬਹੁਤ ਵੱਡੀ ਗਿਣਤੀ ਵਿਚ ਜੀਵਨੀਆਂ, ਸਵੈ-ਜੀਵਨੀਆਂ, ਸੰਸਮਰਣ, ਆਲੋਚਨਾ, ਰੇਖਾ-ਚਿੱਤਰ, ਸਫ਼ਰਨਾਮੇ, ਨਿਬੰਧ, ਲਲਿਤ

ਨਿਬੰਧ ਆਦਿ ਸਾਹਮਣੇ ਆਏ। ਨਿਕਾਸ ਵੇਲੇ ਇਕ ਛੋਟੇ ਜਿਹੇ ਚਸ਼ਮੇ ਵਾਂਗ ਫੁੱਟੀ ਪੰਜਾਬੀ ਵਾਰਤਕ ਨੇ ਵਿਕਸਤ ਹੋ ਕੇ ਠਾਠਾਂ ਮਾਰਦੇ ਦਰਿਆ ਦੀ ਸ਼ਕਲ ਲੈ ਲਈ। ਵਾਰਤਕ ਦੇ ਵਿਕਸਤ ਹੋਣ ਨਾਲ਼ ਭਾਸ਼ਾ ਵੀ ਵਿਕਾਸ ਕਰ ਜਾਂਦੀ ਹੈ। ਇਸ ਵਿਚ ਨਵੀਂ ਸ਼ਬਦਾਵਲੀ ਨਵੇਂ ਪ੍ਰਗਟਾਵੇ ਨਾਲ਼ ਕੰਮ ਕਰਦੀ ਨਜ਼ਰ ਆਉਂਦੀ ਹੈ। ਪੰਜਾਬੀ ਵਾਰਤਕ ਦਾ ਪਾਠਕ ਅੰਤਰਰਾਸ਼ਟਰੀ ਸੋਚ ਦੇ ਹਾਣ ਦਾ ਬਣਦਾ ਹੈ। ਅਸੀਂ ਉਪਰ ਯੂਨੀਵਰਸਿਟੀ ਸਤਰ ਉੱਤੇ ਹੋ ਰਹੀ ਪੰਜਾਬੀ ਭਾਸ਼ਾ ਦੀ ਪੜ੍ਹਾਈ ਦਾ ਜ਼ਿਕਰ ਕੀਤਾ ਸੀ। ਇਸ ਤਰ੍ਹਾਂ ਦੀਆਂ ਲੋੜਾਂ ਵੀ ਪੰਜਾਬੀ ਲਈ ਵੰਗਾਰ ਬਣ ਕੇ ਆਉਂਦੀਆਂ ਹਨ ਅਤੇ ਨਵੇਂ ਗਿਆਨ-ਵਿਗਿਆਨ ਦੇ ਹਾਣ ਦਾ ਹੋਣ ਲਈ ਭਾਸ਼ਾ ਦੇ ਅੰਦਰ ਵਿਕਾਸ ਦੀ ਗਤੀ ਤੇਜ਼ ਹੁੰਦੀ ਹੈ। ਭਾਸ਼ਾ ਬੋਲ-ਚਾਲ ਤੱਕ ਸੀਮਿਤ ਨਾ ਰਹਿ ਕੇ ਲਿਖਤ ਸੰਸਕ੍ਰਿਤੀ ਵਿਚ ਪ੍ਰਵੇਸ਼ ਕਰ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿਚ ਵਾਰਤਕ ਨੂੰ ਅਗਵਾਈ ਕਰਨੀ ਪੈਂਦੀ ਹੈ।

ਪੰਜਾਬੀ ਵਾਰਤਕ ਅੱਜ ਉਸ ਸਥਿਤੀ ਵਿਚ ਹੈ ਕਿ ਇਹ ਹਰ ਰੋਜ਼ ਨਵੇਂ ਚੈਲੰਜਾਂ ਦਾ ਸਾਹਮਣਾ ਕਰਦੀ ਹੈ। ਨਵੇਂ ਵਿਸ਼ਿਆਂ, ਨਵੀਂ ਖੋਜ ਅਤੇ ਨਵੀਂ ਤਕਨੀਕੀ ਜਾਣਕਾਰੀ ਦੀ ਪ੍ਰਾਪਤੀ ਲੋਕਾਂ ਨੂੰ ਭਾਸ਼ਾ ਰਾਹੀਂ ਹੀ ਹੁੰਦੀ ਹੈ। ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਨਵੀਨਤਮ ਵਿਸ਼ਿਆਂ ਉੱਤੇ ਛਪਦੇ ਲੇਖ ਪੰਜਾਬੀ ਵਾਰਤਕ ਦੇ ਵਿਕਾਸ ਦੀਆਂ ਬੁਲੰਦੀਆਂ ਨੂੰ ਪ੍ਰਗਟਾਉਣ ਦੇ ਉਦਾਹਰਨ ਹਨ।

ਵਿਦਿਆਰਥੀਉ ! ਤੁਹਾਡੇ ਦਿਮਾਗ਼ ਵਿਚ ਦੋ ਪ੍ਰਮੁੱਖ ਪ੍ਰਸ਼ਨ ਜੋ ਹੋ ਸਕਦੇ ਹਨ, ਉਹ ਇਹ ਕਿ ਪੰਜਾਬੀ ਵਾਰਤਕ ਜਿੱਥੋਂ ਸ਼ੁਰੂ ਹੋਈ ਸੀ, ਭਾਵ ਜਨਮ ਸਾਖੀਆਂ ਆਦਿ ਵਾਲ਼ਾ ਦੌਰ ਅਤੇ ਉਸ ਤੋਂ 150-200 ਵਰ੍ਹੇ ਅੱਗੇ ਤੱਕ ਦਾ ਦੌਰ ਜਿਸ ਤਰੀਕੇ ਦਾ ਸੀ, ਉਸ ਦੇ ਮੁਕ਼ਾਬਲੇ 1900 ਈ. ਤੋਂ ਲੈ ਕੇ ਹੁਣ ਤੱਕ ਦੇ ਦੌਰ—ਇਹ ਦੋ ਤਰ੍ਹਾਂ ਦੀ ਵਾਰਤਕ ਸਿਰਜਣਾ ਵਿਚ, ਕੋਈ ਸਾਂਝਾਂ ਨਜ਼ਰ ਨਹੀਂ ਆਉਂਦੀਆਂ। ਇਹ ਦੋਵੇਂ ਇਕ-ਦੂਜੇ ਤੋਂ ਬਿਲਕੁਲ ਭਿੰਨ ਹਨ। ਤੁਸੀਂ ਠੀਕ ਸੋਚ ਰਹੇ ਹੋ। ਅਸੀਂ ਇਸ ਪਾਠ ਦੇ ਅਗਲੇ ਹਿੱਸੇ ਵਿਚ ਮੱਧਕਾਲੀਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਲੇ ਅੰਤਰ ਪਛਾਣਨ ਦਾ ਜਤਨ ਕਰਾਂਗੇ। ਅਜਿਹਾ ਕਰਦਿਆਂ ਸਾਨੂੰ ਵਾਰਤਕ ਦੇ ਕੁੱਝ ਅੰਤਰੀਵੀ ਤੱਤਾਂ ਬਾਰੇ ਹੋਰ ਜਾਣਕਾਰੀ ਵੀ ਮਿਲ਼ੇਗੀ। ਅਸੀਂ ਉਦਾਹਰਨਾਂ ਨਾਲ਼ ਭਾਸ਼ਾ, ਸ਼ਬਦਾਵਲੀ, ਵਿਆਕਰਨ ਅਤੇ ਵਿਸ਼ਿਆਂ ਵਿਚ ਹੁੰਦੇ ਬਦਲਾਵਾਂ ਨੂੰ ਵੀ ਨਜ਼ਦੀਕ ਤੋਂ ਦੇਖਾਂਗੇ। ਹਾਂ ਅਸੀਂ ਦੋ ਪ੍ਰਸ਼ਨਾਂ ਦਾ ਜ਼ਿਕਰ ਕੀਤਾ ਸੀ। ਸਾਡੇ ਵਿਚਾਰ ਨਾਲ਼ ਤੁਹਾਡੇ ਜ਼ਿਹਨ ਵਿਚ ਦੂਜਾ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਤੁਹਾਡੇ ਸਲੇਬਸ ਵਿਚ ਲੱਗੀ ਵਾਰਤਕ ਦੀ ਪੁਸਤਕ 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਅਤੇ 'ਮੇਰੀ ਫ਼ਿਲਮੀ ਆਤਮ ਕਥਾ' ਅਜੋਕੇ ਕਿਸਮ ਦੀ ਵਾਰਤਕ ਹੈ। ਸਾਡੇ ਪੰਜਾਬੀ ਲੇਖਕ ਦਰਸ਼ਨ ਨਾਲ਼ ਸੰਬੰਧਿਤ ਹਰ ਵਿਸ਼ੇ ਨੂੰ ਪੰਜਾਬੀ ਵਾਰਤਕ ਦੇ ਮਜ਼ਮੂਨਾਂ ਰਾਹੀਂ ਕਿਤਨੀ ਸਰਲਤਾ ਨਾਲ਼ ਪਾਠਕਾਂ ਤੱਕ ਪਹੁੰਚਾਉਂਦੇ ਹਨ—ਉਹ ਵੀ ਰੌਚਕ ਤਰੀਕੇ ਨਾਲ਼। ਅਜੋਕੀ ਪੰਜਾਬੀ ਵਾਰਤਕ ਸਮਰੱਥਾ ਦੀ ਕਿਸ ਬੁਲੰਦੀ ਤੱਕ ਪੁੱਜ ਗਈ ਹੈ। ਇਹ ਪ੍ਰਸ਼ਨ ਘੱਟ ਅਤੇ ਹੈਰਾਨੀ ਬਹੁਤੀ ਹੈ। ਵਿਦਿਆਰਥੀਉ ! ਇਹ ਪੁਸਤਕ ਤਾਂ ਹੈ ਹੀ। ਅਸੀਂ ਤੁਹਾਡੇ ਸਾਹਮਣੇ ਵਿਗਿਆਨ, ਆਲੋਚਨਾ, ਰਾਜਨੀਤੀ ਆਦਿ ਵਿਸ਼ਿਆਂ ਦੇ ਵੀ ਉਦਾਹਰਨ ਪੇਸ਼ ਕਰਾਂਗੇ, ਜਿਹੜੇ ਵਾਰਤਕ ਦੀ ਸਮਰੱਥਾ ਬਾਰੇ ਹੈਰਾਨੀ ਉਪਜਾਉਂਦੇ ਲੱਗਣਗੇ।

**2.3 ਆਧੁਨਿਕ ਅਤੇ ਪੁਰਾਤਨ ਪੰਜਾਬੀ ਵਾਰਤਕ ਵਿੱਚ ਅੰਤਰ ਨਿਖੇੜ**: ਹੁਣ ਪਹਿਲੇ ਅਸੀਂ ਮੱਧਕਾਲੀਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਦੇ ਮਹੱਤਵਪੂਰਨ ਪੱਖਾਂ ਬਾਰੇ ਰਤਾ ਵਿਸਤਾਰ ਨਾਲ਼ ਚਰਚਾ ਕਰਾਂਗੇ। ਵਿਦਿਆਰਥੀਉ ! ਪੁਰਾਤਨ ਅਤੇ ਆਧੁਨਿਕ ਜਾਂ ਨਵੀਨ ਕਾਲ ਦੀ ਪੰਜਾਬੀ ਵਾਰਤਕ ਬਾਰੇ ਗੱਲ ਕਰਨ ਲੱਗਿਆਂ, ਤੁਸੀਂ ਦੋ ਤਰ੍ਹਾਂ ਨਾਲ਼ ਵਿਚਾਰ ਕਰ ਸਕਦੇ ਹੋ। ਪਹਿਲਾ ਇਹ ਕਿ ਪੁਰਾਤਨ, ਭਾਵ ਪਿਛਲੇ ਸਮੇਂ ਦੀ ਜਾਂ ਮੱਧਕਾਲ ਦੀ ਵਾਰਤਕ ਹੈ। ਭਾਵ ਆਰੰਭ ਤੋਂ ਲੈ ਕੇ 19ਵੀਂ ਸਦੀ ਤੱਕ ਦੀ ਵਾਰਤਕ ਜਾਂ 1950 ਈ. ਤੱਕ ਦੀ ਵਾਰਤਕ। ਤੁਸੀਂ ਇੱਥੇ ਕੇਵਲ ਕਾਲ ਨਾਲ਼ ਹੀ ਜੋੜ ਕੇ ਵਾਰਤਕ ਨੂੰ ਵੇਖਦੇ ਹੋ। ਦੂਜਾ ਤਰੀਕਾ ਵਿਚਾਰ ਦਾ ਹੋ ਸਕਦਾ ਹੈ ਭਾਵ, ਇਹ ਵੀ ਸੰਭਵ ਹੈ ਕਿ ਅੱਜ ਦੇ ਸਮੇਂ ਵਿਚ ਕਿਸੇ ਵਿਅਕਤੀ ਦੀ ਸੋਚ ਪੁਰਾਤਨ ਹੋਵੇ ਜਾਂ ਇਹ ਵੀ ਕਿ ਬਹੁਤ ਪਿਛਲੇ ਸਮੇਂ ਵਿਚ ਵੀ ਕੋਈ ਆਧੁਨਿਕ ਸੋਚ

ਰੱਖਣ ਵਾਲਾ ਵਿਅਕਤੀ ਮਿਲ਼ਦਾ ਹੋਵੇ। ਇਹ ਸੱਚ ਹੈ ਕਿ ਕਾਲ ਦਾ ਪ੍ਰਭਾਵ ਹੀ ਅਜਿਹਾ ਹੁੰਦਾ ਹੈ ਕਿ ਸੋਚ ਨੂੰ ਪ੍ਰਵਰਤਿਤ ਕਰ ਦਿੰਦਾ ਹੈ ਪਰ ਤਾਂ ਵੀ ਅਪਵਾਦ ਦੀ ਸੰਭਾਵਨਾ ਵੀ ਰਹਿੰਦੀ ਹੀ ਹੈ। ਪਰ ਜੇ ਅਸੀਂ ਆਪਣੀ ਸੋਚ ਨੂੰ ਕੇਵਲ ਪੰਜਾਬੀ ਵਾਰਤਕ ਤੱਕ ਹੀ ਸੀਮਤ ਰੱਖੀਏ ਤਾਂ ਸਾਨੂੰ ਬਹੁਤੇ ਅਪਵਾਦ ਨਹੀਂ ਮਿਲ਼ਦੇ। ਸਮੁੱਚੀ ਪੁਰਾਤਨ ਪੰਜਾਬੀ ਵਾਰਤਕ ਵਿਚ ਕੁੱਝ ਗੱਲਾਂ ਬੜੀਆਂ ਸਾਂਝੀਆਂ ਹਨ। ਇਹੋ ਗੱਲ ਅਸੀਂ ਆਧੁਨਿਕ ਪੰਜਾਬੀ ਵਾਰਤਕ ਬਾਰੇ ਕਹਿ ਸਕਦੇ ਹਾਂ, ਜਿਵੇਂ :

1. ਪੁਰਾਤਨ ਵਾਰਤਕ ਦੇ ਵਿਸ਼ਿਆਂ ਦਾ ਕੇਂਦਰ ਮੁੱਖ ਤੌਰ ਤੇ ਅਧਿਆਤਮ, ਰੱਬ ਜਾਂ ਗੁਰੂ ਹੈ। ਪੁਰਾਤਨ ਪੰਜਾਬੀ ਵਾਰਤਕ ਦੇ ਸਾਰੇ ਰੂਪ ਜਿਨ੍ਹਾਂ ਦਾ ਜ਼ਿਕਰ ਅਸੀਂ ਉੱਪਰ ਕਰ ਆਏ ਹਾਂ, ਉਹਨਾਂ ਵਿਚ ਗੁਰੂ ਦੀ ਸਿੱਖਿਆ, ਗੁਰਬਾਣੀ ਦੀ ਵਿਆਖਿਆ, ਗੁਰੂ ਦੀ ਉਸਤਤੀ, ਸ਼ਕਤੀ ਦਾ ਜ਼ਿਕਰ ਮਿਲ਼ਦਾ ਹੈ। ਇਹ ਸ਼ਰਧਾ ਅਤੇ ਵਿਸ਼ਵਾਸ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਜਦਕਿ ਆਧੁਨਿਕ ਵਾਰਤਕ ਦਾ ਆਧਾਰ ਯਥਾਰਥਵਾਦੀ ਸੋਚ ਹੈ। ਆਧੁਨਿਕ ਵਾਰਤਕ, ਪ੍ਰਚਾਰ ਦੀ ਪ੍ਰਵਿਰਤੀ ਤੋਂ ਵੀ ਮੁਕਤ ਹੈ ਅਤੇ ਇਸ ਦਾ ਮੁਹਾਵਰਾ ਸ਼ਰਧਾ ਨਾ ਹੋ ਕੇ ਤਰਕ ਹੈ। ਇੱਥੇ ਦਲੀਲ ਪ੍ਰਾਥਮਿਕਤਾ ਰੱਖਦੀ ਹੈ। ਆਧੁਨਿਕ ਵਾਰਤਕ ਪਾਸ ਕੇਵਲ ਤੇ ਕੇਵਲ ਅਧਿਆਤਮ ਦਾ ਵਿਸ਼ਾ ਨਾ ਹੋ ਕੇ ਅਨੇਕਾਂ ਅਨੇਕ ਵਿਸ਼ੇ ਹਨ। ਪੁਰਾਤਨ ਪੰਜਾਬੀ ਵਾਰਤਕ ਵਿਚ ਜਨਮ ਸਾਖੀਆਂ, ਗੋਸ਼ਟਾਂ, ਟੀਕੇ, ਪਰਮਾਰਥ ਆਦਿ ਸਭ ਦੇ ਕੇਂਦਰ ਵਿਚ ਗੁਰੂ ਦੀ ਮਹਿਮਾ ਅਤੇ ਸਿੱਖਿਆ ਹੈ ਅਤੇ ਲੇਖਕ ਸ਼ਰਧਾਲੂ ਵਿਸ਼ਵਾਸੀ ਹੈ। ਅਸੀਂ ਹੇਠਾਂ ਇਕ ਉਦਾਹਰਨ ਪ੍ਰਸਤੁਤ ਕਰ ਰਹੇ ਹਾਂ। ਗਹੁ ਨਾਲ ਵੇਖੋ :

   "ਸ੍ਰੀ ਸਤਿਗੁਰ ਜੀ ਜਗਤੁ ਨਿਸਤਾਰਣ ਕੁ ਆਇਆ। ਕਲਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ ਪਾਰਬ੍ਰਹਮ ਕਾ ਨਿਜ ਭਗਤ।" ਅਨਹਦ ਸ਼ਬਦ ਪਰਮੇਸ਼ਰ ਕੇ ਦਰਬਾਰ ਵਾਜੇ। ਤੇਤੀਸ ਕਰੋੜ ਦੇਵਤਿਆਂ ਨਮਸਕਾਰ ਕੀਆ ਚਉਸਠ ਜੋਗਣੀ ਬਵਜਾਹ ਬੀਰ, ਛਿਆ ਜਤੀਆਂ, ਚੌਰਾਸੀਆਂ ਸਿੱਧਾਂ, ਨਵਾ ਨਾਥਾਂ ਨਮਸਕਾਰ ਕੀਆ, ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ...'ਇਸ ਕਉ ਨਮਸਕਾਰ ਕੀਜੀਐ ਜੀ'।" (ਪੁਰਾਤਨ ਜਨਮ ਸਾਖੀ, ਸਾਖੀ ਨੰਬਰ : 1)

   ਇਵੇਂ ਹੀ ਵੱਖ ਵੱਖ ਜਨਮਸਾਖੀਆਂ ਜਾਂ ਗੋਸ਼ਟਾਂ ਜਾਂ ਪਰਚੀਆਂ ਆਦਿ ਵਿਚ ਭਾਸ਼ਾ, ਵਾਕ ਬਣਤਰ ਜਾਂ ਸ਼ਬਦਾਵਲੀ ਨੂੰ ਲੈ ਕੇ ਮਾੜਾ-ਮੋਟਾ ਅੰਤਰ ਤਾਂ ਮਿਲਦਾ ਹੈ ਪਰ ਵਿਸ਼ੇ ਦੇ ਪੱਖੋਂ ਇਹ ਸਾਰੀਆਂ ਰਚਨਾਵਾਂ ਇਕੋ ਦਿਸ਼ਾ ਵੱਲ ਜਾਂਦੀਆਂ ਦਿਖਦੀਆਂ ਹਨ। ਆਧੁਨਿਕ ਵਾਰਤਕ ਪਾਸ, ਅਨੇਕਾਂ ਵਿਸ਼ੇ ਹਨ। ਮੁੱਢਲੀ ਆਧੁਨਿਕ ਪੰਜਾਬੀ ਵਾਰਤਕ ਦੀਆਂ ਕੁੱਝ ਲਿਖਤਾਂ ਪੁਰਾਤਨ ਪੰਜਾਬੀ ਵਾਰਤਕ ਵਾਂਗ ਧਰਮ ਨੂੰ ਕੇਂਦਰ ਵਿਚ ਰੱਖਦੀਆਂ ਰਹੀਆਂ ਪਰ ਛੇਤੀ ਹੀ ਆਧੁਨਿਕਤਾ ਦੀ ਛਾਪ ਇਹਦੇ ਉੱਤੇ ਦਿਖਣ ਲੱਗੀ। ਆਧੁਨਿਕ ਪੰਜਾਬੀ ਵਾਰਤਕ ਦਾ ਮੁੱਢਲਾ ਹਿੱਸਾ ਛੇਤੀ ਹੀ ਸਮਾਜ ਸੁਧਾਰ ਜਾਂ ਸੰਸਕ੍ਰਿਤੀ ਸੁਧਾਰ ਦੀ ਰਾਹੇ ਪੈ ਗਿਆ। ਇਹ ਉਦਾਹਰਨ ਦੇਖੋ :

   "ਪੰਜਾਬ ਵਿਚ ਅੰਨ ਪਾਣੀ ਆਮ ਕਰਕੇ ਛੰਨਿਆਂ ਯਾ ਬਾਟੀਆਂ ਵਿਚ ਖਾਧਾ ਪੀਤਾ ਜਾਂਦਾ ਸੀ ਕਿਉਂਕਿ ਸਰੀਰ ਵੱਡੇ ਸਨ, ਖੁਰਾਕ ਸਾਦਾ ਤੇ ਇਕ ਅੱਧੀ ਦਾਲ ਭਾਜੀ ਵਾਲੀ ਪਰ ਖ਼ਾਲਸ ਤੇ ਪਦਾਰਥ ਭਰੀ ਹੁੰਦੀ ਸੀ। ਕਿਸੇ ਅਮੀਰ ਨੇ ਰਵਾਜ ਪਾ ਦਿੱਤਾ ਕੋਲੀਆਂ ਦਾ ਤੇ ਗਲਾਸੀ ਦਾ। ਭੇਡ ਚਾਲ ਚੱਲ ਪਈ, ਲੋਕੀ ਸੰਗਦੇ ਸੰਗਦੇ ਭੁਖੇ ਰਹਿਣ ਲੱਗ ਪਏ ਪਰ ਕਿਸੇ ਨੂੰ ਏਸ ਨਵੀਂ ਚਾਲ ਦੇ ਖੰਡਣ ਤੇ ਭੰਡਣ ਦਾ ਹੀਆ ਨਾ ਪਿਆ।" (ਭੇਡ ਚਾਲ, ਲਾਲ ਸਿੰਘ ਕਮਲਾ ਅਕਾਲੀ)

2. ਪੁਰਾਤਨ ਪੰਜਾਬੀ ਵਾਰਤਕ ਵਿਚ ਪ੍ਰਗਟਾਵੇ ਲਈ ਦੋ-ਚਾਰ ਹੀ ਰੂਪ ਸਨ, ਜਿਵੇਂ ਜਨਮ ਸਾਖੀ, ਪਰਮਾਰਥ, ਟੀਕੇ, ਪਰਚੀਆਂ ਜਾਂ ਹੁਕਮਨਾਮੇ ਆਦਿ। ਸੀਮਿਤ ਜਿਹੀ ਵਾਰਤਕ ਸੀਮਿਤ ਜਿਹੇ ਰੂਪਾਂ ਵਿਚ ਹੀ ਪ੍ਰਗਟਾਵਾ ਲੈਂਦੀ ਸੀ। ਵਿਸ਼ੇ ਤਾਂ ਸੀਮਿਤ ਸਨ ਹੀ। ਇਵੇਂ ਪ੍ਰਾਚੀਨ ਪੰਜਾਬੀ ਵਾਰਤਕ ਵਿਚ ਬਹੁਰੰਗੀ ਰੂਪ ਨਜ਼ਰ ਨਹੀਂ ਆਉਂਦੇ। ਇਸ ਦੇ ਮੁਕ਼ਾਬਲੇ ਜਦੋਂ ਆਧੁਨਿਕ ਵਾਰਤਕ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਸਫ਼ਰਨਾਮੇ, ਆਲੋਚਨਾ, ਚਿੱਠੀਆਂ, ਮੁਲਾਕਾਤਾਂ, ਇੰਟਰਵਿਊ, ਪੱਤਰਕਾਰਤਾ ਆਦਿ ਤੋਂ ਇਲਾਵਾ ਕਈ ਰੂਪ ਮਿਲ਼ਦੇ ਹਨ। ਕਹਿਣ ਨੂੰ ਤਾਂ ਇਹ ਸਭ ਕੁੱਝ ਵਾਰਤਕ ਰਚਨਾ ਹੈ ਪਰ ਹਰੇਕ ਦਾ ਮੁਹਾਵਰਾ, ਵਿਧੀ, ਭਾਸ਼ਾ, ਪ੍ਰਸਤੁਤੀ ਭਿੰਨ

ਹੈ। ਹੇਠਾਂ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਦੇ ਵੱਖ ਵੱਖ ਰੂਪਾਂ ਦੇ ਇਕ-ਇਕ ਉਦਾਹਰਨ ਰਾਹੀਂ ਉਪਰਲੇ ਕਥਨ ਦੀ ਤਸਦੀਕ ਕਰਦੇ ਹਾਂ:

ੳ) ਪੁਰਾਤਨ ਪੰਜਾਬੀ ਵਾਰਤਕ ਦੇ ਵੱਖ ਵੱਖ ਰੂਪਾਂ ਦੇ ਨਮੂਨੇ : "ਸੰਮਤ 1526 ਬਾਬਾ ਨਾਨਕ ਜਨਮਿਆ। ਵੈਸਾਖੋ ਮਾਹਿ ਦਿਨ ਤੀਜੈ ਪਹਰ ਰਾਤ ਰਹਦੀ ਜਨਮਿਆ। ਅਨਹਦ ਸ਼ਬਦ ਪਰਮੇਸਰ ਦੀ ਕਰਾਮਾਤ ਵਾਜੇ ਤੇਤੀਸ ਕਰੋੜਿ ਦੇਵਤਿਆਂ ਨਮਸਕਾਰ ਕੀਤੀ। ਚਉਰਾਸੀ ਸਿਧਾਂ ਨਵਾਂ ਨਾਥਾਂ ਚਉਸਠਿ ਜੋਗਨੀ ਬਵਿਜਾ ਬੀਰ ਛਿਆ ਜਤੀਆ ਨਮਸਕਾਰ ਕੀਆ। ਜੋ ਨਿਰੰਕਾਰ ਪੁਰਖ ਜਗਤੁ ਤਾਰਣ ਕਉ ਭੇਜਿਆ ਹੈ।" (ਆਦਿ ਸਾਖੀਆਂ, ਅਵਤਾਰ ਬਾਲਪਨ ਵਾਲੀ ਸਾਖੀ)

ਅ) ਖ਼ਾਲਸੇ ਦੀ ਰਹਿਤ ਰਹਿਣਾ ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲ ਕੋਈ ਨਹੀ ਖਾਣਾ ਮਾਸ ਮੱਛਲੀ ਪਿਆਜ ਨਾਹੀ ਖਾਣਾ ਚਾਰੀ ਜਾਰੀ ਨਾਹੀ ਕਰਣੀ। (ਹੁਕਮਨਾਮਾ ਬਾਬਾ ਬੰਦਾ ਸਿੰਘ ਨੇ ਜਉਨਪੁਰ ਦੀਆਂ ਸੰਗਤਾਂ ਨੂੰ 12 ਦਸੰਬਰ 1710 ਈ. ਨੂੰ ਲਿਖਿਆ)

ੲ) "ਅਰ ਮਾਤਾ ਪਿਤਾ ਦੇਖਿਆ ਜੋ ਬੇਟਾ ਮਾਯਾ ਕੇ ਬਿਵਹਾਰ ਮੈ ਨਹੀ ਚਿਤ ਲਾਵਤਾ, ਮਤ ਫਕੀਰ ਹੋਇ ਜਾਵੈ। ਤਬ ਵਿਵਾਹ ਕੀਆ। ਅਰ ਸੁੰਦਰ ਭੂਮਨ ਸਵਰਨ ਕੇ ਪਹਿਰਾਏ।" ('ਸਾਖੀਆਂ ਅੱਡਣ ਸ਼ਾਹ' ਵਿਚੋਂ ਇਕ ਹਵਾਲਾ : ਸ. ਗੋਬਿੰਦ ਸਿੰਘ ਲਾਂਬਾ)

ਸ) "ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੈ ਲਗੀ ਜੇਵਣਾ, ਭਰੇ ਤੇ ਭਰਣਾ ਨਾਹੀ ਅੰਨ ਛੱਡਣਾ ਭੀ ਨਾਹੀ, ਸਵਣਾ ਤਾਂ ਜਾਂ ਬਹੁਤੀ ਨੀਂਦ ਆਵੇ, ਨੀਂਦ ਬਗੈਰ ਸਵਣਾ ਨਹੀ, ਗ਼ਫ਼ਲਾਇ ਹੈ। ... ਅਕੈ ਬਾਣੀ ਗਾਵਣੀ ... ਸ਼ਬਦੁ ਗਾਵਣਾ, ਕੂੜ ਨਾਹੀ ਬੋਲਣਾ।" (ਰਾਵਲਪਿੰਡੀ ਵਾਲੀ ਭਾਈ ਪੈਥੇ ਵਾਲੀ ਬੀੜ)

ਹ) "ਪਰ ਹਮ ਕੋ ਕਿਰਪਾ ਕਰਕੇ ਇਹ ਬਾਤ ਸੁਨਾਵਹੁ, ਜੋ ਉਹ ਕਰਮ ਤੁਝੇ ਕਉਨ ਕੀਨਾ ਅਉਰ ਉਹ ਸੇਵਾ ਕਉਨ ਕੀਨੀ ਹੈ। ਅਰ ਉਹ ਕਉਨ ਸੀ ਆਗਿਆ ਮਾਨੀ ਜੋ ਗੁਰੂ ਬਾਬੇ ਤੇਰੇ ਬਿਖੇ ਆਪਨਾ ਸਰੂਪ ਪਲਟ ਛੋਡਿਆ ਹੈ" (ਪਰਚੀਆਂ ਸੇਵਾ ਦਾਸ)

(ਨੋਟ : ਇਹ ਪ੍ਰਸ਼ਨ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲਣ ਸੰਬੰਧੀ ਪੁੱਛਿਆ।)

ਕ) "ਜਿਨਹੂੰ ਨੇ ਮੰਸ ਖਾਵਣ ਵਾਲਿਹੂੰ ਕੀ ਨਿੰਦਿਆ ਕਰੀ ਹੈ। ਸੋ ਨਿੰਦਿਆ ਮੰਸ ਖਾਵਣੇ ਤੇ ਭੀ ਬੁਰੀ ਹੈ। ਨਿੰਦਿਆ ਤੇ ਮੰਸ ਖਾਵਣਾ ਭਲਾ ਹੈ। ਕਹੇ ਤੇ, ਜੋ ਮਨ ਹੰਕਾਰ ਅਰ ਅਭਿਮਾਨ ਮਹਿ ਆਵਤਾ ਹੈ। ਤਬ ਹੀ ਨਿੰਦਿਆ ਕਰਤਾ ਹੈ।" (ਪਰਚੀਆਂ ਭਾਈ ਸ੍ਰੀ ਕਨ੍ਹੀਯਾ ਜੀ; ਭਾਈ ਹੀਰਾ ਸਿੰਘ ਮਹੰਤ, ਪੰਨਾ : 51)

ਖ) "ਅਬ ਜਾਣ ਤੂੰ ਜੋ ਭਗਵੰਤ ਨੇ ਇਸ ਪ੍ਰਕਾਰ ਆਗਿਆ ਕਰੀ ਹੈ ਜੋ ਪੁਰਖ ਮੇਰੇ ਨਮਿਤ ਬ੍ਰਤ ਅਰ ਤਪ ਕਰਕੇ ਭੋਗ ਕਾ ਤਿਆਗ ਕਰਤੇ ਹੈ ਤਉ ਉਨ ਕਉ ਮੈ ਹੀ ਉਸ ਕਾ ਫਲ ਦੇਨੇ ਹਾਰ ਹੂੰ ਪਰ ਬ੍ਰਤ ਭੀ ਤੀਨ ਪ੍ਰਕਾਰ ਦਾ ਕਹਾ ਹੈ। ਸੋ ਪ੍ਰਥਮ ਇਹ ਹੈ ਜੋ ਆਪਨੇ ਚਿਤ ਕਉ ਸੰਕਲਪ ਹੂਏ ਤੇ ਰੋਕ ਰਖਣਾ ਅਰ ਚਿਤ ਦੀ ਬ੍ਰਿਤੀ ਕਉ ਭਗਵੰਤ ਕੇ ਸਰੂਪ ਵਿਖੇ ਇਸਥਿਤ ਕਰਨਾ। ਸੋ ਇਹ ਬ੍ਰਤ ਐਸਾ ਕਠਨ ਹੈ ਜੋ ਜਬ ਭਗਵੰਤ ਬਿਨਾਂ ਕੁਛਕ ਸੰਕਲਪ ਭੀ ਇਸਕੇ ਰਿਦੇ ਵਿਖੇ ਫੁਰੇ ਤਬ ਵਹੁ ਖੰਡਤ ਹੋ ਜਾਤਾ ਹੈ।"

(ਪਾਰਸ ਭਾਗ : 'ਪੁਰਾਤਨ ਪੰਜਾਬੀ ਵਾਰਤਕ' ਸੰਪਾ. ਸੁਰਿੰਦਰ ਸਿੰਘ ਕੋਹਲੀ, ਪੰਨਾ : 85)

ਵਿਦਿਆਰਥੀਓ ! ਉੱਪਰ ਅਸੀਂ ਪੁਰਾਤਨ ਪੰਜਾਬੀ ਵਾਰਤਕ ਦੇ ਜੋ ਨਮੂਨੇ ਤੁਹਾਡੇ ਲਈ ਪ੍ਰਸਤੁਤ ਕੀਤੇ ਹਨ, ਉਹ ਇਹ ਦੱਸਣ ਲਈ ਹਨ ਕਿ ਤੁਸੀਂ ਉਹਨਾਂ ਦਾ ਵਿਸ਼ਾ, ਸ਼ਬਦਾਵਲੀ, ਸ਼ਬਦ ਜੋੜ, ਵਾਕ ਬਣਤਰ, ਭਾਸ਼ਾ ਬਾਰੇ ਖ਼ੁਦ ਵੀ ਆਪਣੀ ਰਾਏ ਬਣਾ ਸਕੋ। ਤੁਸੀਂ ਦੇਖ ਸਕੋ ਕਿ 400 ਕੁ ਸਾਲ ਪਹਿਲਾਂ ਤੋਂ ਸ਼ੁਰੂ ਹੋ ਕੇ ਡੇਢ ਦੋ ਸੌ ਜਾਂ ਨਹੀਂ ਸ਼ਰਧਾ ਅਤੇ ਵਿਸ਼ਵਾਸ ਨਾਲ਼ ਵੀ ਨਿਰੰਤਰ ਕੀਤੇ ਗਏ ਜਤਨ ਹਨ। ਉਹ ਸਮਾਂ ਜਦੋਂ ਤਕਨੀਕੀ ਸਹੂਲਤਾਂ ਦੀ ਅਣਹੋਂਦ ਸੀ। ਭਾਸ਼ਾ, ਲਿਪੀ ਮੁੱਢਲੀ ਅਵਿਕਸਤ ਸਥਿਤੀ ਵਿਚ ਸੀ। ਆਰਥਿਕ, ਸਮਾਜਿਕ, ਰਾਜਨੀਤਕ ਪ੍ਰਸਥਿਤੀਆਂ ਵੀ ਬਹੁਤੀਆਂ ਹੱਕ ਵਿਚ ਨਹੀਂ ਸਨ। ਉਦੋਂ ਪੰਜਾਬੀ ਦੀ ਪੁਰਾਤਨ ਵਾਰਤਕ ਦੀਆਂ ਇਹ ਪ੍ਰਾਪਤੀਆਂ ਸਾਡੀ ਸੋਚ ਨੂੰ ਟੁੰਬਦੀਆਂ ਹਨ। ਪੁਰਾਤਨ ਪੰਜਾਬੀ ਵਾਰਤਕ ਤੋਂ ਪਿੱਛੋਂ ਜਦੋਂ

ਤੁਹਾਡੇ ਲਈ ਆਧੁਨਿਕ ਪੰਜਾਬੀ ਵਾਰਤਕ ਦੇ ਵੱਖ-ਵੱਖ ਰੂਪਾਂ ਵਿਚ ਵੰਨਗੀਆਂ ਦੇਣ ਦਾ ਖ਼ਿਆਲ ਆਉਂਦਾ ਹੈ ਤਾਂ ਇਹ ਕਾਰਜ ਬੜਾ ਕਠਿਨ ਲੱਗਦਾ ਹੈ। ਕਠਿਨ ਇਸ ਲਈ ਕਿਉਂਕਿ ਅਜੋਕੇ ਸਮੇਂ ਵਾਰਤਕ ਦੇ ਬਹੁਤ ਸਾਰੇ ਰੂਪ ਸਾਡੇ ਸਾਹਮਣੇ ਆ ਚੁੱਕੇ ਹਨ। ਬਹੁਤ ਸਾਰੇ ਰੂਪਾਂ ਦੀ ਹੀ ਗੱਲ ਨਹੀਂ, ਹਰੇਕ ਰੂਪ ਵਿਚ ਬਹੁਤ ਵੱਡੀ ਮਾਤਰਾ ਵਿਚ ਲਿਖਤਾਂ ਸਾਹਮਣੇ ਆ ਚੁੱਕੀਆਂ ਹਨ। ਵਿਦਿਆਰਥੀਆਂ ਸਾਹਮਣੇ ਕਿਹੜਾ ਉਦਾਹਰਨ ਪ੍ਰਸਤੁਤ ਕਰੀਏ, ਇਹ, ਇਸ ਪਾਠ ਲੇਖਕ ਲਈ ਸਮੱਸਿਆ ਹੈ। ਸੋ ਵਿਦਿਆਰਥੀਓ, ਕੁੱਝ ਕੁ ਚੋਣ ਕੀਤੀ ਹੈ, ਜੋ ਪ੍ਰਸਤੁਤ ਕਰ ਰਹੇ ਹਾਂ। ਇਹ ਚੋਣ ਨੂੰ ਲੈ ਕੇ ਉੱਤਮ ਜਾਂ ਨਖਿੱਧ ਦਾ ਵਿਚਾਰ ਨਾ ਕੀਤਾ ਜਾਵੇ। ਇਹ ਨਮੂਨੇ ਤੁਹਾਨੂੰ ਇਹਨਾਂ ਰੂਪਾਂ ਦੀ ਸੰਰਚਨਾ ਬਾਰੇ ਜਾਣਕਾਰੀ ਦੇਣ ਲਈ ਹੀ ਪ੍ਰਸਤੁਤ ਹਨ:

**(ੳ) ਨਿਬੰਧ** : ਸੰਨ 1779 ਵਿਚ ਸੰਸਾਰ ਦੇ ਪ੍ਰਸਿੱਧ ਯੋਧਾ ਨੈਪੋਲੀਅਨ ਬੋਨਾਪਾਰਟ ਦੀਆਂ ਫ਼ੌਜਾਂ ਨੇ ਮਿਸਰ ਉੱਤੇ ਕਬਜ਼ਾ ਕਰ ਲਿਆ, ਤਾਂ ਉਸ ਦੇ ਇਕ ਫ਼ੌਜੀ ਅਫ਼ਸਰ ਨੂੰ ਦਰਿਆ ਨੀਲ ਦੇ ਇਕ ਦਹਾਨੇ ਕੋਲੋਂ, ਜਿਸ ਦਹਾਨੇ ਦਾ ਨਾਮ ਰੋਜੇਟਾ ਸੀ, ਇਕ ਪੱਥਰ ਲੱਭਾ, ਜਿਸ ਉੱਤੇ ਇਕੋ ਵਾਰਤਾ ਤਿੰਨ ਲਿਖਤਾਂ ਵਿਚ ਉੱਕਰੀ ਹੋਈ ਸੀ। ਇਨ੍ਹਾਂ ਤਿੰਨਾਂ ਵਿਚੋਂ ਇਕ ਹੇਅਰੋ-ਗਲਿੱਫ ਲਿਖਤ ਸੀ ਤੇ ਦੂਜੀ ਪ੍ਰਾਚੀਨ ਮਿਸਰ ਦੇਸ ਦੀ ਇਕ ਹੋਰ ਅਲੋਪ ਹੋਈ ਲਿਖਤ। ਤੀਜੀ ਲਿਖਤ ਯੂਨਾਨੀ ਲਿਖਤ ਸੀ ਤੇ ਯੂਨਾਨੀ ਲਿਖਤ ਤੇ ਭਾਸ਼ਾ ਦਾ ਗਿਆਨ ਕਦੇ ਵੀ ਅਲੋਪ ਨਹੀਂ ਸੀ ਹੋਇਆ। ਸੋ ਉਹ ਯੂਨਾਨੀ ਲਿਖਤ ਸਾਰੀ ਉਠਾਲ ਲਈ ਗਈ। ਇਸ ਲਿਖਤ ਵਿਚ ਇਕ ਮਿਸਰ ਦੇ ਯੂਨਾਨੀ ਬਾਦਸ਼ਾਹ ਨੇ ਰਾਜ ਦੇ ਸਮੇਂ ਦਾ ਵਰਨਣ ਕੀਤਾ ਹੋਇਆ ਸੀ ਤੇ ਇਕ ਸੰਮਤ ਮਸੀਹ ਤੋਂ 196 ਸਾਲ ਪਹਿਲਾਂ ਦਾ ਦਿੱਤਾ ਹੋਇਆ ਸੀ। ਸੰਨ 1822 ਵਿਚ ਇਕ ਫ਼ਰਾਂਸੀਸੀ ਵਿਦਵਾਨ ਨੇ ਉਸ ਪੱਥਰ ਦੀ ਸਾਰੀ ਹੇਅਰੋ-ਗਲਿੱਫ ਲਿਖਤ ਨੂੰ ਉਠਾਲ ਲਿਆ, ਜਿਸ ਪੱਥਰ ਦਾ ਨਾਮ ਹੁਣ ਸਾਰੇ ਸੰਸਾਰ ਵਿਚ 'ਰੋਜੇਟਾ-ਸ਼ਿਲਾ' ਕਰਕੇ ਪ੍ਰਸਿੱਧ ਹੈ। ਇਹ ਰੋਜ਼ੇਟਾ ਸ਼ਿਲਾ ਹੁਣ ਲੰਡਨ ਦੇ ਮਹਾਨ ਅਜਾਇਬਘਰ, ਬ੍ਰਿਟਿਸ਼ ਮਿਊਜ਼ੀਅਮ ਵਿਚ ਪਈ ਹੈ ਤੇ ਸੰਸਾਰ ਭਰ ਦੇ ਵਿਦਿਆਲਿਆਂ ਤੇ ਪੁਸਤਕਾਲਿਆਂ ਵਿਚ ਇਸ ਸ਼ਿਲਾ ਦੀਆਂ ਨਕਲਾਂ ਮੌਜੂਦ ਹਨ। ਹੁਣ ਹੇਅਰੋ-ਗਲਿੱਫ ਲਿਖਤ ਪੂਰਨ ਤੌਰ ਉੱਤੇ ਸਮਝ ਲਈ ਗਈ ਹੈ ਤੇ ਇਸ ਦੀਆਂ ਲਿਖਤਾਂ ਬਿਨਾਂ ਕਿਸੇ ਖ਼ਾਸ ਔਖ ਦੇ ਉਠਾਈਆਂ ਤੇ ਸਮਝੀਆਂ ਜਾ ਸਕਦੀਆਂ ਹਨ। ਹੇਅਰੋ-ਗਲਿੱਫ ਲਿਖਤ ਸਮੇਂ, ਜੋ ਭਾਸ਼ਾ ਪ੍ਰਾਚੀਨ ਮਿਸਰ ਵਿਚ ਪ੍ਰਚੱਲਤ ਸੀ, ਜਿਸ ਨੂੰ ਹੁਣ ਬੋਲਣ ਵਾਲ਼ਾ ਆਦਮੀ ਕੋਈ ਨਹੀਂ ਰਿਹਾ, ਉਸ ਦੇ ਪਦ-ਕੋਸ਼ ਤੇ ਵਿਆਕਰਣ ਵੀ ਬਣਾ ਲਏ ਗਏ ਹਨ ਤੇ ਪ੍ਰਾਚੀਨ ਮਿਸਰ ਦੀ ਸਿੱਖਿਆ ਦੇ ਵਿਦਿਆਰਥੀ ਇਨ੍ਹਾਂ ਤੋਂ ਲਾਭ ਉਠਾਉਂਦੇ ਹਨ। ਇਹ ਹੈ ਅਚੰਭਾ ਕਰਨ ਵਾਲ਼ੀ ਕਥਾ ਇਕ ਅਲੋਪ ਹੋ ਚੁੱਕੀ ਲਿਖਤ ਤੇ ਭਾਸ਼ਾ ਦੇ ਮੁੜ ਪ੍ਰਗਟ ਹੋਣ ਦੀ। (ਹੇਅਰੋ-ਗਲਿੱਫ; ਕਪੂਰ ਸਿੰਘ ਆਈ.ਸੀ.ਐਸ.) ਨਿਬੰਧ ਲੇਖਨ ਵਿਚ ਪਾਠਕਾਂ ਨੂੰ ਜਿਹੜੀ ਅੰਤਰਰਾਸ਼ਟਰੀ ਪੱਧਰ ਦੀ ਜਾਣਕਾਰੀ ਪਰੋਸੀ ਜਾ ਰਹੀ ਹੈ ਉਸ ਦਾ ਉਦਾਹਰਨ ਹੈ ਉਪਰੋਕਤ ਨਿਬੰਧ ਦਾ ਇਕ ਟੁੱਕੜਾ। ਇਹੋ ਨਹੀਂ ਨਰਿੰਦਰ ਸਿੰਘ ਕਪੂਰ ਦਾ ਇਕ ਨਿਬੰਧ ਜੋ ਪਿੱਛੇ ਜਹੇ ਹੀ 'ਪੰਜਾਬੀ ਟ੍ਰਿਬਿਊਨ' ਦੇ ਦਸਤਕ ਮੈਗਜ਼ੀਨ ਵਿਚ 26 ਜਨਵਰੀ 2020 ਨੂੰ ਛਪਿਆ ਹੈ ਤੇ ਜਿਸ ਦਾ ਨਾਂ 'ਨਵੀਆਂ ਰਾਣੀਆਂ' ਹੈ। ਅਜੋਕੇ ਦੌਰ ਦੀਆਂ ਔਰਤਾਂ ਦੇ ਆਜ਼ਾਦੀ ਪਸੰਦ ਖ਼ਿਆਲਾਂ ਨੂੰ ਪ੍ਰਗਟਾਉਣ ਵਾਲ਼ਾ, ਨਵੀਨਤਮ ਸੋਚ ਵਾਲ਼ਾ ਨਿਬੰਧ ਹੈ।

**(ਅ) ਰੇਖਾ ਚਿੱਤਰ (ਕਲਮੀ ਚਿੱਤਰ) :** ਇਹ ਵਾਰਤਕ ਦਾ ਉਹ ਰੂਪ ਹੈ, ਜਿਸ ਵਿਚ ਲੇਖਕ ਕਿਸੇ ਵਿਅਕਤੀ ਵਿਸ਼ੇਸ਼ (ਆਮ ਤੌਰ 'ਤੇ ਪ੍ਰਸਿੱਧ ਅਤੇ ਜਾਣੇ ਪਛਾਣੇ) ਦੇ ਵਿਅਕਤਿਤਵ ਨੂੰ ਆਪਣੀ ਕਲਪਨਾ ਰਾਹੀਂ ਸਾਕਾਰ ਕਰਦਾ ਹੋਇਆ ਪ੍ਰਗਟਾਉਂਦਾ ਹੈ। ਇਕ ਉਦਾਹਰਨ ਦੇਖੋ :

"ਗੱਲ ਇਹ ਹੋਈ ਕਿ ਸਾਡੀ ਗੱਲਬਾਤ ਵਿਚਕਾਰ ਵਿਰਕ ਨੂੰ ਫ਼ੋਨ ਆ ਜਾਂਦਾ ਸੀ—ਵੱਡਾ ਅਫ਼ਸਰ ਜੋ ਹੋਇਆ। ਉਹ ਚੋਂਗਾ ਚੁੱਕ ਕੇ ਹੌਲੇ ਜਿਹੇ ਆਖਦਾ, "ਮੈਂ ਵਿਰਕ ਬੋਲਨਾਂ"। ਫੇਰ ਅਗਲੇ ਨਾਲ ਗੱਲਬਾਤ ਕਰਦਿਆਂ ਉਹ ਕੇਵਲ ਇਉਂ ਬੋਲਦਾ, "ਹੂੰ...ਹਾਂ...ਅੱਛਾ...ਠੀਕ ਐ" ਅਤੇ ਫ਼ੋਨ ਰੱਖ ਦਿੰਦਾ। ਅਜਿਹਾ ਕਈ ਵੇਰ ਹੋਇਆ।

ਇਕ ਵਾਰ ਫ਼ੋਨ ਸੁਣਨ ਤੋਂ ਮਗਰੋਂ ਉਹ ਖਿਮਾ-ਯਾਚਕ ਜਿਹੇ ਢੰਗ ਨਾਲ਼ ਬੋਲਿਆ, "ਲੋਕ ਲੰਮਾ ਸਮਾਂ ਪਤਾ ਨਹੀਂ ਕਿਵੇਂ ਤੇ ਕੀ ਗੱਲਾਂ ਕਰਦੇ ਰਹਿੰਦੇ ਨੇ, ਮੈਥੋਂ ਨਹੀਂ ਹੁੰਦੀਆਂ। ਕੰਮ ਦੀ ਗੱਲ ਕੀਤੀ ਤੇ ਬਸ।" ਫੇਰ ਉਹ ਦੋ ਕੁ ਪਲ ਰੁੱਕ ਕੇ ਬੋਲਿਆ, "ਮੈਥੋਂ ਕਹਾਣੀ ਵਿਚ ਵੀ ਵਾਧੂ ਗੱਲ ਨਹੀਂ ਕੀਤੀ ਜਾਂਦੀ। ਕਰਨੀ ਵੀ ਨਹੀਂ ਚਾਹੀਦੀ। ਮੈਂ ਤੇਰੀਆਂ ਕੁੱਝ ਕਹਾਣੀਆਂ ਪੜ੍ਹੀਆਂ ਨੇ, ਠੀਕ ਗੱਠਵੀਆਂ ਹੁੰਦੀਆਂ ਨੇ। ਕਹਾਣੀ ਵਿਚ ਵਾਧੂ ਗੱਲ ਨਹੀਂ ਹੋਣੀ ਚਾਹੀਦੀ।" ('ਮੇਰਾ ਅਣ-ਧਾਰਿਆ ਗੁਰੂ' : ਕੁਲਵੰਤ ਸਿੰਘ ਵਿਰਕ; ਗੁਰਬਚਨ ਸਿੰਘ ਭੁੱਲਰ) ਲੇਖਕ ਗੁਰਬਚਨ ਸਿੰਘ ਭੁੱਲਰ, ਪ੍ਰਸਿੱਧ ਪੰਜਾਬੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦਾ ਕਲਮੀ ਚਿੱਤਰ ਸਿਰਜਦਿਆਂ, ਇਕ ਛੋਟੇ ਜਹੇ ਪੈਰੇ ਵਿਚ 'ਵਿਰਕ' ਬਾਰੇ ਕਈ ਕੁੱਝ ਦੱਸ ਦਿੰਦਾ ਹੈ।

**(ੲ) ਸਵੈ-ਜੀਵਨੀ :** ਜਦੋਂ ਕੋਈ ਲੇਖਕ ਆਪਣੇ ਜੀਵਨ ਦੀ ਗਾਥਾ ਖ਼ੁਦ ਲਿਖਦਾ ਹੈ ਅਤੇ ਆਪਣੀ ਇਸ ਸਵੈ-ਜੀਵਨੀ ਵਿਚੋਂ ਕਿਸੇ ਸੱਚ ਨੂੰ ਪ੍ਰਤੱਖ ਕਰਦਾ ਹੈ, ਉਦੋਂ ਅਸੀਂ ਉਸ ਨੂੰ ਕਾਮਯਾਬ ਸਵੈ-ਜੀਵਨੀ ਕਹਿੰਦੇ ਹਾਂ। ਇਹ ਜ਼ਿੰਦਗੀ ਦੇ ਕੌੜੇ-ਮਿੱਠੇ ਤੱਥਾਂ ਵਿਚੋਂ ਲੰਘਦੀ ਹੋਈ ਕਿਸੇ ਵਡੇਰੇ ਸੱਚ ਤੱਕ ਪੁੱਜਦੀ ਹੈ। ਇਹ ਕਠਿਨ ਕਾਰਜ ਵੀ ਹੈ ਕਿਉਂਕਿ ਜ਼ਿੰਦਗੀ ਦੇ ਕਿਸੇ ਮੁਕਾਮ ਤੱਕ ਪੁੱਜ ਚੁੱਕਾ ਹੋਇਆ ਵਿਅਕਤੀ ਕਈ ਵੇਰ ਭੂਤਕਾਲ ਵਿਚ ਪਏ ਉਹਨਾਂ ਤੱਥਾਂ ਨੂੰ ਨਹੀਂ ਫਰੋਲਣਾ ਚਾਹੁੰਦਾ ਜਿਹੜੇ ਸੁਖਾਵੇਂ ਨਾ ਹੋਣ। ਸਵੈ-ਜੀਵਨੀ ਦੀ ਲੋੜ ਹੈ ਕਿ ਨਿਰਭੈਅ ਹੋ ਕੇ ਉਹ ਸਭ ਕੁੱਝ ਬਿਆਨ ਦੇਵੇ। ਇਸ ਸ਼ਕਤੀ ਵਿਚੋਂ ਹੀ ਸੱਚ ਉਦੈ ਹੁੰਦਾ ਹੈ। ਪੰਜਾਬੀ ਵਿਚ ਬਹੁਤ ਸਾਰੀਆਂ ਸਵੈ-ਜੀਵਨੀਆਂ ਲਿਖੀਆਂ ਮਿਲਦੀਆਂ ਹਨ। ਇਹ ਵਾਰਤਕ ਦਾ ਇਕ ਵੱਖਰਾ ਰੂਪ ਹੈ। ਪੇਸ਼ ਹੈ ਇਕ ਅਜਿਹੀ ਹੀ ਸਵੈ-ਜੀਵਨੀ ਵਿਚੋਂ ਇਕ ਲਘੂ ਅੰਸ਼, ਜਿਸ ਨਾਲ਼ ਵਿਦਿਆਰਥੀ ਸਵੈ-ਜੀਵਨੀ ਦੀ ਕੁੱਝ ਟਹੁ ਪਾ ਸਕਣ :

"ਦਿਨ ਦੇ ਪੈਂਹਟ ਰੁਪਏ ਤੇ ਇਕ ਮਹੀਨੇ ਦੇ ਪੈਂਹਟ ਰੁਪਏ। ਕਿੰਨਾ ਫ਼ਰਕ ਸੀ। ਪਰ ਕਰਨਜੀਤ ਵਾਸਤੇ ਹੁਣ ਰੁਪਇਆਂ ਦੀ ਓਨੀ ਅਹਿਮੀਅਤ ਨਹੀਂ ਸੀ ਰਹਿ ਗਈ। ਉਸ ਨੂੰ ਖ਼ੁਸ਼ੀ ਇਸ ਗੱਲ ਦੀ ਸੀ ਕਿ ਉਹ ਸਮਾਜ ਦੇ ਸਤਿਕਾਰਤ ਵਰਗ ਵਿਚ ਇਕ ਸਨਮਾਨਿਆ ਨੌਜਵਾਨ ਸੀ। ਇੰਦਰ ਸਿੰਘ 'ਰਾਜ' ਦੀ ਦੋਸਤੀ, ਸਾਹਿਤ ਨਾਲ਼ ਡੂੰਘੀ ਸਾਂਝ, ਗਿਆਨ-ਪ੍ਰਾਪਤੀ ਦੀ ਜਗਿਆਸਾ ਅਤੇ ਪ੍ਰਗਤੀਸ਼ੀਲ ਵਿਚਾਰਾਂ ਤੋਂ ਪ੍ਰਜਵਲਿਤ ਹੋ ਰਹੀ ਉਹਦੀ ਚੇਤਨਾ ਉਸ ਨੂੰ ਆਪਣਾ ਵਡਮੁੱਲਾ ਸਰਮਾਇਆ ਪ੍ਰਤੀਤ ਹੋਣ ਲੱਗ ਪਿਆ ਸੀ।" ('ਹਾਸ਼ੀਏ ਦੀ ਇਬਾਰਤ', ਡਾ. ਕਰਨਜੀਤ ਸਿੰਘ)

**(ਸ) ਸਫ਼ਰਨਾਮਾ :** ਆਧੁਨਿਕ ਪੰਜਾਬੀ ਵਾਰਤਕ ਦੀ ਇਹ ਵੰਨਗੀ ਕਿਸੇ ਯਾਤਰਾ ਦਾ ਜ਼ਿਕਰ ਅਜਿਹੇ ਢੰਗ ਨਾਲ਼ ਕਰਦੀ ਹੈ ਕਿ ਪਾਠਕ ਨੂੰ ਸੂਚਨਾਵਾਂ ਵੀ ਮਿਲ਼ਦੀਆਂ ਹਨ ਅਤੇ ਦ੍ਰਿਸ਼ ਵੀ। ਗੁਲਜ਼ਾਰ ਸਿੰਘ ਸੰਧੂ ਦੇ ਲਿਖੇ ਸਫ਼ਰਨਾਮਾ ਅੰਸ਼ ਜੋ ਸਮਕਾਲੀ ਸਾਹਿਤ ਦੇ ਅਕਤੂਬਰ-ਦਸੰਬਰ 2019 ਅੰਕ ਵਿਚ ਛਪੇ ਹਨ, ਦ ਦ ਨਮੂਨਾ ਦੇਖੋ। ਇਸ ਦਾ ਨਾਂ ਰਖਿਆ ਹੈ : 'ਨਨਕਾਣਾ ਸਾਹਿਬ, ਕਰਤਾਰਪੁਰ ਤੇ ਲਾਹੌਰ ਦੇ ਰੰਗ' "ਜੇ ਲਾਹੌਰ ਦਾ ਸਹੀ ਰੂਪ ਵੇਖਣਾ ਹੋਵੇ ਤਾਂ ਇਸ ਦੀ ਮਾਲ ਰੋਡ ਤੋਂ ਲੰਘਦੇ ਸੱਜੇ ਪਾਸੇ ਦੀਆਂ ਇਮਾਰਤਾਂ ਵੇਖਣਾ ਹੀ ਕਾਫੀ ਹੈ। ਕੀ ਅਸੈਂਬਲੀ ਹਾਲ ਤੇ ਮਿਊਂਸਪਲ ਕਾਰਪੋਰੇਸ਼ਨ ਹੈੱਡ ਕਵਾਟਰ, ਵੱਡਾ ਡਾਕਖਾਨਾ, ਸ਼ਾਦਮਾਨ ਚੌਂਕ, ਜੇਲ੍ਹ ਰੋਡ, ਹਾਈ ਕੋਰਟ, ਜਿਨਾਹ ਪਾਰਕ, ਸਟੇਟ ਬੈਂਕ ਆਫ਼ ਪਾਕਿਸਤਾਨ, ਓਰੀਐਂਟਲ ਕਾਲਜ ਤੇ ਪੰਜਾਬ ਯੂਨੀਵਰਸਿਟੀ, ਦਿਆਲ ਸਿੰਘ ਮੈਨਸ਼ਨਜ, ਡਿੰਗਾ ਸਿੰਘ ਡੇਰਾ, ਸਰ ਗੰਗਾ ਰਾਮ ਮੈਨਸ਼ਨਜ਼, ਸ਼ਾਹਦੀਨ ਬਿਲਡਿੰਗ ਆਦਿ ਸਾਰੇ ਦੇ ਸਾਰੇ ਮਾਲ ਰੋਡ ਤੋਂ ਏਨੇ ਹੱਟਵੇਂ ਹਨ ਕਿ ਮਾਲ ਰੋਡ ਦੇ ਅੱਠ ਮਾਰਗੀ ਹੋਣ ਦਾ ਪ੍ਰਭਾਵ ਦਿੰਦੇ ਹਨ। ਭੀੜ ਭੜੱਕਾ ਨਾਂ-ਮਾਤਰ। ਮੌਜਾਂ ਹੀ ਮੌਜਾਂ। ਪੈਦਲ ਹੋਈਏ ਜਾਂ ਕਾਰ ਅਸਵਾਰ ਖੁਲ੍ਹ ਖੇਡ ਦਾ ਅਹਿਸਾਸ ਰੂਹ ਨੂੰ ਨਸ਼ਿਆ ਦਿੰਦਾ ਹੈ।"

ਵਿਦਿਆਰਥੀਉ ! ਅਸੀਂ ਕੁੱਝ ਕੁ ਵਾਰਤਕ ਰੂਪਾਂ ਦੀਆਂ ਵੰਨਗੀਆਂ ਹੀ ਇੱਥੇ ਪੇਸ਼ ਕੀਤੀਆਂ ਹਨ। ਉਂਝ ਅਜੋਕੀ ਪੰਜਾਬੀ ਵਾਰਤਕ ਹੋਰ ਕਈ ਰੂਪਾਂ ਵਿਚ ਪੇਸ਼ ਹੋ ਰਹੀ ਹੈ ਅਤੇ ਪੰਜਾਬੀ ਭਾਸ਼ਾ ਦੇ ਨਵੇਂ ਵਰਤਾਰਿਆਂ ਨੂੰ ਪ੍ਰਸਤੁਤ ਕਰ ਰਹੀ ਹੈ।

3. ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਲੇ ਅੰਤਰ ਨੂੰ ਪਛਾਣਦਿਆਂ ਤੁਸੀਂ ਸਹਿਜੇ ਹੀ ਇਕ ਗੱਲ ਨੋਟ ਕੀਤੀ ਹੋਵੇਗੀ ਕਿ ਪੁਰਾਤਨ ਵਾਰਤਕ ਦੇ ਲੇਖਕਾਂ ਦਾ ਨਾਂ ਲਿਖਤਾਂ ਉਪਰ ਲਿਖਿਆ ਨਹੀਂ ਮਿਲਦਾ ਅਤੇ ਬਹੁਤੀ ਵਾਰੀ ਕੋਈ ਲਿਖਣ ਸਮਾਂ ਵੀ ਨਹੀਂ ਲਿਖਿਆ ਮਿਲਦਾ ਜਦਕਿ ਸਾਡੇ ਆਧੁਨਿਕ ਵਾਰਤਕ ਲਿਖਾਰੀਆਂ ਦੇ ਨਾਂ ਅਤੇ ਲਿਖਣ ਸਮਾਂ ਸਪੱਸ਼ਟ ਹੁੰਦਾ ਹੈ। ਇਸ ਨਾਲ਼ ਅਸੀਂ ਅਜੋਕੇ ਲਿਖਾਰੀਆਂ ਦੇ ਵਿਅਕਤਿਤਵ ਨੂੰ ਉਹਨਾਂ ਦੀਆਂ ਲਿਖਤਾਂ ਵਿਚ ਰੂਪਾਂਤਰਿਤ ਵੇਖਦੇ ਹਾਂ। ਇਹੋ ਨਹੀਂ ਪੁਰਾਤਨ ਵਾਰਤਕ ਵਿਚ ਸਾਨੂੰ ਲਿਖਤਾਂ ਵਿਚ ਮਿਲਾਵਟ ਕੀਤੇ ਜਾਣ ਦੇ ਸੰਕੇਤ ਮਿਲ ਜਾਂਦੇ ਹਨ, ਜਿਸ ਨਾਲ਼ ਉਨ੍ਹਾਂ ਲਿਖਤਾਂ ਦੀ ਪ੍ਰਾਮਣਿਕਤਾ ਸਥਾਪਤ ਕਰਨ ਵਿਚ ਮੁਸ਼ਕਲ ਆਉਂਦੀ ਹੈ। ਇਹੋ ਜਿਹੀ ਮੁਸ਼ਕਲ ਆਧੁਨਿਕ ਵਾਰਤਕ ਵਿਚ ਬਿਲਕੁਲ ਨਹੀਂ।
4. ਆਧੁਨਿਕ ਪੰਜਾਬੀ ਵਾਰਤਕ ਤਰਕ, ਦਲੀਲ, ਸੂਚਨਾ ਅਤੇ ਵਿਗਿਆਨਕਤਾ ਨੂੰ ਆਧਾਰ ਬਣਾ ਕੇ ਚਲਦੀ ਹੈ। ਬੌਧਿਕਤਾ ਉਸ ਦੇ ਅੰਗ ਸੰਗ ਹੁੰਦੀ ਹੈ। ਮੱਧਕਾਲੀਨ ਵਾਰਤਕ ਪੂਰੇ ਤੌਰ ’ਤੇ ਕਾਵਿਕਤਾ ਤੋਂ ਮੁਕਤ ਨਹੀਂ ਹੋ ਸਕੀ। ਇਸੇ ਲਈ ਉਹ ਵਿਸ਼ਵਾਸ ਅਤੇ ਸ਼ਰਧਾ ਦਾ ਹੀ ਸਹਾਰਾ ਲੈਂਦੀ ਹੈ। ਆਧੁਨਿਕ ਵਾਰਤਕ ਗਿਆਨ ਅਤੇ ਚਿੰਤਨ ਨਾਲ਼ ਲੈਸ ਹੋ ਕੇ ਗੱਲ ਅੱਗੇ ਤੋਰਦੀ ਹੈ। ਪੁਰਾਤਨ ਯੁੱਗ, ਕਵਿਤਾ ਦਾ ਯੁੱਗ ਸੀ। ਕਵੀਆਂ ਦਾ ਸਥਾਨ ਪ੍ਰਥਮ ਸੀ ਅਤੇ ਵਾਰਤਕਕਾਰਾਂ ਦਾ ਦੁਜੈਲਾ। ਅੱਜ ਦੇ ਯੁੱਗ ਵਿਚ ਵਾਰਤਕ ਸਿਰਜਕ ਕਿਸੇ ਵੀ ਹੋਰ ਸਾਹਿਤ ਰੂਪ ਸਿਰਜਕ ਦੇ ਬਰਾਬਰ ਦਰਜਾ ਰੱਖਦਾ ਹੈ।
5. ਪੁਰਾਤਨ ਪੰਜਾਬੀ ਵਾਰਤਕ ਕੋਲ਼ ਭਾਸ਼ਾ ਦੀ ਸੀਮਾ ਨਜ਼ਰ ਆਉਂਦੀ ਹੈ। ਹੈਰਾਨੀ ਹੈ ਕਿ ਉਸ ਸਮੇਂ ਦੇ ਕ੍ਰਿੱਸਾ ਕਾਵਿ ਨੂੰ ਹੀ ਲੈ ਲਵੋ; ਕ੍ਰਿੱਸਿਆਂ ਦੀ ਭਾਸ਼ਾ ਵਿਚਲੀ ਪੰਜਾਬੀ ਕਿਤਨੀ ਪ੍ਰਪੱਕ ਹੈ ਜਦਕਿ ਉਸ ਸਮੇਂ ਦੇ ਆਸ-ਪਾਸ ਦੀ ਪੰਜਾਬੀ ਵਾਰਤਕ ਵਿਚ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦੀ ਬਹੁਲਤਾ ਨਜ਼ਰ ਆਉਂਦੀ ਹੈ। ਇਹੋ ਨਹੀਂ ਉਸ ਸਮੇਂ ਦੀ ਵਾਰਤਕ ਵਿਆਕਰਨਕ ਨੇਮਾਂ ਨੂੰ ਵੀ ਬਹੁਤੀ ਮਹੱਤਤਾ ਨਹੀਂ ਦਿੰਦੀ। ਅਜੋਕੀ ਪੰਜਾਬੀ ਵਾਰਤਕ ਸ਼ਬਦਾਵਲੀ ਪੱਖੋਂ ਬੜੀ ਅਮੀਰ ਦਿੱਸ ਆਉਂਦੀ ਹੈ ਅਤੇ ਭਾਸ਼ਕ ਸੰਰਚਨਾ ਨੂੰ ਕੇਂਦਰੀ ਜਾਂ ਟਕਸਾਲੀ ਭਾਸ਼ਾ ਦੇ ਨੇੜੇ ਰੱਖਦੀ ਹੈ। ਵਿਆਕਰਨਕ ਉਲੰਘਣਾਵਾਂ ਤਾਂ ਹੁਣ ਸੰਭਵ ਹੀ ਨਹੀਂ। ਅਜੋਕੀ ਪੰਜਾਬੀ ਵਾਰਤਕ ਭਾਸ਼ਾ ਨੂੰ ਵਿਕਾਸ ਦੇ ਰਾਹੇ ਤੋਰ ਰਹੀ ਹੈ। ਉਹ ਨਵੀਂ ਸ਼ਬਦਾਵਲੀ ਜਾਂ ਵਾਕ ਬਣਤਰਾਂ ਨੂੰ ਨਵੀਆਂ ਚੁਣੌਤੀਆਂ ਦੇ ਹਾਣ ਦਾ ਬਣਾ ਕੇ ਪੇਸ਼ ਕਰ ਰਹੀ ਹੈ। ਇਹ ਗੱਲ ਪੁਰਾਤਨ ਪੰਜਾਬੀ ਵਾਰਤਕ ਪਾਸੋਂ ਸੰਭਵ ਨਹੀਂ ਸੀ।

ਇਵੇਂ, ਅਸੀਂ ਜਾਣਿਆ ਹੈ ਕਿ ਪੰਜਾਬੀ ਵਾਰਤਕ ਦਾ ਨਿਕਾਸ ਤੇ ਵਿਕਾਸ ਦੀ ਯਾਤਰਾ ਕਿਹੋ ਜਿਹੀ ਸੀ। ਪੁਰਾਤਨ ਅਤੇ ਆਧੁਨਿਕ ਪੰਜਾਬੀ ਵਾਰਤਕ ਕਿਹੋ ਜਿਹੀ ਹੈ। ਇਨ੍ਹਾਂ ਦੋਹਾਂ ਕਿਸਮ ਦੀਆਂ ਵਾਰਤਾਵਾਂ ਨੇ ਕੀ-ਕੀ ਸਿਰਜ ਕੇ ਪਾਠਕਾਂ ਨੂੰ ਦਿੱਤਾ? ਉਹ ਸੈਂਪਲ ਜਾਂ ਵੰਨਗੀਆਂ ਕਿਸ ਤਰ੍ਹਾਂ ਦੀਆਂ ਹਨ? ਉਹਨਾਂ ਵਿਚ ਅੰਤਰ ਕੀ ਹਨ ? ਅਤੇ ਅੰਤਰਲੇ ਭਾਗ ਵਿਚ ਅਸੀਂ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਲੇ ਅੰਤਰ ਪਛਾਣ ਦਾ ਯਤਨ ਕੀਤਾ ਹੈ। ਵਿਦਿਆਰਥੀਉ ! ਅੰਤਰ ਅਤੇ ਸਾਂਝਾਂ ਪਛਾਣਨਾ ਇਕ ਵਿਧੀ ਹੈ ਜਿਸ ਰਾਹੀਂ ਅਸੀਂ ਕਿਸੇ ਵਿਸ਼ੇ ਜਾਂ ਸੰਬੰਧਿਤ ਵਿਸ਼ਿਆਂ ਬਾਰੇ ਰਤਾ ਨਜ਼ਦੀਕੀ ਜਾਣਕਾਰੀ ਹਾਸਿਲ ਕਰ ਲੈਂਦੇ ਹਾਂ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ‘ਪੁਰਾਤਨ ਪੰਜਾਬੀ ਵਾਰਤਕ’ ਦੇ ਨਿਕਾਸ ਤੇ ਵਿਕਾਸ ਨਾਲ ਜਾਣ-ਪਛਾਣ ਕਰਾਉ।
2. ‘ਪੁਰਾਤਨ ਪੰਜਾਬੀ ਵਾਰਤਕ’ ਦੀਆਂ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿਉ।

3. 'ਆਧੁਨਿਕ ਪੰਜਾਬੀ ਵਾਰਤਕ' ਦਾ ਮੁੱਢਲਾ ਕਾਲ, ਕਿਸ ਤਰ੍ਹਾਂ ਦੀ ਵਾਰਤਕ ਨਾਲ਼ ਸੰਬੰਧਿਤ ਹੈ ?
4. 'ਪੁਰਾਤਨ ਪੰਜਾਬੀ ਵਾਰਤਕ' ਅਤੇ 'ਅਜੋਕੀ ਪੰਜਾਬੀ ਵਾਰਤਕ' ਵਿਚ ਕੀ ਅੰਤਰ ਹਨ ?
5. ਅਜੋਕੀ ਪੰਜਾਬੀ ਵਾਰਤਕ ਦੇ ਕੋਈ ਦੋ ਰੂਪਾਂ ਬਾਰੇ ਜਾਣਕਾਰੀ ਦਿਉ ।

## ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-3**

**ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ**

### 3. ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ

3.1 1850-1900 ਈ. ਤੱਕ ਦੀ ਵਾਰਤਕ
3.2 ਭਾਈ ਵੀਰ ਸਿੰਘ
3.3 ਪ੍ਰੋ. ਪੂਰਨ ਸਿੰਘ
3.4 ਭਾਈ ਮੋਹਨ ਸਿੰਘ ਵੈਦ
3.5 ਪ੍ਰਿੰਸੀਪਲ ਜੋਧ ਸਿੰਘ
3.6 ਸ. ਲਾਲ ਸਿੰਘ ਕਮਲਾ ਅਕਾਲੀ
3.7 ਸ੍ਰ. ਸ.ਸ. ਚਰਨ ਸਿੰਘ ਸ਼ਹੀਦ
3.8 ਪ੍ਰਿੰ. ਤੇਜਾ ਸਿੰਘ
3.9 ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ
3.10 ਸ੍ਰ. ਕਪੂਰ ਸਿੰਘ ਆਈ.ਸੀ.ਐਸ.
3.11 ਪ੍ਰੋ. ਸਾਹਿਬ ਸਿੰਘ ਦੀ ਵਾਰਤਕ
3.12 ਹਰਿੰਦਰ ਸਿੰਘ ਰੂਪ
3.13 ਈਸ਼ਵਰ ਚਿੱਤਰਕਾਰ
3.14 ਗੁਰਬਚਨ ਸਿੰਘ ਤਾਲਿਬ
3.15 ਡਾ. ਜੀਤ ਸਿੰਘ ਸੀਤਲ
3.16 ਬਾਵਾ ਬਲਵੰਤ
3.17 ਪ੍ਰੋ. ਪ੍ਰੀਤਮ ਸਿੰਘ
3.18 ਡਾ. ਵਣਜਾਰਾ ਬੇਦੀ
3.19 ਡਾ. ਨਰਿੰਦਰ ਸਿੰਘ ਕਪੂਰ
3.20 ਡਾ. ਕਰਨੈਲ ਸਿੰਘ ਸੋਮਲ
3.21 ਡਾ. ਮੋਹਨ ਤਿਆਗੀ
3.22 ਗੁਰਮੀਤ ਸਿੰਘ ਵੈਦਵਾਨ
3.23 ਪ੍ਰੋ. ਗੁਲਵੰਤ ਸਿੰਘ
3.24 ਕੁਝ ਹੋਰ ਆਧੁਨਿਕ ਵਾਰਤਕਕਾਰ
3.25 ਸਿੱਟਾ

# ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ

ਪਿਆਰੇ ਵਿਦਿਆਰਥੀਓ ! ਆਧੁਨਿਕ ਪੰਜਾਬੀ ਕਵਿਤਾ ਵਾਂਗ ਆਧੁਨਿਕ ਵਾਰਤਕ ਦਾ ਆਰੰਭ ਵੀ 1850 ਤੋਂ ਮੰਨਿਆ ਜਾਂਦਾ ਹੈ। ਇਹ ਉਹ ਕਾਲ ਹੈ ਜਦੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਸੀ ਅਤੇ ਉਨ੍ਹਾਂ ਨੇ ਹੌਲੀ-ਹੌਲੀ ਪੰਜਾਬੀ ਵਿੱਦਿਆ, ਸਭਿਆਚਾਰ ਅਤੇ ਹੋਰ ਕਈ ਗੱਲਾਂ ਤੇ ਆਪਣਾ ਪ੍ਰਭਾਵ ਪਾਉਣਾ ਆਰੰਭ ਕਰ ਦਿੱਤਾ ਸੀ।

**3.1 1850-1900 ਈ. ਤੱਕ ਦੀ ਵਾਰਤਕ:-** ਜਿਨ੍ਹਾਂ ਵਾਰਤਕਕਾਰਾਂ ਨੇ ਇਸ ਕਾਲ ਵਿਚ ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਹਿੱਸਾ ਪਾਇਆ ਉਨ੍ਹਾਂ ਵਿਚੋਂ ਕੁੱਝ ਨਾਂ ਹਨ- ਗਿਆਨੀ ਸਰਦੂਲ ਸਿੰਘ, ਕੰਵਰ ਬਿਕਰਮ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਪੰਡਤ ਸ਼ਰਧਾ ਰਾਮ ਫ਼ਿਲੋਰੀ, ਗਿਆਨੀ ਹਜਾਰਾ ਸਿੰਘ, ਡਾ. ਚਰਨ ਸਿੰਘ, ਬਿਹਾਰੀ ਲਾਲ ਪੁਰੀ, ਪੰਡਤ ਤਾਰਾ ਸਿੰਘ ਨਰੋਤਮ, ਬਾਬਾ ਸੁਮੇਰ ਸਿੰਘ ਆਦਿ।

ਗਿਆਨੀ ਦਿੱਤ ਸਿੰਘ ਦੀਆਂ ਵਾਰਤਕ ਰਚਨਾਵਾਂ ਹਨ :- ਨੀਤੀ ਪ੍ਰਕਾਸ਼, ਗੁਰਬਾਣੀ ਪ੍ਰਬੋਧ, ਨਕਲੀ ਸਿੱਖ, ਸ੍ਰੀ ਗੁਰੂ ਅਰਜਨ ਪ੍ਰਬੰਧ, ਦੁਰਗਾ ਪ੍ਰਬੋਧ, ਦੰਭ ਵਿਚਾਰਨ ਆਦਿ ਪੁਸਤਕਾਂ ਲਿਖੀਆਂ।

ਪ੍ਰੋ. ਗੁਰਮੁਖ ਸਿੰਘ ਜੀ ਨੇ ਗੁਰਮੁਖੀ ਅਖ਼ਬਾਰ, ਖ਼ਾਲਸਾ ਰਾਜ ਅਤੇ ਰਸਾਲਾ ਸੁਧਾਰਕ ਪ੍ਰਚਲਿਤ ਕਰਨ ਤੋਂ ਬਿਨਾ ਕੁੱਝ ਪੰਜਾਬੀ ਪਾਠ ਪੁਸਤਕਾਂ ਵੀ ਲਿਖੀਆਂ।

ਪੰਡਤ ਸ਼ਰਧਾ ਰਾਮ ਫ਼ਿਲੋਰੀ ਨੇ 'ਪੰਜਾਬੀ ਬਾਤ-ਚੀਤ' ਅਤੇ 'ਸਿੱਖ ਰਾਜ ਦੀ ਵਿਥਿਆ' ਦੋ ਵਾਰਤਕ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ।'ਪੰਜਾਬੀ ਬਾਤ ਚੀਤ' ਉਸ ਸਮੇਂ ਦੇ ਪੰਜਾਬੀ ਸਭਿਆਚਾਰ ਦਾ ਦਰਪਣ ਆਖੀ ਜਾ ਸਕਦੀ ਹੈ।

ਬਿਹਾਰੀ ਲਾਲ ਪੁਰੀ ਨੇ ਵਿੱਦਿਆ ਰਤਨਾਕਰ, ਚਰਿਤਾਵਲੀ, ਅਨੇਕ ਦਰਸ਼ਨ, ਪੰਜਾਬੀ ਵਿਆਕਰਨ, ਅਖਾਣ ਕੋਸ਼ ਆਦਿ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ।

ਸ੍ਰ. ਕਰਮ ਸਿੰਘ ਹਿਸਟੋਰੀਅਨ ਨੇ ਸਿੱਖ ਇਤਿਹਾਸ ਨੂੰ ਕੁਝ ਪੁਸਤਕਾਂ ਦੇ ਕੇ ਇਕ ਲੜੀਵਾਰ ਸਰੂਪ ਦਿੱਤਾ।ਡਾ. ਚਰਨ ਸਿੰਘ ਨੇ ਮਹਾਰਾਣੀ ਸ਼ਰਾਬ ਕੌਰ, ਜੰਗ ਮਡੋਲੀ, ਬਾਣੀ ਬਿਉਰਾ ਅਤੇ ਸ਼ਬਦ ਬ੍ਰਿਤੀ ਪ੍ਰਕਾਸ਼ ਆਦਿ ਪੁਸਤਕਾਂ ਦੇ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ।

ਇਸ ਤੋਂ ਬਿਨਾ ਸਿੰਘ ਸਭਾ ਲਹਿਰ, ਈਸਾਈ ਮਿਸ਼ਨਰੀ, ਕੂਕਾ ਲਹਿਰ ਆਦਿ ਲਹਿਰਾਂਦੇ ਪ੍ਰਭਾਵ ਅਧੀਨ ਅਤੇ ਨਿਰਮਲਾ ਉਦਾਸੀ ਦੇ ਪ੍ਰਭਾਵ ਅਧੀਨ ਵੀ ਕਾਫੀ ਸਾਰਾ ਵਾਰਤਕਸਾਹਿਤ ਰਚਿਆ ਗਿਆ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਗਦਰ ਲਹਿਰ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਬਹੁਤ ਸਾਰਾ ਵਾਰਤਕ ਸਾਹਿਤ ਲਿਖਿਆ ਗਿਆ। ਇਸ ਵਾਰਤਕ ਸਾਹਿਤ ਨੂੰ ਡਾ. ਕੇਸਰ ਸਿੰਘ ਹੋਰਾਂ ਨੇ ਪੰਜਾਬੀ ਯੂਨੀਵਰਸਿਟੀ ਲਈ ਸੰਪਾਦਨ ਕਰਕੇ ਪ੍ਰਕਾਸ਼ਿਤ ਕਰਵਾਇਆ।

**3.2 ਭਾਈ ਵੀਰ ਸਿੰਘ :-** ਵੀਹਵੀਂ ਸਦੀ ਵਿਚ ਆਧੁਨਿਕ ਵਾਰਤਕ ਦੇ ਮੋਢੀ ਭਾਈ ਵੀਰ ਸਿੰਘ ਜੀ ਹਨ। ਭਾਈ ਵੀਰ ਸਿੰਘ ਦੀ ਵਾਰਤਕ ਧਾਰਮਿਕ ਵਲਗਣਾਂ ਅੰਦਰ ਸੀਮਤ ਰਹੀ, ਇਸ ਲਈ ਗ਼ੈਰ-ਧਾਰਮਿਕ ਆਧੁਨਿਕ ਵਾਰਤਕ ਦਾ ਆਰੰਭ ਬਾਵਾ ਬੁੱਧ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੋਂ ਹੀ ਮੰਨਣਾ ਚਾਹੀਦਾ ਹੈ। ਭਾਈ ਵੀਰ ਸਿੰਘ ਨੇ ਚਮਤਕਾਰਾਂ ਦੇ ਰੂਪ ਵਿਚ ਕੁਝ ਪੁਸਤਕਾਂ ਦੇ ਮੁੱਖ-ਬੰਦਾਂ ਦੇ ਰੂਪ ਵਿਚ ਅਤੇ ਨਾਵਲਾਂ ਦੇ ਰੂਪ ਵਿਚ ਪੰਜਾਬੀ ਸਾਹਿਤ ਨੂੰ ਵਾਰਤਕ ਰਚਨਾਵਾਂ ਦਿੱਤੀਆਂ ਹਨ। ਭਾਈ ਵੀਰ ਸਿੰਘ ਜੀ ਪਿੱਛੋਂ ਦੀ ਪੰਜਾਬੀ ਵਾਰਤਕ ਸਮਾਜਿਕ ਮਨੋਰਥ ਅਤੇ ਧਾਰਮਿਕ ਪਿੜ ਵਿਚੋਂ

ਨਿਕਲ ਕੇ ਭਾਈਚਾਰਕ ਤੇ ਫਿਰ ਸਮਾਜ ਸੁਧਾਰ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਇਸ ਦੇ ਨਾਲ-ਨਾਲ ਦੇਸ਼ ਪਿਆਰ ਦੀ ਭਾਵਨਾ ਕੁਦਰਤੀ ਫੁਹਾਰੇ ਵਾਂਗ ਨਿਕਲਦੀ ਹੈ। ਇਸ ਦੌਰ ਵਿਚ ਸਭ ਤੋਂ ਵੱਧ ਨਿਖਾਰ ਵਾਰਤਕ ਵਿਚ ਆਇਆ। ਸਮਾਜਿਕ ਅੰਦੋਲਨਾਂ ਖਾਤਰ ਮਣਾਂ-ਮੂੰਹੀ ਵਾਰਤਕ ਸਾਹਿਤ, ਅਖਬਾਰਾਂ, ਰਸਾਲਿਆਂ, ਪੈਂਫਲਿਟਾਂ, ਟ੍ਰੈਕਟਾਂ ਆਦਿ ਰਾਹੀਂ ਛਪਿਆ। ਸਾਹਿਤ ਦੇ ਇਤਿਹਾਸ ਦੀ ਖੋਜ ਵੀ ਸ਼ੁਰੂ ਹੋ ਗਈ। ਭਾਈ ਸਾਹਿਬ ਦੀ ਵਾਰਤਕ ਦਾ ਕੇਂਦਰ ਬਿੰਦੂ ਸਿੱਖ ਇਤਿਹਾਸ, ਗੁਰਮਤਿ ਸਿੱਧਾਂਤ ਅਤੇ ਜੀਵਨ ਗਥਾਵਾਂ ਅਤੇ ਗੁਰਬਾਣੀ ਦੀ ਵਿਆਖਿਆ ਆਦਿ ਹੈ।

3.3 **ਪ੍ਰੋ. ਪੂਰਨ ਸਿੰਘ :-** ਪ੍ਰੋ. ਪੂਰਨ ਸਿੰਘ ਭਾਈ ਵੀਰ ਸਿੰਘ ਤੋਂ ਅਗਲਾ ਵਾਰਤਕ ਲੇਖਕ ਹੈ। ਉਸ ਦੀ ਪੁਸਤਕ 'ਖੁੱਲ੍ਹੇ ਲੇਖ' ਦਾ ਪੰਜਾਬੀ ਵਾਰਤਕ ਅੰਦਰ ਖਾਸ ਸਥਾਨ ਹੈ, ਕਿਉਂਕਿ ਇੱਥੇ ਹੀ ਪੰਜਾਬੀ ਵਾਰਤਕ ਦੀਆਂ ਸੰਭਾਵਨਾਵਾਂ ਉਘੜਦੀਆਂ ਹਨ।ਪ੍ਰੋ. ਨਵ ਸੰਗੀਤ ਸਿੰਘ ਨੇ ਪ੍ਰੋ. ਪੂਰਨ ਸਿੰਘ ਦੀ ਪੁਸਤਕ 'ਖੁਲ੍ਹੇ ਲੇਖ' ਦਾ ਅਧਿਐਨ ਕੀਤਾ ਹੈ। ਉਹ ਲਿਖਦੇ ਹਨ- ਪ੍ਰੋ ਪੂਰਨ ਸਿੰਘ ਪੰਜਾਬੀ ਦਾ ਪਹਿਲਾ ਨਿਬੰਧਕਾਰ ਹੈ। ਉਸ ਤੋਂ ਪਹਿਲਾਂ ਨਿਬੰਧ ਦੀ ਪਰੰਪਰਾ ਸਾਡੇ ਸਾਹਿਤ ਵਿਚ ਮੌਜੂਦ ਨਹੀਂ ਸੀ। ਪੂਰਨ ਸਿੰਘ ਨੇ ਅਮਰੀਕਾ ਦੇ ਕੁਝ ਲੇਖਕਾਂ ਐਮਰਸਨ (Emerson), ਕਾਰਲਾਇਲ (Carlyle), ਥਰ (Thorea) ਆਦਿ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਨਿਬੰਧ ਰਚੇ। ਇਸੇ ਲਈ ਉਸ ਦੇ ਨਿਬੰਧਾਂ ਵਿਚ ਮਾਨਵਤਾਵਾਦ ਅਤੇ ਖੁੱਲ੍ਹ-ਦਿਲੀ ਦੇ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਪੂਰਨ ਸਿੰਘ ਉੱਪਰ ਸਿੱਖ ਰਹੱਸਵਾਦ ਦਾ ਵੀ ਕਾਫੀ ਪ੍ਰਭਾਵ ਹੈ ਜਿਹੜਾ ਉਸ ਨੇ ਭਾਈ ਵੀਰ ਸਿੰਘ ਦੀ ਸ਼ਖਸੀਅਤ ਅਤੇ ਸਿੱਖਿਆ ਤੋਂ ਗ੍ਰਹਿਣ ਕੀਤਾ। ਸਭ ਤੋਂ ਵੱਧ ਪੂਰਨ ਸਿੰਘ ਦਾ ਕਵੀਤਵ ਉਸ ਦੇ ਲੇਖਾਂ ਵਿਚੋਂ ਹੀ ਝਲਕਦਾ ਹੈ।

ਨੈਤਿਕਤਾ ਨਾਲ ਸੰਬੰਧਿਤ ਉਸ ਦੇ ਇਨ੍ਹਾਂ ਲੇਖਾਂ ਵਿਚ 'ਕਿਰਤ', 'ਮਿੱਤਰਤਾ', 'ਕਿਰਤ ਤੇ ਮਿੱਠਾ ਬੋਲਣਾ ਵੀ ਸ਼ਾਮਿਲ ਹਨ। ਕਿਰਤ ਦੀ ਵਿਆਖਿਆ ਕਰਦਾ ਹੋਇਆ ਉਹ ਲਿਖਦਾ ' ਹੈ ਕਿ ਦਿਵਯ ਗੁਣਾਂ ਨੂੰ ਆਪਣੀ ਸ਼ਖਸੀਅਤ ਵਿਚ ਉਜਾਗਰ ਕਰਨ ਲਈ ਆਦਮੀ ਨੂੰ ਸਦਾ ਕਿਰਤ ਵਿਚ ਲੀਨ ਰਹਿਣਾ ਚਾਹੀਦਾ ਹੈ।

"ਜਿਸ ਦੇ ਹੱਥ ਵਿਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ ਅਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।"

ਡਾ. ਊਸ਼ਾ ਖੰਨਾ ਨੇ ਇਹ ਚਰਚਾ ਛੇੜੀ ਹੈ। ਉਹ ਕਹਿੰਦੇ ਹਨ ਕਿ ਉਂਝ ਤਾਂ ਪ੍ਰੋ. ਪੂਰਨ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਮੰਨਿਆ ਜਾਂਦਾ ਹੈ, ਪਰ ਅਸਲ ਵਿਚ ਇਸ ਗੱਲ ਦਾ ਸਿਹਰਾ ਬਾਵਾ ਬੁੱਧ ਸਿੰਘ ਨੂੰ ਜਾਂਦਾ ਹੈ, ਭਾਵੇਂ ਉਸ ਸਮੇਂ ਤਕ ਉਨ੍ਹਾਂ ਦੀ ਕੋਈ ਪੁਸਤਕ ਨਹੀਂ ਛਪੀ ਸੀ। ਉਹ ਲਿਖਦੇ ਹਨ- "ਪੰਜਾਬੀ ਸਾਹਿਤ ਜਗਤ ਵਿਚ ਪ੍ਰੋ. ਪੂਰਨ ਸਿੰਘ ਨੂੰ ਮੋਢੀ ਨਿਬੰਧਕਾਰ ਦਾ ਦਰਜਾ ਦਿੱਤਾ ਜਾਂਦਾ ਹੈ, ਪਰ ਬਾਵਾ ਬੁੱਧ ਸਿੰਘ ਨੇ ਉਸ ਤੋਂ ਪਹਿਲਾਂ ਇਸ ਖੇਤਰ ਵਿਚ ਕੰਮ ਕਰਨਾ ਆਰੰਭ ਕਰ ਦਿੱਤਾ ਸੀ। ਇਸ ਲਈ ਉਸ ਦੇ ਨਿਬੰਧਾਂ ਦੀ ਹੋਂਦ ਵਿਚ ਇਸ ਧਾਰਨਾ ਨੂੰ ਬਦਲਣ ਦੀ ਲੋੜ ਮਹਿਸੂਸ ਹੁੰਦੀ ਹੈ। ਲੇਖਕ ਨੂੰ ਆਪਣੇ ਨਿਬੰਧ ਪੁਸਤਕ ਰੂਪ ਵਿਚ ਛਪਾਉਣ ਦਾ ਸਮਾਂ ਨਹੀਂ ਸੀ ਮਿਲਿਆ, ਇਹੋ ਕਾਰਨ ਹੈ ਕਿ ਉਸ ਦੇ ਅਨੇਕਾਂ ਨਿਬੰਧ ਵੱਖ-ਵੱਖ ਪੱਤਰ-ਪੱਤਰਕਾਵਾਂ ਅਤੇ ਪੁਸਤਕਾਂ ਦੀਆਂ ਜਾਂ ਭੂਮਿਕਾਵਾਂ ਜਾਂ ਉਥਾਨਕਾਂ ਦੇ ਰੂਪ ਵਿਚ ਖਿਲਰੇ ਪਏ ਹਨ।

3.4 **ਭਾਈ ਮੋਹਨ ਸਿੰਘ ਵੈਦ :-** ਸਿੰਘ ਸਭਾ ਦੇ ਪ੍ਰਭਾਵ ਸਦਕੇ ਡਾ. ਮੋਹਨ ਸਿੰਘ ਵੈਦ ਨੇ ਪੰਜਾਬੀ ਵਾਰਤਕ ਵਿਚ ਯੋਗਦਾਨ ਪਾਇਆ। ਆਰੰਭ ਵਿਚ ਆਪਨੇ 'ਖਾਲਸਾ ਸਮਾਚਾਰ' ਪੱਤਰ ਵਿਚ ਕੁਝ ਧਾਰਮਿਕ ਅਤੇ ਸਮਾਜ ਸੁਧਾਰਕ ਲੇਖ ਲਿਖੇ।ਇਸ ਪਿੱਛੋਂ ਉਨ੍ਹਾਂ ਦੇ ਲੇਖ ਆਪਣੀ ਪੱਤਰਕਾ 'ਦੁੱਖ ਨਿਵਾਰਨ' ਵਿਚ ਵੀ ਛਪਦੇ ਰਹੇ। ਉਨ੍ਹਾਂ ਨੇ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਸੁਦੇਸ਼ ਭਾਸ਼ਾ ਪ੍ਰਚਾਰ ਲੜੀ ਯੋਜਨਾ ਆਰੰਭੀ, ਜਿਸ ਅਧੀਨ ਅੰਗਰੇਜ਼ੀ ਨਿਬੰਧਕਾਰ ਬੇਕਨ ਦੇ ਨਿਬੰਧ ਪ੍ਰਕਾਸ਼ਿਤ ਹੁੰਦੇ ਰਹੇ ਜਿਨ੍ਹਾਂ ਨੂੰ ਪਿੱਛੋਂ ਪੁਸਤਕ ਦਾ ਰੂਪ ਦਿੱਤਾ ਗਿਆ।

**3.5 ਪ੍ਰਿੰਸੀਪਲ ਜੋਧ ਸਿੰਘ** :- ਪੰਜਾਬੀ ਦੇ ਉੱਘੇ ਵਿਦਵਾਨ ਡਾ. ਜੋਧ ਸਿੰਘ ਨੇ ਵੀ ਆਧੁਨਿਕ ਪੰਜਾਬੀ ਵਾਰਤਕ ਦਾ ਖਜ਼ਾਨਾ ਆਪਣੀਆਂ ਵਾਰਤਕ ਪੁਸਤਕਾਂ ਨਾਲ ਭਰਪੂਰ ਕੀਤਾ। ਉਨ੍ਹਾਂ ਦੀਆਂ ਪੁਸਤਕਾਂ ਦੇ ਨਾਂ ਹਨ- ਗੁਰਮਤਿ ਨਿਰਣਯ, ਸਿੱਖੀ ਕੀ ਹੈ ? ਗੁਰੂ ਸਾਹਿਬਾਨ ਤੇ ਵੇਦ, ਕਰਤਾਰਪੁਰੀ ਬੀੜ ਦੇ ਦਰਸ਼ਨ, ਪ੍ਰਾਚੀਨ ਬੀੜਾਂ ਬਾਰੇ ਆਦਿ। ਆਪ ਦੀ ਵਾਰਤਕ ਬਾਰੇ ਡਾ. ਕੋਹਲੀ ਨੇ ਲਿਖਿਆ ਹੈ "ਆਪ ਨੇ ਗੁਰਮਤਿ ਸਿੱਧਾਂਤਾਂ ਦੀ ਵਿਆਖਿਆ ਆਧੁਨਿਕ ਪਦਾਰਥਵਿਗਿਆਨ ਤੇ ਮਨੋਵਿਗਿਆਨ ਦੀਆਂ ਪ੍ਰਾਪਤੀਆਂ ਨਾਲ ਜੋੜ ਕੇ ਇਸ ਨੂੰ ਬੌਧਿਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਆਪ ਦੇ ਵਿਸ਼ੇ ਧਾਰਮਿਕ ਹਨ, ਪਰ ਸ਼ੈਲੀ ਉੱਤੇ ਧਾਰਮਿਕ ਭਾਵਾਂ ਦਾ ਕੋਈ ਭਾਰ ਨਹੀਂ ਹੈ। ਦਾਰਸ਼ਨਿਕ ਢੰਗ ਅਪਣਾ ਕੇ ਆਪ ਨੇ ਪੇਸ਼ ਨੁਕਤਿਆਂ ਨੂੰ ਕਈ ਉਕਤੀਆਂ ਜੁਗਤੀਆਂ ਨਾਲ ਸਪੱਸ਼ਟ ਕੀਤਾ ਹੈ। ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ 'ਤੋਂ ਵੱਧ ਗੱਲ ਆਖਣੀ ਆਪ ਦੀ ਸ਼ੈਲੀ ਦਾ ਵਿਸ਼ੇਸ਼ ਗੁਣ ਹੈ। ਸੰਜਮ, ਸਪਸ਼ਟਤਾ ਤੇ ਸਰਲਤਾ ਆਪ ਦੀ - ਵਾਰਤਕ ਦੇ ਮੁੱਖ ਲੱਛਣ ਹਨ। ਗੁਰਮਤਿ ਸਿਧਾਂਤ ਆਪ ਦੀ ਵਾਰਤਕ ਰਚਨਾ ਦੇ ਕੇਂਦਰ ਬਿੰਦੂ ਹਨ।

**3.6 ਸ. ਲਾਲ ਸਿੰਘ ਕਮਲਾ ਅਕਾਲੀ :-** ਭਾਈ ਜੋਧ ਸਿੰਘ ਦੇ ਸਮਕਾਲੀ ਇਕ ਹੋਰ ਵਾਰਤਕਕਾਰ ਹਨ ਸ. ਲਾਲ ਸਿੰਘ ਕਮਲਾ ਅਕਾਲੀ। ਉਨ੍ਹਾਂ ਨੇ ਆਧੁਨਿਕ ਪੰਜਾਬੀ ਵਾਰਤਕ ਨੂੰ ਤਿੰਨ-ਚਾਰ ਪੁਸਤਕਾਂ ਦਿੱਤੀਆਂ- ਮੇਰਾ ਵਲਾਇਤੀ ਸਫ਼ਰਨਾਮਾ, ਜੀਵਨ ਨੀਤੀ, ਮੌਤ ਰਾਣੀ ਦਾ ਘੁੰਡ, ਮਨ ਦੀ ਮੌਜ, ਵਿਗਿਆਨਕ ਲੇਖ ਆਦਿ ਵਾਰਤਕਕਾਰ ਕਮਲਾ ਅਕਾਲੀ ਦੇ ਵਿਸ਼ੇ ਬੜੇ ਨਿਰੋਲ ਅਤੇ ਨਿਵੇਕਲੇ ਹਨ।ਉਨ੍ਹਾਂ ਦੇ ਨਿਬੰਧ ਕਾਫ਼ੀ ਹਲਕੇ-ਫੁਲਕੇ ਅਤੇ ਵਿਨੋਦਮਈ ਹਨ। ਜਿਵੇਂ- ਜੱਟ ਦਾ ਆਰਟ, ਚਲਦਾ ਹੋਟਲ, ਕਮਾਲ, ਦੋ ਕੋਟ, ਪੈਰ ਦੀ ਜੁੱਤੀ ਆਦਿ।ਉਸ ਬਾਰੇ ਇਕ ਵਿਦਵਾਨ ਨੇ ਠੀਕ ਹੀ ਕਿਹਾ ਹੈ ਕਿ ਉਹ ਉਦਾਰਚਿਤ ਲੇਖਕ ਹੈ ਤੇ ਉਸ ਨੇ ਆਪਣੀਆਂ ਲਿਖਤਾਂ ਵਿਚ ਪੰਜਾਬ ਦੀ ਸਭਿਅਤਾ ਨੂੰ ਅੱਖੋਂ ਉਹਲੇ ਨਹੀਂ ਹੋਣ ਦਿੱਤਾ। ਵਿਗਿਆਨਕ ਵਿਸ਼ਿਆਂ ਬਾਰੇ ਲਿਖਦਿਆਂ ਵੀ ਉਸ ਦਾ ਦ੍ਰਿਸ਼ਟੀਕੋਣ ਪੰਜਾਬ ਦੇ ਸਾਧਾਰਨ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਕਿਸੇ ਵੀ ਦਾਰਸ਼ਨਿਕ ਵਿਸ਼ੇ ਬਾਰੇ ਲਿਖ ਰਿਹਾ ਹੋਵੇ, ਪੂਰਬ ਜਾਂ ਪੱਛਮ ਦੇ ਵਿਦਵਾਨਾਂ ਦੇ ਵਿਚਾਰ ਦੇ ਰਿਹਾ ਹੋਵੇ, ਪਰ ਆਪਣੀ ਗੱਲ ਦੀ ਪੁਸ਼ਟੀ ਲਈਗੁਰਬਾਣੀ ਦੀਆਂ ਤੁਕਾਂ ਜ਼ਰੂਰ ਦਿੰਦਾ ਹੈ। ਪੰਜਾਬੀ ਵਾਰਤਕ ਵਿਚ ਮੌਲਿਕ ਢੰਗ ਦੇ ਸਿਰਜਣਾਤਮਕ ਤੇ ਮੌਲਿਕ ਨਿਬੰਧਾਂ ਕਾਰਨ ਉਸ ਦਾ ਵਿਸ਼ੇਸ਼ ਆਦਰਯੋਗ ਸਥਾਨ ਹੈ। ਸੁਲਝਿਆ ਹੋਇਆ ਹਾਸ-ਰਸ ਵੀ ਉਸ ਨੇ ਆਪਣੀ ਵਾਰਤਕ ਰਾਹੀਂ ਪਾਠਕਾਂ ਤੱਕ ਪਹੁੰਚਾਇਆ ਹੈ।

**3.7 ਸ੍ਰ. ਸ.ਸ. ਚਰਨ ਸਿੰਘ ਸ਼ਹੀਦ :-** ਸ਼ਹੀਦ ਨੇ ਪੰਜਾਬੀ ਪੱਤਰਕਾਰੀ ਦੁਆਰਾ ਪੰਜਾਬੀ ਵਾਰਤਕ ਵਿਚ ਪ੍ਰਵੇਸ਼ ਕੀਤਾ। ਵੱਖ-ਵੱਖ ਪਤ੍ਰਿਕਾਵਾਂ ਵਿਸ਼ੇਸ਼ ਕਰਕੇ 'ਮੰਜੀ' ਵਿਚ ਪ੍ਰਕਾਸ਼ਿਤ ਉਸ ਦੇ ਲੇਖਾਂ ਵਿਚ ਹਾਸ-ਰਸ ਅਤੇ ਵਿਅੰਗ ਮੌਜੂਦ ਹੁੰਦਾ ਹੈ। ਉਸ ਦੁਆਰਾ ਵਰਤੋਂ ਕੀਤੀ ਵਾਰਤਕ ਸ਼ੈਲੀ ਨਾ ਸਿਰਫ ਸੁਆਦਲੀ ਸੀ, ਸਗੋਂ ਪਾਠਕਾਂ ਗਲਤੀਆਂ ਬਾਰੇ ਖਬਰਦਾਰ ਵੀ ਕਰਦੀ ਸੀ। ਇਨ੍ਹਾਂ ਵਿਚ ਉਸ ਦੇ ਲੇਖਾਂ ਦਾ ਪਾਤਰ ਬਾਬਾ ਵਰਿਆਮਾ ਪੰਜਾਬੀ ਪਾਠਕਾਂ ਦੇ ਘਰ-ਘਰ ਦੀ ਚਰਚਾ ਦਾ ਵਿਸ਼ਾ ਬਣਿਆ ਰਿਹਾ।

**3.8 ਪ੍ਰਿੰ. ਤੇਜਾ ਸਿੰਘ :-** ਪ੍ਰਿੰ. ਤੇਜਾ ਸਿੰਘ ਨੇ ਇਕ ਨਵੀਂ ਤਰ੍ਹਾਂ ਦੀ ਵਾਰਤਕ ਪੰਜਾਬੀ ਸਾਹਿਤ ਨੂੰ ਦਿੱਤੀ। ਉਸ ਦੀ ਵਾਰਤਕ ਅੰਦਰ ਕਹਿਰਾਂ ਦੀ ਸਰਲਤਾ ਅਤੇ ਸਪੱਸ਼ਟਤਾ ਹੈ, ਸੰਬੋਧਨਾਤਮਕਤਾ ਵੀ ਹੈ। ਜਿਵੇਂ ਉਹ ਸਾਡੇ ਨਾਲ ਗੱਲਾਂ ਕਰ ਰਹੇ ਹੋਣ, ਪਰ ਨਾਲ ਹੀ ਡੂੰਘੇ ਭਾਵ ਵੀ ਉਨ੍ਹਾਂ ਦੀ ਵਾਰਤਕ ਅੰਦਰ ਸਾਨੂੰ ਮਿਲਦੇ ਹਨ। ਪ੍ਰਿੰ. ਤੇਜਾ ਸਿੰਘ ਦੀਆਂ ਕਈ ਵਾਰਤਕ-ਪੁਸਤਕਾਂ ਪ੍ਰਕਾਸ਼ਿਤ ਹੋਈਆਂ, 'ਨਵੀਆਂ ਸੋਚਾਂ', 'ਸਾਹਿਤ ਦਰਸ਼ਨ' ਇਨ੍ਹਾਂ ਦੀਆਂ ਹੀ ਲਿਖੀਆਂ ਪੁਸਤਕਾਂ ਹਨ।

ਇਨ੍ਹਾਂ ਦੀ ਵਾਰਤਕ ਬਾਰੇ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ- ਸਾਦਗੀ, ਸਪੱਸ਼ਟਤਾ, ਸੁਖੈਨਤਾ, ਸੰਖੇਪਤਾ ਅਤੇ ਸਰਲਤਾ ਤੇਜਾ ਸਿੰਘ ਦੀ ਲਿਖਤ ਦੇ ਵਿਸ਼ੇਸ਼ ਗੁਣ ਹਨ। ਇਨ੍ਹਾਂ ਵਿਚ ਨਾ ਵਾਧੂ ਬੋਲੜਾ ਫੈਲਾਓ ਹੈ ਤੇ ਨਾ ਹੱਦੋਂ ਵੱਧ ਸੰਖੇਪਤਾ।

ਇਸ ਨੇ ਪੰਜਾਬੀ ਵਿਚ ਕਈ ਸਭਿਆਚਾਰਕ, ਇਤਿਹਾਸਕ ਅਤੇ ਸਾਹਿਤਕ ਲੇਖ ਲਿਖੇ ਹਨ, ਪਰ ਔਖੇ-ਔਖੇ ਉਰਦੂ, ਫ਼ਾਰਸੀ, ਹਿੰਦੀ ਜਾਂ ਸੰਸਕ੍ਰਿਤ ਸ਼ਬਦ ਵਰਤਣ ਤੋਂ ਬਿਨਾ ਹੀ ਆਪਣੇ ਭਾਵਾਂ ਨੂੰ ਸਾਦੀ ਬੋਲੀ ਵਿਚ ਸਪਸ਼ਟ ਕਰਕੇ ਦੱਸਿਆ ਹੈ।ਲੇਖਾਂ ਵਿਚ ਵਾਕਵੀ ਦਾ ਭੰਡਾਰ ਹੈ।

3.9 **ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ :-** ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਅਲੰਕ੍ਰਿਤ ਕਿਸਮ ਦੀ ਰੁਮਾਂਟਿਕ ਜਿਹੀ ਵਾਰਤਕ ਦੀ ਨੀਂਹ ਰੱਖੀ। ਪੰਜਾਬੀ ਵਾਰਤਕ ਨੂੰ ਉਸ ਗਹਿਣੇ ਪਾ ਕੇ ਸਜਾਇਆ। ਉਸ ਦੀ ਵਾਰਤਕ ਉੱਪਰ ਅੰਗਰੇਜ਼ੀ ਪ੍ਰਭਾਵ ਸਪੱਸ਼ਟ ਹਨ। ਉਹ ਆਪਣੀ ਵਾਰਤਕ ਨੂੰ ਅਲੰਕਾਰਾਂ ਨਾਲ ਭਰ ਦਿੰਦਾ ਹੈ। ਉਸ ਦਾ ਵਾਰਤਕ ਲਿਖਣ ਦਾ ਅੰਦਾਜ਼ ਨਿਰਾਲਾ ਹੈ। ਉਸ ਦੀਆਂ ਪ੍ਰਸਿੱਧ ਵਾਰਤਕ ਪੁਸਤਕਾਂ ਹਨ- ਨਵਾਂ ਸ਼ਿਵਾਲਾ, ਇਸ ਦੁਨੀਆ ਦੇ ਤੇਰਾਂ ਸੁਪਨੇ, ਖੁੱਲ੍ਹਾ ਦਰ, ਪ੍ਰਸੰਨ ਲੰਮੀ ਉਮਰ, ਪਰਮ ਮਨੁੱਖ, ਮੰਜ਼ਲ ਦਿਸ ਪਈ, ਜ਼ਿੰਦਗੀ ਦੀ ਕਵਿਤਾ, ਮਨੋਹਰ ਸ਼ਖਸੀਅਤ ਅਤੇ ਤਿੰਨ ਭਾਗਾਂ ਵਿਚ ਪ੍ਰਕਾਸ਼ਿਤ ਸਵੈ-ਜੀਵਨੀ। ਇਨ੍ਹਾਂ ਵਾਰਤਕ ਪੁਸਤਕਾਂ ਵਿਚ ਉਸ ਨੇ ਸੰਤੁਲਿਤ ਜੀਵਨ, ਸਿਹਤ, ਰਾਜਨੀਤੀ, ਧਰਮ, ਲਿੰਗ ਸਮੱਸਿਆਵਾਂ, ਔਰਤ ਦਾ ਸਥਾਨ, ਸਹਿਜ ਪਿਆਰ ਆਦਿ ਵਿਸ਼ਿਆਂ ਨੂੰ ਨਿਭਾਇਆ ਹੈ। ਉਸ ਦੀ ਵਾਰਤਕ ਸ਼ੈਲੀ ਵਿਚ ਕਈ ਰੰਗ ਹਨ। ਕਿਤੇ ਤਾਂ ਉਹ ਦਾਰਸ਼ਨਿਕ ਹੈ, ਕਿਤੇ ਕਾਵਿਕ ਅਤੇ ਵਿਆਖਿਆਤਮਕ ਤੇ ਕਿਧਰੇ ਬਿਆਨੀਆ ਰੰਗ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸ ਦੀ ਸ਼ਖਸੀਅਤ ਦੀ ਛਾਪ ਉਸ ਦੀ ਹਰ ਰਚਨਾ 'ਤੇ ਹੁੰਦੀ ਹੈ। ਉਸ ਦੀ ਸ਼ਬਦ ਚੋਣ ਬੜੀ ਸੁਚੇਤ, ਭਾਵ ਪੂਰਤ ਤੇ ਰਸ ਭਰਪੂਰ ਹੈ। ਸ਼ਾਇਦ ਇਸੇ ਕਾਰਨ ਉਸ ਨੂੰ ਸ਼ਬਦਾਂ ਦਾ ਜਾਦੂਗਰ ਆਖਿਆ ਜਾਂਦਾ ਹੈ।ਉਸ ਨੇ ਬਾਹਰਲੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ ਲਿਆਂਦੇ। ਨਵੇਂ ਸ਼ਬਦ ਘੜੇ ਕਈ ਸ਼ਬਦਾਂ ਨੂੰ ਨਵੇਂ ਅਰਥਾਂ ਵਿਚ ਵਰਤਿਆ।

3.10 **ਸ੍ਰ. ਕਪੂਰ ਸਿੰਘ ਆਈ.ਸੀ.ਐਸ. :-** ਜਿੱਥੇ ਸ੍ਰੀ ਗੁਰਬਖਸ਼ ਸਿੰਘ ਦੀ ਵਾਰਤਕ ਬੌਧਿਕ ਕਿਸਮ ਦੀ ਹੈ, ਉੱਥੇ ਸ੍ਰ. ਕਪੂਰ ਸਿੰਘ ਦੀ ਵਾਰਤਕ ਦਾਰਸ਼ਨਿਕ ਕਿਸਮ ਦੀ ਹੈ। ਉਨ੍ਹਾਂ ਦੀ ਨਿਬੰਧ ਪੁਸਤਕ 'ਪੁੰਦ੍ਰੀਕ' ਦੇ ਆਧਾਰ 'ਤੇ ਉਨ੍ਹਾਂ ਦੀ ਵਾਰਤਕ ਦੇ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਗਿਆਨ ਭਰਪੂਰ ਨਿਬੰਧਾਂ ਦੀ ਸਰਲਤਾ, ਸਪੱਸ਼ਟਤਾ ਅਤੇ ਤਰਕਸ਼ੀਲਤਾ ਇਨ੍ਹਾਂ ਦੇ ਵਿਸ਼ੇਸ਼ ਗੁਣ ਹਨ। ਚੰਗੀ ਵਾਰਤਕ ਦੇ ਇਹ ਮੁੱਢਲੇ ਲੱਛਣ ਹਨ। ਪੰਜਾਬੀ ਦੀ ਮੱਧ-ਕਾਲੀ ਵਾਰਤਕ ਵਿਚ ਅਧਿਆਤਮਵਾਦ ਦੀਆਂ ਡੂੰਘਾਈਆਂ ਅਤੇ ਸਾਧ-ਭਾਸ਼ਾ ਦੀ ਵਰਤੋਂ ਕਾਰਨ ਵਾਰਤਕ ਦੇ ਔਖਾ ਮਾਧਿਅਮ ਹੋਣ ਦਾ ਭੁਲੇਖਾ ਜਿਹਾ ਪੈਂਦਾ ਸੀ, ਅੰਗਰੇਜ਼ੀ ਵਾਰਤਕ ਦੇ ਪ੍ਰਭਾਵ ਵੀ ਅਤੇ ਜੀਵਨ ਵਿਚ ਮਸ਼ੀਨ ਦੀ ਵਰਤੋਂ ਅਤੇ ਨਗਰੀਕਰਨ (Urbanisation) ਕਰਕੇ ਨਵੀਂ ਦੇ ਵਾਰਤਕ ਨੂੰ ਜੋ ਰੂਪ ਕਪੂਰ ਸਿੰਘ ਵਰਗੇ ਵਾਰਤਕਕਾਰਾਂ ਨੇ ਦਿੱਤਾ ਹੈ, ਉਹ ਇਤਿਹਾਸਕ ਪੱਖ ਤੋਂ ਸਦਾ ਮਹੱਤਵਪੂਰਨ ਰਹੇਗਾ। ਸਪਤ-ਸ਼੍ਰਿੰਗ, ਬਹੁ-ਵਿਸਤਾਰ ਅਤੇ ਸਾਚੀ ਸਾਖੀ ਉਸ ਦੀਆਂ ਕੁਝ ਹੋਰ ਵਾਰਤਕ ਰਚਨਾਵਾਂ ਹਨ।

3.11 **ਪ੍ਰੋ. ਸਾਹਿਬ ਸਿੰਘ ਦੀ ਵਾਰਤਕ** :- ਪ੍ਰੋ ਸਾਹਿਬ ਸਿੰਘ ਨੇ ਵਾਰਤਕ ਉਪਰ ਹੱਥ ਅਜਮਾਇਆ ਹੈ। ਉਹਨਾਂ ਦੀਆਂ ਪ੍ਰਮੁੱਖ ਵਾਰਤਕ ਰਚਨਾਵਾਂ ਹਨ- ਧਾਰਮਿਕ ਲੇਖ, ਕੁਝ ਹੋਰ ਧਾਰਮਿਕ ਲੇਖ, ਧਰਮ ਤੇ ਸਦਾਚਾਰ, ਸਰਬੱਤ ਦਾ ਭਲਾ, ਸਿੱਖੀ ਸਿਦਕ ਆਦਿ ਬੀੜ ਬਾਰੇ ਗੁਰੂ ਸਾਹਿਬਾਂ ਦੇ ਜੀਵਨ ਬਿਰਤਾਂਤ ਆਦਿ। ਉਨ੍ਹਾਂ ਬਾਰੇ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ— 'ਏਸ ਦੇ ਲੇਖ ਪੜ੍ਹ ਕੇ ਇਸ ਦੀ ਪੰਜਾਬੀ ਵਾਰਤਕ ਦੇ ਗੁਣ ਵੀ ਚੰਗੀ ਤਰ੍ਹਾਂ ਪਤਾ ਲੱਗ ਜਾਂਦੇ ਹਨ। ਇਸ ਦੀ ਵਾਰਤਕ ਸ਼ੁੱਧ, ਯੁਕਤੀ ਭਰਪੂਰ, ਸਪੱਸ਼ਟ ਅਤੇ ਗੁੰਦਵੀਂ ਹੈ। ਆਪਣੇ ਸਿੱਧਾਂਤਾਂ ਨੂੰ ਸਪੱਸ਼ਟ ਕਰਨ ਵਾਸਤੇ ਉਹ ਕਈ ਵਾਰ ਵਿਸਥਾਰ ਵੀ ਕਰਦਾ ਹੈ, ਪਰ ਉਸ ਦਾ ਆਸ਼ਾ ਇਹ ਹੁੰਦਾ ਹੈ ਕਿ ਪਾਠਕ ਦੀ ਹਰ ਤਰ੍ਹਾਂ ਤਸੱਲੀ ਕਰਾਈ ਜਾਵੇ।

3.12 **ਹਰਿੰਦਰ ਸਿੰਘ ਰੂਪ :-** ਹਰਿੰਦਰ ਸਿੰਘ ਰੂਪ ਨੇ ਵਾਰਤਕ ਕਲਾ ਵਿਚ ਆਪਣਾ ਹਿੱਸਾ ਪਾਇਆ ਹੈ। ਡਾ. ਜੁਗਿੰਦਰ ਸਿੰਘ ਉਸ ਬਾਰੇ ਲਿਖਦੇ ਹਨ- "ਹਰਿੰਦਰ ਸਿੰਘ ਰੂਪ ਨੇ ਨਿਬੰਧ ਕਲਾ ਵਿਚ ਸੂਖ਼ਮ ਹਾਸ-ਰਸ ਤੇ ਵਿਅੰਗ ਲਿਆ ਕੇ ਪੰਜਾਬੀ ਨਿਬੰਧ ਦੀ ਨਵੀਂ ਸੰਭਾਵਨਾ ਨੂੰ ਉਜਾਗਰ ਕੀਤਾ ਹੈ। ਤੇਜਾ ਸਿੰਘ ਤੋਂ ਪਿੱਛੋਂ 'ਰੂਪ' ਨੇ ਹੀ ਹਲਕੇ-

ਫੁਲਕੇ ਲੇਖਾਂ ਦੀ ਪਰੰਪਰਾ ਨੂੰ ਅੱਗੇ ਤੋਰਿਆ ਹੈ। ਸਿੱਖੀ ਤੇ ਸਿੱਖੀ', 'ਚੁੰਝਾਂ ਪਹੁੰਚੇ', 'ਰੂਪ ਰੰਗ ਤੇ ਰੂਪ ਰੀਝਾਂ' ਉਸ ਦੇ ਲੇਖਾਂ ਦੇ ਸੰਗ੍ਰਹਿ ਹਨ।"

3.13 **ਈਸ਼ਵਰ ਚਿੱਤਰਕਾਰ :-** ਈਸ਼ਵਰ ਚਿੱਤਰਕਾਰ ਇਕ ਰੁਮਾਂਟਿਕ ਕਵੀ ਹੀ ਨਹੀਂ, ਸਗੋਂ ਵਾਰਤਕਕਾਰ ਵੀ ਹੈ। ਉਸ ਦੀ ਵਡਿਆਈ ਇਹ ਹੈ ਕਿ ਉਸ ਨੇ ਹਲਕੇ-ਫੁਲਕੇ, ਪਰ ਗੰਭੀਰ ਵਿਸ਼ਿਆਂ 'ਤੇ ਕਲਮ ਚਲਾਈ। ਉਸ ਦੀਆਂ ਪ੍ਰਸਿੱਧ ਵਾਰਤਕ ਰਚਨਾਵਾਂ ਹਨ— ਕਲਮ ਦੀ ਆਵਾਜ਼, ਗੱਲਬਾਤ ਆਦਿ। ਉਸ ਦੀ ਗੱਦ ਸ਼ੈਲੀ ਸਰਲ ਅਤੇ ਰੋਚਕ ਹੈ ਇਹ ਬਹੁਤ ਹੱਦ ਤਕ ਹਰਿੰਦਰ ਸਿੰਘ ਰੂਪ ਨਾਲ ਮਿਲਦੀ ਹੈ। 'ਨਜਰੀਆ' ਦੇ ਇਕ ਵਿਸ਼ੇਸ਼ ਅੰਕ ਵਿਚ ਉਸ ਦੀ ਵਾਰਤਕ ਦੇ ਨਮੂਨੇ ਪ੍ਰਕਾਸ਼ਿਤ ਹੋਏ ਹਨ।

3.14 **ਗੁਰਬਚਨ ਸਿੰਘ ਤਾਲਿਬ :-** ਗੁਰਬਚਨ ਸਿੰਘ ਤਾਲਿਬ ਨੇ ਭਾਵੇਂ ਪੰਜਾਬੀ ਵਾਰਤਕ ਜਗਤ ਨੂੰ ਇਕੋ-ਇਕ ਨਿਰੋਲ ਨਿਬੰਧ ਪੁਸਤਕ 'ਅਣ-ਪਛਾਤੇ ਰਾਹ' ਦਿੱਤੀ, ਪਰ ਇਸ ਨਾਲ ਹੀ ਉਨ੍ਹਾਂ ਨੇ ਆਧੁਨਿਕ ਪੰਜਾਬੀ ਵਾਰਤਕ ਦੇ ਖੇਤਰ ਵਿਚ ਇਕ ਵਿਲੱਖਣ ਸਥਾਨ ਬਣਾ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਆਲੋਚਨਾਤਮਕ ਪੁਸਤਕ 'ਆਧੁਨਿਕ ਪੰਜਾਬੀ ਵਾਰਤਕ' ਅਤੇ 'ਆਧੁਨਿਕ ਪੰਜਾਬੀ ਕਵਿਤਾ' ਲਿਖ ਕੇ ਵੀ ਪੰਜਾਬੀ ਵਾਰਤਕ ਨੂੰ ਅਮੀਰ ਬਣਾਇਆ। ਆਲੋਚਨਾ ਅਤੇ ਸੰਪਾਦਨਾ ਦੇ ਖੇਤਰ ਵਿਚ ਵੀ ਉਨ੍ਹਾਂ ਦੀ ਸ਼ਲਾਘਾਯੋਗ ਥਾਂ ਰਹੀ ਹੈ।

3.15 **ਡਾ. ਜੀਤ ਸਿੰਘ ਸੀਤਲ :-** ਡਾ. ਜੀਤ ਸਿੰਘ ਸੀਤਲ ਦੀ ਵਾਰਤਕ ਇਕ ਵੱਖਰੀ ਕਿਸਮ ਦੀ ਵਾਰਤਕ ਹੈ। ਉਸ ਨੇ ਪੰਜਾਬੀ ਨੂੰ ਇਕ ਵਧੀਆ ਰੇਖਾ ਚਿੱਤਰਾਂ ਦੀ ਪੁਸਤਕ 'ਮਿੱਤਰ ਅਸਾਡੇ ਸੇਈ' ਦਿੱਤੀ। ਇਸ ਤੋਂ ਬਿਨਾ ਉਹ ਜਿੰਨੀ ਦੇਰ 'ਪੰਜਾਬੀ ਦੁਨੀਆਂ' ਦੇ ਸੰਪਾਦਕ ਰਹੇ ਉਸ ਵਿਚ ਆਲੋਚਨਾਤਮਕ ਨਿਬੰਧ ਅਤੇ ਸੰਪਾਦਕੀ ਲਿਖਦੇ ਰਹੇ।ਪ੍ਰੋ. ਕਸੇਲ ਆਦਿ ਨੇ ਉਨ੍ਹਾਂ ਦੀ ਸ਼ੈਲੀ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਡਾ. ਜੀਤ ਸਿੰਘ ਸ਼ੀਤਲ ਪੰਜਾਬੀ ਦੇ ਇਕ ਚੇਤੰਨ ਸ਼ੈਲੀਕਾਰ ਤੇ ਸ੍ਰੇਸ਼ਟ ਲੇਖਕ ਹਨ। ਭਾਵੇਂ ਆਪ ਗੱਦ-ਲੇਖਕ ਵਾਲਾ ਬੌਧਿਕ ਤੇ ਕਟਾਖਸ਼ ਮਈ ਅੰਦਾਜ਼ ਰੱਖਦੇ ਹਨ, ਪਰ ਆਪ ਦੇ ਨਿਬੰਧਾਂ ਵਿਚ ਸ਼ੈਲੀ ਆਪ ਮੁਹਾਰੀ ਹੀ ਕਾਵਿ-ਮਈ ਤੇ ਅਲੰਕਾਰਕ ਹੋ ਜਾਂਦੀ ਹੈ .... ਆਪ ਭਾਵੇਂ ਨਿਬੰਧ ਲਿਖਣ ਜਾਂ ਆਲੋਚਨਾਤਮਕ ਲੇਖ, ਸ਼ੈਲੀ ਦੀ ਚਮਕ ਦਮਕ ਤੇ ਸ਼ਬਦਾਂ ਦੀ ਸਜਵੀਂ-ਫੱਬਵੀਂ ਚੋਣ ਉਨ੍ਹਾਂ ਦੀ ਰਚਨਾ ਵਿਚ ਇਕ ਦਮ ਆ ਉਜਾਗਰ ਹੁੰਦੀ ਹੈ। ਆਪ ਇਕ ਕਸਬੀ ਲੇਖਕ ਵਾਂਗ ਹਰ ਵਿਸ਼ੇ 'ਤੇ ਸੁੰਦਰ ਗੱਦ ਰਚਨਾ ਕਰ ਸਕਦੇ ਹਨ।

3.16 **ਬਾਵਾ ਬਲਵੰਤ :-**ਬਾਵਾ ਬਲਵੰਤ ਸਾਧਾਰਨ ਲੋਕਾਂ ਦੀਆਂ ਨਜ਼ਰਾਂ ਵਿਚ ਕਵੀ ਹੈ, ਪਰ ਉਹ ਅਸਲ ਵਿਚ ਇਕ ਸਿਰਕੱਢਵਾਂ ਵਾਰਤਕਕਾਰ ਵੀ ਹੈ। ਉਸ ਦੀ ਵਾਰਤਕ ਦੀ ਪਹਿਲਾ ਇਕ ਪੁਸਤਕ 'ਕਿਸ ਕਿਸ ਤਰ੍ਹਾਂ ਦੇ ਨਾਚ' ਮਿਲਦੀ ਸੀ, ਪਰੰਤੂ ਹੁਣ ਡਾ. ਗੁਰਮੁਖ ਸਿੰਘ ਅਤੇ ਡਾ. ਜਸਵਿੰਦਰ ਸਿੰਘ ਨੇ ਉਸ ਦੀ ਵਾਹਤਕ ਨੂੰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ ਹੈ।

3.17 **ਪ੍ਰੋ. ਪ੍ਰੀਤਮ ਸਿੰਘ :-** ਪ੍ਰੋ. ਪ੍ਰੀਤਮ ਸਿੰਘ ਇਕ ਖੋਜੀ ਦੇ ਨਾਲ-ਨਾਲ ਵਾਰਤਕਕਾਰ ਵੀ ਹਨ। 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ', 'ਮੂਰਤਾਂ (ਰੇਖਾ-ਚਿੱਤਰ)', 'ਕੱਚੀਆਂ-ਪੱਕੀਆਂ ਦੇ ਭਾਅ (ਸਵੈ-ਜੀਵਨੀ)' ਤੋਂ ਇਲਾਵਾ ਉਨ੍ਹਾਂ ਨੇ ਬਾਬਾ ਫਰੀਦ ਜੀ ਦੇ ਜੀਵਨ ਤੇ ਰਚਨਾ ਉੱਪਰ ਵੀ ਵਾਰਤਕ ਪੁਸਤਕ ਲਿਖੀ ਹੈ। ਉਨ੍ਹਾਂ ਦੀ ਵਾਰਤਕ ਸਰਲ, ਸਪੱਸ਼ਟ ਅਤੇ ਦਲੀਲ ਭਰਪੂਰ ਹੁੰਦੀ ਹੈ।

3.18 **ਡਾ. ਵਣਜਾਰਾ ਬੇਦੀ :-** ਡਾ. ਵਣਜਾਰਾ ਬੇਦੀ ਲੋਕਧਾਰਾ ਦਾ ਖੋਜੀ ਹੋਣ ਦੇ ਨਾਲ-ਨਾਲ ਇਕ ਵਧੀਆ ਵਾਰਤਕਕਾਰ ਹੈ। ਉਸ ਦੇ ਵਾਰਤਕ ਸੰਗ੍ਰਹਿ ਹਨ- ਵਿਰਸੇ ਦੀ ਫੁਲਕਾਰੀ, ਮੇਰਾ ਨਾਨਕਾ ਪਿੰਡ,ਮੇਰਾ ਦਾਦਕਾ ਪਿੰਡ, ਪੰਜਾਬ ਦੀ ਲੋਕਧਾਰਾ, ਲੋਕਧਾਰਾ ਤੇ ਸਾਹਿਤ ਆਦਿ। ਉਸ ਦੀ ਝੋਲੀ ਸਰਲ, ਠੁਕਦਾਰ ਅਤੇ ਰਸਦਾਇਕ ਹੈ।

3.19 **ਡਾ. ਨਰਿੰਦਰ ਸਿੰਘ ਕਪੂਰ :-** ਡਾ. ਨਰਿੰਦਰ ਸਿੰਘ ਕਪੂਰ ਨੇ ਸਾਨੂੰ ਜੀਵਨ ਨੂੰ ਉਤਸਾਹਿਤ ਕਰਨ ਵਾਲੀ ਵਾਰਤਕ ਵਧੇਰੇ ਦਿੱਤੀ ਹੈ। ਉਸ ਦੇ ਵਾਰਤਕ ਸੰਗ੍ਰਹਿ ਹਨ- ਵਿਆਖਿਆ ਵਿਸ਼ਲੇਸ਼ਣ, ਸੁਖਨ ਸੁਨੇਹੇ, ਰਾਹ-ਰਸਤੇ, (ਨਿਬੰਧ ਸੰਗ੍ਰਹਿ), ਸੱਚੋ-ਸੱਚ (ਅਮਰੀਕਾ ਦਾ ਸਫਰਨਾਮਾ)। ਉਸ ਦੀ ਵਾਰਤਕ ਵਿਚਪਾਠਕ ਨੂੰ ਕੀਲ ਕੇ ਰੱਖਣ ਵਾਲੀ ਜੁਗਤ ਦੀ ਵਰਤੋਂ ਕੀਤੀ ਗਈ ਹੁੰਦੀ ਹੈ।

3.20 **ਡਾ. ਕਰਨੈਲ ਸਿੰਘ ਸੋਮਲ** ਹੁਣ ਤਕ ਸਾਨੂੰ ਸੱਤ-ਅੱਠ ਵਾਰਤਕ ਸੰਗ੍ਰਹਿ ਦੇ ਚੁੱਕਾ ਹੈ। ਇਨ੍ਹਾਂ ਦੇ ਨਾਂ ਹਨ- ਜਿਉਣਾ ਆਪਣੀ ਮੌਜ ਵਿਚ, ਫੁਰਸਤ ਦੇ ਪਲ, ਕਲਾਮਈ ਜੀਵਨ ਦੀ ਤਾਂਘ, ਸਾਡੇ ਅੰਬਰਾਂ ਦੇ ਤਾਰੇ, ਕਿਰਤ ਦੀ ਆਭਾ ਆਦਿ, ਉਸ ਦੀ ਵਾਰਤਕ ਵਿਚ ਸੰਤੁਲਿਤ ਜੀਵਨ ਤਲਾਸ਼ ਕੀਤੀ ਮਿਲਦੀ ਹੈ।ਸ਼ੈਲੀ ਪੱਖੋਂ ਉਹ ਕੁਝ ਹੱਦ ਤੱਕ ਸ੍ਰ. ਗੁਰਬਖਸ਼ ਸਿੰਘ ਨਾਲ ਸੁਮੇਲਤਾ ਰੱਖਦਾ ਹੈ।

3.21 **ਡਾ. ਮੋਹਨ ਤਿਆਗੀ** ਆਪਣੀ ਵਾਰਤਕ ਰਚਨਾ 'ਬਾਜੀਗਰ ਕਬੀਲੇ ਦਾ ਸਭਿਆਚਾਰ' ਨਾਲ ਚਰਚਿਤ ਹੋ ਗਿਆ ਹੈ। ਇਸ ਵਾਰਤਕ ਰਚਨਾ ਵਿਚ ਕਬੀਲੇ ਦੇ ਵੱਖ-ਵੱਖ ਪੱਖਾਂ ਨਾਲ ਸਾਡੀ ਸਾਂਝ ਪੁਆਈ ਹੈ।ਉਸ ਦੀ ਵਾਰਤਕ ਵਿਚੋਂ ਉਸ ਦੇ ਭਵਿੱਖ ਦੇ ਨੈਣ-ਨਕਸ਼ ਤਲਾਸ਼ੇ ਜਾ ਸਕਦੇ ਹਨ।

3.22 **ਗੁਰਮੀਤ ਸਿੰਘ ਵੈਦਵਾਨ** ਆਲੋਚਕ ਦੇ ਨਾਲ-ਨਾਲ ਸਭਿਆਚਾਰ ਨਾਲ ਜੁੜੀ ਵਾਰਤਕ ਲਿਖਣ ਵਾਲਾ ਲੇਖਕ ਵੀ ਹੈ। ਉਸ ਦੀ ਪੁਸਤਕ 'ਰੰਗ ਪੁਆਧ ਕੇ' ਇਕ ਜ਼ਿਕਰਯੋਗ ਵਾਰਤਕ ਰਚਨਾ ਹੈ। ਇਸ ਰਚਨਾ ਵਿਚ ਲੇਖਕ ਨੇ ਪੁਆਧ ਦੇ ਸਭਿਆਚਾਰ ਤੇ ਲੋਕਧਾਰਾ ਨੂੰ ਆਪਣਾ ਵਿਸ਼ਾ-ਵਸਤੂ ਬਣਾਇਆ ਹੈ। ਇਹ ਪੁਸਤਕ ਆਪਣੇ ਵਿਸ਼ਾ-ਵਸਤੂ ਅਤੇ ਪੇਸ਼ਕਾਰੀ ਕਾਰਨ ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਤੇ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਵਰਗਾ ਮੁਹਾਂਦਰਾ ਰਖਦੀ ਹੈ।

3.23 **ਪ੍ਰੋ. ਗੁਲਵੰਤ ਸਿੰਘ** ਦੀ ਵਾਰਤਕ ਪਹਿਲਾਂ ਵੱਖ-ਵੱਖ ਪੱਤਰ-ਪੱਤਰਕਾਵਾਂ ਵਿਚ ਖਿੰਡੀ-ਪੁੰਡੀ ਸੀ। ਹੁਣ ਡਾ. ਗੁਰਮੁਖ ਸਿੰਘ ਨੇ ਉਸ ਨੂੰ ਸਾਹਿਤ ਚਿੰਤਨ, ਸੂਫ਼ੀਵਾਦ ਅਤੇ ਪ੍ਰੋ. ਗੁਲਵੰਤ ਸਿੰਘ ਦੀ ਵਾਰਤਕ ਪੁਸਤਕ ਦੇ ਰੂਪ ਵਿਚ ਸੰਭਾਲਿਆ ਹੈ। ਉਨ੍ਹਾਂ ਦੀ ਵਾਰਤਕ ਤਰਕ ਭਰਪੂਰ ਅਤੇ ਖੋਜ ਭਰਪੂਰ ਹੁੰਦੀ ਹੈ। ਭਾਸ਼ਾ ਵਧੇਰੇ ਕਰਕੇ ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਪ੍ਰਭਾਵਿਤ ਹੁੰਦੀ ਹੈ।

3.24 **ਕੁਝ ਹੋਰ ਆਧੁਨਿਕ ਵਾਰਤਕਕਾਰ :-** ਇਸ ਤੋਂ ਇਲਾਵਾ ਕੁਝ ਹੋਰ ਵਾਰਤਕਕਾਰ ਹਨ ਜਿਨ੍ਹਾਂ ਦਾ ਸੰਖੇਪ ਵਰਣਨ ਜ਼ਰੂਰੀ ਬਣਦਾ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਹਨ- ਸ੍ਰ. ਮੁਬਾਰਕ ਸਿੰਘ, ਸ੍ਰੀ ਜੁਗਿੰਦਰ ਸ਼ਮਸ਼ੇਰ (ਕਰਤਾ ਲੰਡਨ ਦੇ ਸ਼ਹੀਦ, 1919 ਦਾ ਪੰਜਾਬ), ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰਿੰ. ਜਗਦੀਸ਼ ਸਿੰਘ, ਸ੍ਰ. ਅਜੀਤ ਸਿੰਘ ਸਰਹੱਦੀ (ਕਰਤਾ ਪੰਜਾਬੀ ਸੂਬੇ ਦੀ ਗਾਥਾ), ਗਿਆਨੀ ਗੁਰਦਿੱਤ ਸਿੰਘ (ਕਰਤਾ ਮੇਰਾ ਪਿੰਡ), ਡਾ. ਕੁਲਬੀਰ ਸਿੰਘ ਕਾਂਗ (ਕਰਤਾ ਬਹੁਤ ਸਾਰੇ ਲਲਿਤ ਨਿਬੰਧ ਸੰਗ੍ਰਹਿ ਅਤੇ ਰੇਖਾ-ਚਿੱਤਰ ਸੰਗ੍ਰਹਿ), ਬਲਵੰਤ ਗਾਰਗੀ (ਨਿੰਮ ਦੇਪੱਤੇ, ਸੂਰਮੇ ਵਾਲੀ ਅੱਖ, ਸ਼ਰਬਤ ਦੀਆਂ ਘੁੱਟਾਂ ਆਦਿ), ਹਰਿਭਜਨ ਸਿੰਘ ਹੁੰਦਲ (ਕਰਤਾ ਰੇਖਾ-ਚਿੱਤਰ ਘਸਮੈਲੇ ਚਿਹਰੇ), ਅਜੀਤ ਕੌਰ (ਕਰਤਾ ਰੇਖਾ-ਚਿੱਤਰ-ਤਕੀਏ ਦਾ ਪੀਰ), ਡਾ. ਗੁਰਮੁਖ ਸਿੰਘ, ਡਾ. ਗੁਰਦਿਆਲ ਸਿੰਘ ਰਾਇ, ਪੂਰਨ ਸਿੰਘ (ਲੰਡਨ) ਸਾਥੀ ਲੁਧਿਆਣਵੀ ਆਦਿ।

3.25 **ਸਿੱਟਾ:-** ਉਪਰੋਕਤ ਵਿਵਰਨ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਵਾਰਤਕ ਨੇ ਸੰਨ 1950 ਤਕ ਬਹੁਤ ਉੱਨਤੀ ਕੀਤੀ ਹੈ। ਇਸ ਸਮੇਂ ਤਕ ਵੱਖ-ਵੱਖ ਤਰ੍ਹਾਂ ਦੀ ਵਾਰਤਕ ਹੋਂਦ ਵਿਚ ਆ ਗਈ ਸੀ ਅਤੇ ਵਾਰਤਕ ਅੰਦਰ ਇਹ ਸਮਰੱਥਾ ਪੈਦਾ ਹੋ ਗਈ ਸੀ ਕਿ ਉਹ ਹਰ ਤਰ੍ਹਾਂ ਦੇ ਵਿਚਾਰਾਂ ਦਾ ਵਾਹਨ ਬਣ ਸਕੇ। ਇਸ ਕਾਲ ਦੀ ਵਾਰਤਕ ਨੇ ਇਸ ਤੋਂ ਬਾਅਦ ਲਿਖੀ ਜਾਣ ਵਾਲੀ ਵਾਰਤਕ ਦੇ ਵਿਕਾਸ ਵਿੱਚ ਵੀ ਹਿੱਸਾ ਪਾਇਆ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. 1850-1900 ਈ. ਤੱਕ ਦੀ ਵਾਰਤਕ ਬਾਰੇ ਸੰਖੇਪ ਵਿੱਚ ਜਾਣਕਾਰੀ ਦਿਓ।
2. "ਪ੍ਰੋ. ਪੂਰਨ ਸਿੰਘ ਪੰਜਾਬੀ ਦਾ ਪਹਿਲਾ ਨਿਬੰਧਕਾਰ ਹੈ"। ਆਪਣੇ ਵਿਚਾਰ ਦਿਓ।
3. "ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਅਲੰਕ੍ਰਿਤ ਕਿਸਮ ਦੀ ਰੁਮਾਂਟਿਕ ਜਿਹੀ ਵਾਰਤਕ ਦੀ ਨੀਂਹ ਰੱਖੀ"। ਚਰਚਾ ਕਰੋ।
4. "ਡਾ. ਜੀਤ ਸਿੰਘ ਸੀਤਲ ਦੀ ਵਾਰਤਕ ਇਕ ਵੱਖਰੀ ਕਿਸਮ ਦੀ ਵਾਰਤਕ ਹੈ"। ਕਿਵੇਂ?

# ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

ਯੂਨਿਟ-4

ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ

## 4. ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ

4.1 ਸਪੱਸ਼ਟ ਅਤੇ ਸਰਲ ਵਾਰਤਕ ਦੀ ਪ੍ਰਵਿਰਤੀ

4.2 ਕਾਵਿਕ ਪ੍ਰਵਿਰਤੀ

4.3 ਧਾਰਮਿਕ ਪ੍ਰਵਿਰਤੀ

4.4 ਅਲੰਕਾਰਿਕ ਪ੍ਰਵਿਰਤੀ

4.5 ਵਿਗਿਆਨਿਕ ਤੇ ਮਨੋਵਿਗਿਆਨਿਕ ਪ੍ਰਵਿਰਤੀ

4.6 ਹਲਕੀ-ਫੁਲਕੀ ਵਾਰਤਕ ਦੀ ਪ੍ਰਵਿਰਤੀ

4.7 ਦਾਰਸ਼ਨਿਕ ਪ੍ਰਵਿਰਤੀ

4.8 ਗਿਆਨਾਤਮਕ ਪ੍ਰਵਿਰਤੀ

4.9 ਜੀਵਨ ਪ੍ਰੇਰਨਾ ਦੀ ਪ੍ਰਵਿਰਤੀ

4.10 ਸਭਿਆਚਾਰਕ ਪੇਸ਼ਕਾਰੀ ਦੀ ਪ੍ਰਵਿਰਤੀ

4.11 ਆਲੋਚਨਾਤਮਕ ਪ੍ਰਵਿਰਤੀ

# ਆਧੁਨਿਕ ਪੰਜਾਬੀ ਵਾਰਤਕ: ਪ੍ਰਵਿਰਤੀਆਂ

ਪਿਆਰੇ ਵਿਦਿਆਰਥੀਓ ! ਆਧੁਨਿਕ ਵਾਰਤਕ ਦੀਆਂ ਆਪਣੀਆਂ ਪ੍ਰਵਿਰਤੀਆਂ ਹਨ, ਜਿਹੜੀਆਂ ਸਾਨੂੰ ਪੁਰਾਤਨ ਵਾਰਤਕ ਵਿਚ ਨਹੀਂ ਮਿਲਦੀਆਂ। ਆਧੁਨਿਕ ਵਾਰਤਕ ਵਿਚ ਵੰਨ-ਸੁਵੰਨਾਪਨ ਹੈ ਅਤੇ ਕਈ ਤਰ੍ਹਾਂ ਦੀਆਂ ਪ੍ਰਵਿਰਤੀਆਂ ਮਿਲਦੀਆਂ ਹਨ। ਇਹ ਪ੍ਰਵਿਰਤੀਆਂ ਉਸ ਨੂੰ ਪੁਰਾਤਨ ਵਾਰਤਕ ਤੋਂ ਨਿਖੇੜਦੀਆਂ ਵੀ ਹਨ।

4.1 **ਸਪੱਸ਼ਟ ਅਤੇ ਸਰਲ ਵਾਰਤਕ ਦੀ ਪ੍ਰਵਿਰਤੀ :-** ਪਹਿਲੀ ਪ੍ਰਵਿਰਤੀ ਸਪੱਸ਼ਟ ਅਤੇ ਸਰਲ ਵਾਰਤਕ ਰਚਨਾ ਦੀ ਹੈ। ਇਹ ਆਧੁਨਿਕ ਵਾਰਤਕ ਦਾ ਵਧੀਆ ਗੁਣ ਸਮਝਿਆ ਜਾਂਦਾ ਹੈ ਕਿ ਇਹ ਪਾਠਕ ਨੂੰ ਤੁਰੰਤ ਸਮਝ ਆ ਜਾਵੇ। ਗੁੰਝਲਦਾਰ ਵਾਕਾਂ ਤੋਂ ਬਚ ਕੇ ਛੋਟੇ-ਛੋਟੇ ਵਾਕਾਂ ਦੀ ਵਰਤੋਂ ਕੀਤੀ ਜਾਵੇ ਅਤੇ ਫਾਲਤੂ ਦੇ ਅਲੰਕਾਰਾਂ ਤੋਂ ਵੀ ਬਚਿਆ ਜਾਵੇ, ਕਿਉਂਕਿ ਇਹ ਵਾਰਤਕ ਨੂੰ ਬੋਝਲ ਕਰਦੇ ਹਨ। ਇਸ ਪ੍ਰਵਿਰਤੀ ਵਾਲੀ ਵਾਰਤਕ ਪ੍ਰਿੰ. ਤੇਜਾ ਸਿੰਘ ਦੀ ਹੈ। ਉਨ੍ਹਾਂ ਨੇ ਨਾ ਕੇਵਲ ਇਸ ਤਰ੍ਹਾਂ ਦੀ ਵਾਰਤਕ ਲਿਖੀ, ਸਗੋਂ ਹੋਰਨਾਂ ਨੂੰ ਵੀ ਇਸ ਤਰ੍ਹਾਂ ਦੀ ਵਾਰਤਕ ਲਿਖਣ ਲਈ ਪ੍ਰੇਰਿਆ।

ਇਹ ਵੀ ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਦੀ ਵਾਰਤਕ ਪੱਛਮੀ ਪ੍ਰਭਾਵਾਂ ਕਾਰਨ ਹੋਂਦ ਵਿਚ ਆਈ। ਡਾ. ਗੁਰਦੇਵ ਸਿੰਘ ਅਨੁਸਾਰ, "ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਕਾਰਨ ਵਾਰਤਕ ਦੀ ਪੈਰ੍ਹੇ-ਵੰਡ ਸ਼ੁਰੂ ਹੋਣ ਲੱਗੀ। ਵਿਸ਼ਰਾਮ ਚਿੰਨ੍ਹ, ਪੁੱਠੇ ਕਾਮੇ, ਪ੍ਰਸ਼ਨਵਾਚਕ ਚਿੰਨ੍ਹ ਆਦਿ ਦੀ ਵਰਤੋਂ ਆਰੰਭ ਹੋਈ।" ਪ੍ਰਿੰ. ਤੇਜਾ ਸਿੰਘ ਦੀ ਵਾਰਤਕ ਦਾ ਨਮੂਨਾ ਹੈ- "ਮੈਂ ਕਈ ਵੱਡੇ-ਵੱਡੇ ਕਥੱਕੜ ਵੇਖੇ ਹਨ ਜੋ ਬਾਹਰ ਪੰਡਾਲਾਂ ਵਿਚ ਕਥਾ ਕਰਦਿਆਂ ਜਾਂ ਵਿਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿੱਦਿਆ ਚਮਤਕਾਰ ਦੱਸ ਕੇ ਹੈਰਾਨ ਕਰ ਦਿੰਦੇ ਹਨ, ਪਰ ਜੇ ਕੋਈ ਦੁਖੀ ਜਾਂ ਲੋੜਵੰਦ ਉਹਨਾਂ ਦੇ ਦਰ ਤੇ ਜਾ ਖੜੋਵੇ ਤਾਂ ਚਾਰ-ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਹਨਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ। ਕਦੀ ਤਰਸ ਜਾਂ ਪਿਆਰ ਨਾਲ ਸੇਜਲ ਨਹੀਂ ਹੋਈਆਂ।

ਉਪਰੋਕਤ ਸਤਰਾਂ ਪ੍ਰਿੰ. ਤੇਜਾ ਸਿੰਘ ਦੇ ਲੇਖ 'ਘਰ ਦਾ ਪਿਆਰ' ਵਿਚੋਂ ਹਨ। ਇਸ ਉਪਰੋਕਤ ਪੈਰ੍ਹੇ ਨੂੰ ਵੇਖਣ 'ਤੇ ਪਤਾ ਚਲਦਾ ਹੈ ਕਿ ਇਸ ਵਿਚ ਸਾਧਾਰਨ, ਆਮ ਸਮਝ ਆ ਸਕਣ ਵਾਲੇ ਸ਼ਬਦਾਂ ਵਿਚ ਸਾਰੀ ਗੱਲ ਨੂੰ ਪ੍ਰਗਟ ਕੀਤਾ ਗਿਆ ਹੈ। ਅਲੰਕਾਰਾਂ ਦੀ ਵਰਤੋਂ ਨਾਂਹ ਦੇ ਬਰਾਬਰ ਹੈ। ਵਾਰਤਕ ਨੂੰ ਕਿਸੇ ਤਰ੍ਹਾਂ ਵੀ ਬੋਝਲ ਨਹੀਂ ਬਣਾਇਆ ਗਿਆ। ਪਾਠਕ ਨੂੰ ਹਰ ਗੱਲ ਤੁਰੰਤ ਸਮਝ ਆ ਜਾਂਦੀ ਹੈ। ਅੰਤਲੀਆਂ ਸਤਰਾਂ ਵਿਚੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਸ ਵਿਅਕਤੀ ਨੂੰ ਘਰ ਦਾ ਪਿਆਰ ਨਹੀਂ ਮਿਲਿਆ, ਉਸ ਦਾ ਜੀਵਨ ਨੀਰਸ ਹੁੰਦਾ ਹੈ। ਉਸ ਅੰਦਰ ਨਿੱਘ ਨਹੀਂ ਹੁੰਦਾ।

4.2 **ਕਾਵਿਕ ਪ੍ਰਵਿਰਤੀ :-** ਕਾਵਿਕ ਪ੍ਰਵਿਰਤੀ ਵਾਲੀ ਵਾਰਤਕ ਪ੍ਰੋ. ਪੂਰਨ ਸਿੰਘ ਦੇ ਸੰਬੰਧ ਵਿਚ ਵੇਖੀ ਜਾ ਸਕਦੀ ਹੈ। ਇਹ ਪ੍ਰਵਿਰਤੀ ਵਾਰਤਕਕਾਰ ਅੰਦਰ ਉਸ ਦੀ ਅੰਦਰਲੀ ਕਾਵਿਕ ਪ੍ਰਵਿਰਤੀ ਕਾਰਨ ਆ ਗਈ ਹੈ। ਇੱਥੇ ਕਿਰਤ ਸੰਬੰਧੀ ਉਨ੍ਹਾਂ ਦੇ ਵਿਚਾਰ ਇਸੇ ਤਰ੍ਹਾਂ ਦੀ ਬੋਲੀ ਵਿਚ ਮਿਲਦੇ ਹਨ-

"ਸੁੱਚੀ ਕਿਰਤ ਕਰਨ ਵਾਲੇ ਦੇ ਹੱਥ-ਪੈਰ ਆਪ-ਮੁਹਾਰੇ ਪੱਕੇ ਹੋ ਜਾਂਦੇ ਹਨ। ਮਾਨਸਿਕ ਚਿਤਵਨ ਕਿੰਨਾ ਹੀ ਉੱਚਾ ਹੋਵੇ ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲ਼ਾ ਕਰਦਾ ਹੈ, ਪਰ ਸਰੀਰ ਨਾਲ ਕਿਰਤ ਆਪ-ਮੁਹਾਰੀ ਜਿਸ ਤਰ੍ਹਾਂ ਬ੍ਰਿਛਾਂ ਉੱਤੇ ਫਲ ਫੁੱਲ ਆਣ ਲੱਗਦੇ ਹਨ, ਸਿਦਕ ਤੇ ਪਿਆਰ, ਰੱਬ ਦੀ ਰੱਬਤਾ ਵਿਚ ਜੀਣ ਲੱਗ ਜਾਂਦੀ ਹੈ। ਈਸਾਈ ਮੱਤ ਬਾਦਸ਼ਾਹੀ ਮਹਿਲਾਂ ਵਿਚ ਟਾਲਸਟਾਏ ਨੂੰ ਨਜ਼ਰ ਨਹੀਂ ਆਇਆ, ਪਰ ਭੋਲੇ-ਭਾਲੇ ਰੂਸ ਦੇ ਕਿਸਾਨਾਂ ਦੇ ਵਹਿਮਾਂ ਦੇ ਹਨੇਰੇ ਵਿਚ ਬਿਜਲੀ ਲਿਸ਼ਕਦੀਆਂ ਧਾਰੀਆਂ ਸੱਚੇ ਸਿਦਕ ਦੀਆਂ ਉਹਨੂੰ ਨਜ਼ਰ ਆਈਆਂ।

ਇਸ ਪੈਰ੍ਹੇ ਵਿਚੋਂ ਕਾਵਿਕ ਅੰਸ਼ ਆਸਾਨੀ ਨਾਲ ਵੇਖੇ ਜਾ ਸਕਦੇ ਹਨ।

ਜਿਵੇਂ ਲਿਖਿਆ ਹੈ— 'ਈਸਾਈ ਮਤ ਬਾਦਸ਼ਾਹੀ ਮਹਲਾਂ ਵਿਚ ਟਾਲਸਟਾਏ ਨੂੰ ਨਜ਼ਰ ਨਹੀਂ ਆਇਆ, ਪਰ ਭੋਲੇ-ਭਾਲੇ ਦੇ ਕਿਸਾਨਾਂ ਦੇ ਵਹਿਮਾਂ ਦੇ ਹਨੇਰੇ ਵਿਚ ਬਿਜਲੀ ਲਿਸ਼ਕਦੀਆਂ ਧਾਰੀਆਂ ਸੱਚੇ ਸਿਦਕ ਦੀਆਂ ਉਹਨੂੰ ਨਜ਼ਰ ਆਈਆਂ'। ਇਸ ਤਰ੍ਹਾਂ ਦੀ ਭਾਸ਼ਾ ਵਾਰਤਕ ਵਿਚ ਕੋਈ ਕਵੀ ਹਿਰਦਾ ਹੀ ਲਿਖ ਸਕਦਾ ਹੈ। ਡਾ. ਜੀਤ ਸਿੰਘ ਸੀਤਲ ਅਤੇ ਸੁਖਬੀਰ ਵਿਚ ਵੀ ਇਸ ਤਰ੍ਹਾਂ ਦੇ ਅੰਸ਼ ਮਿਲਦੇ ਹਨ। ਡਾ. ਜੀਤ ਸਿੰਘ ਸੀਤਲ ਵੀ ਕਾਵਿਕ ਪ੍ਰਵਿਰਤੀ ਦਾ ਵਿਅਕਤੀ ਸੀ। ਇਸ ਲਈ ਉਸ ਦੀ ਵਾਰਤਕ ਵਿਚ ਵੀ ਪ੍ਰੋ. ਪੂਰਨ ਸਿੰਘ ਵਾਲੀ ਪ੍ਰਵਿਰਤੀ ਵੇਖੀ ਜਾ ਸਕਦੀ ਹੈ। ਪ੍ਰੋ. ਪੂਰਨ ਸਿੰਘ ਵਾਲੀ ਇਹ ਪ੍ਰਵਿਰਤੀ ਕਈ ਹੋਰ ਵਾਰਤਕਕਾਰਾਂ ਵਿਚ ਵੀ ਮਿਲ ਸਕਦੀ ਹੈ।

**4.3 ਧਾਰਮਿਕ ਪ੍ਰਵਿਰਤੀ :-**ਆਧੁਨਿਕ ਪੰਜਾਬੀ ਵਾਰਤਕ ਅੰਦਰ ਧਾਰਮਿਕ ਪ੍ਰਵਿਰਤੀ ਵਧੇਰੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਵਿਖਾਈ ਦਿੰਦੀ ਹੈ। ਆਧੁਨਿਕ ਕਾਲ ਦੇ ਵਾਰਤਕ ਲੇਖਕਾਂ ਵਿਚੋਂ ਇਹ ਪ੍ਰਵਿਰਤੀ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਡਾ. ਸਾਹਿਬ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਨ ਸਿੰਘ, ਪ੍ਰੋ. ਪਦਮ, ਪ੍ਰੋ. ਗੁਲਵੰਤ ਸਿੰਘ ਆਦਿ ਦੀ ਵਾਰਤਕ ਵਿਚ ਮੌਜੂਦ ਹੈ। ਇਸ ਤੋਂ ਬਿਨਾ ਬਿਹਾਰੀ ਲਾਲ ਪੁਰੀ ਦੀਆਂ ਪੁਸਤਕਾਂ ਵਿਸ਼ੇਸ਼ ਕਰਕੇ 'ਅਨੇਕ ਦਰਸ਼ਨ' ਵਿਚ ਵੀ ਇਹ ਅੰਸ਼ ਮੌਜੂਦ ਹੈ। ਧਾਰਮਿਕ ਪ੍ਰਵਿਰਤੀ ਵਾਲੀ ਵਾਰਤਕ ਭਾਈ ਵੀਰ ਸਿੰਘ ਵਿਚ ਮਿਲਦੀ ਹੈ। ਧਾਰਮਿਕ ਪ੍ਰਵਿਰਤੀ ਦਾ ਆਰੰਭ ਪੁਰਾਤਨ ਵਾਰਤਕ ਵਿਚ ਮਿਲਦਾ ਹੈ ਅਤੇ ਆਧੁਨਿਕ ਧਾਰਮਿਕ ਵਾਰਤਕ ਉਸ ਦਾ ਹੀ ਵਿਕਾਸ ਮੰਨੀ ਜਾਂਦੀ ਹੈ। ਕੇਵਲ ਭਾਸ਼ਾ ਅਤੇ ਸ਼ੈਲੀ ਦਾ ਅੰਤਰ ਆਧੁਨਿਕ ਵਾਰਤਕ ਦੇ ਪੜਾਅ 'ਤੇ ਪਹੁੰਚ ਕੇ ਆ ਗਿਆ। ਭਾਈ ਵੀਰ ਸਿੰਘ ਦੀ ਵਾਰਤਕ ਦਾ ਨਮੂਨਾ-

"ਇਸ ਕੀਰਨੇ ਨੂੰ ਬੇਬੇ ਨੇ ਸੁਣਿਆ। ਆਹ! ਜਗਤ-ਗੁਰੂ ਨਾਨਕ ਦੀ ਇਸਤਰੀ 'ਸੁਲੱਖਣੀ' ਵਿਲਕ ਰਹੀ ਹੈ, ਭਾਵੇਂ ਪਤੀ ਦੇ ਦੈਵੀ ਸਰੂਪ ਨੂੰ ਸਿਆਣਦੀ, ਪਰ ਪਤੀ-ਪ੍ਰੇਮ ਦਾ ਬਿਰਹਾ ਕਿਤਨਾ ਡੂੰਘਾ ਹੈ। ਪਤੀ ਨੂੰ ਗੁਰੂ ਨਹੀਂ ਜਾਣਦੀ, ਪਰ ਪਤੀ ਨੂੰ ਪਤੀ ਕਰਕੇ ਪਿਆਰਦੀ ਤੇ ਵਿਲਕਦੀ ਹੈ। ਬਰਸਾਂ ਹੀ ਜਿਸ ਵਿਲਕਦੀ ਦੇ ਪਿਆਰੇ ਤੋਂ ਵਿਛੋੜਿਆਂ ਨੂੰ ਬੀਤ ਗਏ ਤੇ ਸੂਹ ਤੱਕ ਨਾ ਆਈ, ਉਸ ਬਿਰਹਣੀ ਦੇ ਦੁੱਖ ਨੂੰ ਉਹ ਆਪ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦੀ ਬੇਬੇ ਅੱਗੇ ਵਧੀ ਤੇ ਜਾ ਕੇ ਭਾਬੀ ਨੂੰ ਗਲਵੱਕੜੀ ਪਾ ਲਈ, ਨੈਣ ਪੂੰਝੇ ਤੇ ਕਿਹਾ, "ਪਿਆਰੀ ਭਾਬੀ ! ਰੋ ਨਹੀਂ,"।

ਪੁਰਾਤਨ ਵਾਰਤਕ ਤੋਂ ਕੇਵਲ ਇਹੀ ਅੰਤਰ ਪਿਆ ਹੈ ਕਿ ਸੰਜੋਗਾਤਮਕਤਾ ਘੱਟ ਗਈ ਹੈ, ਲਹਿੰਦੀ ਦਾ ਪ੍ਰਭਾਵ ਮੁੱਕ ਗਿਆ ਹੈ ਅਤੇ ਆਧੁਨਿਕ ਸਮੇਂ ਵਿਚ ਆਸਾਨੀ ਨਾਲ ਸਮਝੀ ਜਾਣ ਵਾਲੀ ਜੋ ਧਾਰਮਿਕ ਵਾਰਤਕ ਲਿਖਣੀ ਆਰੰਭ ਹੋ ਗਈ ਹੈ, ਪੁਰਾਤਨ ਧਾਰਮਿਕ ਵਾਰਤਕ ਨਾਲੋਂ ਬਹੁਤ ਫ਼ਰਕ ਹੈ।

**4.4 ਅਲੰਕਾਰਿਕ ਪ੍ਰਵਿਰਤੀ :-** ਇਸ ਤਰ੍ਹਾਂ ਦੀ ਵਾਰਤਕ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀਨੇ ਅਤੇ ਪ੍ਰੋ. ਪੂਰਨ ਸਿੰਘ ਨੇ ਲਿਖੀ ਹੈ ਜਿਹੜੇ ਆਪਣੀ ਵਾਰਤਕ ਵਿਚ ਕਈ ਤਰ੍ਹਾਂ ਦੇ ਬੋਝਲ ਅਲੰਕਾਰਾਂ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੀ ਵਾਰਤਕ ਵਿਚ ਅਲੰਕਾਰਿਕ ਪ੍ਰਵਿਰਤੀ ਵਾਲੀ ਵਾਰਤਕ ਲਿਖਣ ਵਾਲੇ ਹੋਰ ਵਾਰਤਕਕਾਰ ਹਨ-ਡਾ. ਬਲਬੀਰ ਸਿੰਘ, ਹਰਿੰਦਰ ਸਿੰਘ ਰੂਪ, ਡਾ. ਜੀਤ ਸਿੰਘ ਸੀਤਲ, ਗਿ: ਗੁਰਦਿੱਤ ਸਿੰਘ, ਡਾ. ਕਰਨੈਲ ਸਿੰਘ ਸੋਮਲ ਆਦਿ। ਕਈ ਵਾਰ ਪ੍ਰਿੰ. ਤੇਜਾ ਸਿੰਘ ਵਰਗੀ ਸਪੱਸ਼ਟਤਾ ਨਹੀਂ ਰਹਿੰਦੀ ਅਤੇ ਧੁੰਦਲਾਪਨ ਜਿਹਾ ਆ ਜਾਂਦਾ ਹੈ। ਪੜ੍ਹਨ ਵਿਚ ਇਹ ਵਾਰਤਕ ਭਾਸ਼ਾ ਦੀ ਜਾਦੂਗਰੀ ਕਾਰਨ ਸੁਆਦ ਦਿੰਦੀ ਹੈ। ਇੱਥੇ ਅਸੀਂ ਪ੍ਰੋ. ਪੂਰਨ ਸਿੰਘ ਦੀ ਵਾਰਤਕ ਵਿਚੋਂ ਇਕ ਉਦਾਹਰਨ ਦੇ ਰਹੇ ਹਾਂ-

ਕਵੀ ਚਿੱਤ ਇੱਕ ਪਾਰਦਰਸ਼ੀ ਅਨੋਖਾ ਜਿਹਾ ਸ਼ੀਸ਼ਾ ਹੈ, ਸਕੰਦਰ ਦੇ ਜਾਮੇ ਜੰਮ ਥੀ ਹੋਰ ਅਦਭੁਤ ਤੇ ਕਰਾਮਾਤੀ ਹੈ,ਜਿਸ ਵਿੱਚ ਇੱਕੋ ਵਕਤ ਦੋ ਤਿੰਨ ਕੰਮ ਹੁੰਦੇ ਹਨ। ਇੱਕ ਤਾਂ ਜੋ ਅਕਸ ਓਸ ਉੱਤੇ ਪੈਂਦੇ ਹਨ, ਉਹ ਜੀਂਦੇ ਚਿੱਤਰ ਹੋ ਨਿੱਬੜਦੇ ਹਨ। ਪਰੰਤੂ ਸ੍ਰ. ਗੁਰਬਖਸ਼ ਸਿੰਘ ਦੀ ਵਾਰਤਕ ਵਿਚ ਇਸ ਤੋਂ ਵੀ ਵਧੇਰੇ ਅਲੰਕਾਰਕ ਅੰਸ਼ ਮਿਲਦੇ ਹਨ ਜਿਵੇਂ

(ੳ) ਮਨੁੱਖ ਬੋਲੀ ਮੇਰਾ ਸਿਮਰਨ ਹੈ ਤੇ ਮਾਂ ਬੋਲੀ ਦੇ ਸ਼ਬਦ ਮੇਰੀ ਮਾਲਾ ਹਨ।
(ਅ) ਕਵਿਤਾ ਭਰਿਆ ਬੁਢਾਪਾ, ਬੇ-ਕਾਵਿ ਜਵਾਨੀ ਨਾਲੋਂ ਵੱਧ ਤਲਿਸਮ ਰੱਖਦਾ ਹੈ।
(ੲ) ਗਿਆਨ ਰੌਸ਼ਨੀ ਹੈ, ਮੁਕਤੀ ਹੈ, ਪਰਮ-ਅਨੰਦ ਹੈ।

**4.5 ਵਿਗਿਆਨਿਕ ਤੇ ਮਨੋਵਿਗਿਆਨਿਕ ਪ੍ਰਵਿਰਤੀ :-** ਪੱਛਮੀ ਵਿੱਦਿਆ ਦੇ ਪ੍ਰਭਾਵ ਸਦਕੇ ਪੰਜਾਬੀ ਵਿਚ ਵਿਗਿਆਨਿਕ ਅਤੇ ਮਨੋਵਿਗਿਆਨਿਕ ਪ੍ਰਵਿਰਤੀ ਅਧੀਨ ਵੀ ਵਾਰਤਕ ਲਿਖੀ ਗਈ ਹੈ। ਸ਼ੁਰੂ-ਸ਼ੁਰੂ ਵਿਚ ਡਾ. ਮੋਹਨ ਸਿੰਘ ਵੈਦ, ਸ੍ਰ. ਗੁਰਬਖਸ਼ ਸਿੰਘ, ਪ੍ਰਿੰ. ਤੇਜਾ ਸਿੰਘ ਨੇ ਇਸ ਪਾਸੇ ਯੋਗਦਾਨ ਪਾਇਆ। ਮਗਰੋਂ ਪ੍ਰਿੰ. ਜਗਦੀਸ਼ ਸਿੰਘ ਨੇ ਗੁੰਝਲਦਾਰ ਬੱਚੇ, ਸਾਡੇ ਬੱਚੇ, ਬੱਚੇ ਦੇ ਪਹਿਲੇ ਸਾਲ ਆਦਿ ਪੁਸਤਕਾਂ ਲਿਖ ਕੇ ਇਸ ਵਿਚ ਵਾਧਾ ਕੀਤਾ। ਇਸ ਤਰ੍ਹਾਂ ਡਾ. ਸੁਰਜੀਤ ਸਿੰਘ ਢਿੱਲੋਂ, ਡਾ. ਹਰਦੇਵ ਸਿੰਘ ਵਿਰਕ, ਡਾ. ਡੀ. ਪੀ. ਸਿੰਘ (ਧਰਮ ਤੇ ਵਿਗਿਆਨ) ਆਦਿ ਨੇ ਇਸ ਪਾਸੇ ਸ਼ਲਾਘਾਯੋਗ ਕਦਮ ਚੁੱਕੇ ਹਨ।

**4.6 ਹਲਕੀ-ਫੁਲਕੀ ਵਾਰਤਕ ਦੀ ਪ੍ਰਵਿਰਤੀ :-** ਅੰਗਰੇਜ਼ੀ ਭਾਸ਼ਾ ਦੇ ਵਾਰਤਕਕਾਰਾਂ ਐਡੀਸਨ, ਚਾਰਲਸ ਲੈਂਬ, ਸਟੀਲ ਆਦਿ ਵਾਂਗ, ਪੰਜਾਬੀ ਵਿਚ ਵੀ ਹਲਕੀ-ਫੁਲਕੀ ਵਾਰਤਕ ਦੀ ਪ੍ਰਵਿਰਤੀ ਮੌਜੂਦ ਹੈ। ਇਸ ਪ੍ਰਵਿਰਤੀ ਦਾ ਆਰੰਭ ਆਧੁਨਿਕ ਵਾਰਤਕ ਵਿਚ ਪ੍ਰਿੰ. ਤੇਜਾ ਸਿੰਘ ਤੋਂ ਹੋਇਆ। ਇਸ ਪਿੱਛੋਂ ਸ੍ਰ. ਲਾਲ ਸਿੰਘ ਨੇ 'ਜੀਵਨ ਨੀਤੀ' ਅਤੇ 'ਮਨ ਦੀ ਮੌਜ', ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ 'ਅਣ-ਪਛਾਤੇ ਰਾਹ', ਈਸ਼ਵਰ ਚਿੱਤਰਕਾਰ ਨੇ 'ਕਲਮ ਦੀ ਆਵਾਜ਼' ਅਤੇ 'ਗੱਲਬਾਤ', ਹਰਿੰਦਰ ਸਿੰਘ ਰੂਪ ਨੇ 'ਚੁੰਝਾਂ ਪਹੁੰਚੇ', ਸੁਜਾਨ ਸਿੰਘ ਨੇ 'ਖੁੰਬਾਂ ਦਾ ਸ਼ਿਕਾਰ', ਸ੍ਰ. ਸੂਬਾ ਸਿੰਘ ਨੇ 'ਅਲੋਪ ਹੋ ਰਹੇ ਚੇਟਕ', ਗੁਰਨਾਮ ਸਿੰਘ ਤੀਰ ਨੇ 'ਮੈਨੂੰ ਮੈਥੋਂ ਬਚਾਓ, ਸ੍ਰ. ਦਲੀਪ ਸਿੰਘ ਜੁਨੇਜਾ ਨੇ 'ਛਿਲਤਰਾਂ', 'ਅੱਕ ਦੇ ਫੁੱਲ', 'ਤੁਰਦੇ ਫਿਰਦੇ ਮਖੌਟੇ', 'ਪੁਆੜੇ ਨੇਮ ਪਲੇਟਾਂ ਦੇ' ਆਦਿ ਪੁਸਤਕਾਂ ਲਿਖ ਕੇ ਇਸ ਪਾਸੇ ਯੋਗਦਾਨ ਪਾਇਆ ਹੈ। ਇਸ ਤੋਂ ਪਹਿਲਾਂ ਬਾਵਾ ਬਲਵੰਤ ਨੇ ਆਪਣੀ ਪੁਸਤਕ, 'ਕਿਸ-ਕਿਸ ਤਰ੍ਹਾਂ ਦੇ ਨਾਚ' ਵਿਚ ਸ਼ੀਸ਼ਾ, ਦਵਾਤ, ਜੁੱਤੀ, ਦੇ ਸ਼ਹਿਰ ਵਿਚ ਬਰਸਾਤ ਆਦਿ ਵਿਸ਼ਿਆਂ ਉੱਤੇ ਹਲਕੇ ਨਿਬੰਧ ਲਿਖੇ ਹਨ।

**4.7 ਦਾਰਸ਼ਨਿਕ ਪ੍ਰਵਿਰਤੀ :-** ਦਾਰਸ਼ਨਿਕ ਪ੍ਰਵਿਰਤੀ ਵਾਲੀ ਵਾਰਤਕ ਵੀ ਆਧੁਨਿਕ ਸਮੇਂਵਿਚ ਲਿਖੀ ਗਈ। ਇਸ ਤਰ੍ਹਾਂ ਦੀ ਵਾਰਤਕ ਪੁਰਾਣੀ ਕਿਸਮ ਦੀ ਦਾਰਸ਼ਨਿਕ ਵਾਰਤਕ ਤੋਂ ਵੱਖਰੀ ਹੈ। ਮੁੱਢਲੇ ਪੜਾਅ 'ਤੇ ਕੁਝ ਦਾਰਸ਼ਨਿਕ ਵਾਰਤਕ ਪ੍ਰੋ.ਸ. ਸ. ਅਮੋਲ ਦੁਆਰਾ ਲਿਖੀ ਗਈ ਹੈ। ਇਸ ਦਾਰਸ਼ਨਿਕ ਵਾਰਤਕ ਉੱਪਰ ਪੁਰਾਤਨ ਵਾਰਤਕ ਵਾਂਗ ਸਾਧ ਭਾਸ਼ਾ ਦਾ ਪ੍ਰਭਾਵ ਨਹੀਂ। ਔਖੇ ਵਿਚਾਰਾਂ ਨੂੰ ਆਮ ਭਾਸ਼ਾ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਵਾਰਤਕਕਾਰ ਇਸ ਗੱਲ ਵਿਚ ਸਫਲ ਵੀ ਹੋਇਆ ਹੈ। ਉਸ ਨੇ ਆਮ ਸਮਝ ਆਉਣ ਵਾਲੇ ਸ਼ਬਦ ਵਰਤੇ ਹਨ। ਵਾਰਤਕ ਵਿਚ ਵਿਯੋਗਾਤਮਕਤਾ ਹੈ। ਨਮੂਨਾ- 'ਅਸੀਂ ਅਨੇਕਾਂ ਵਾਰ ਇਸ ਸੰਸਾਰ ਵਿਚ ਮਨੁੱਖਾਂ-ਮਨੁੱਖਾਂ ਵਿਚ ਕਈ ਤਰਾਂ ਦੇ ਅੰਤਰ ਵੇਖ ਕੇ ਵੀ ਸੋਚਦੇ ਹਾਂ ਕਿ ਇਹ ਕਿਹਾ ਪ੍ਰਬੰਧ ਹੈ। ਕੋਈ ਗ਼ਰੀਬ ਹੈ ਅਤੇ ਕੋਈ ਅਮੀਰ, ਕੋਈ ਵਿਦਵਾਨ ਹੈ ਅਤੇ ਕੋਈ ਅਵਿੱਦਿਯ ਅਤੇ ਕੋਈ ਕਰੜੀ ਘਾਲਣਾ ਘਾਲ ਕੇ ਉਪਜੀਵਕਾ ਉਪਜਾਉਂਦਾ ਹੈ ਅਤੇ ਕੋਈ ਬੜੀ ਸੁਖੈਨਤਾ ਨਾਲ। ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਜੀਵਨ ਦਾ ਸਾਰਾ ਪ੍ਰਬੰਧ ਚੱਲ ਹੀ ਇਸ ਅੰਤਰ ਦੇ ਸਹਾਰੇ ਰਿਹਾ ਹੈ'।

**4.8 ਗਿਆਨਾਤਮਕ ਪ੍ਰਵਿਰਤੀ :-** ਇਸ ਤਰ੍ਹਾਂ ਦੀ ਪ੍ਰਵਿਰਤੀ ਸਾਨੂੰ ਆਧੁਨਿਕ ਵਾਰਤਕ ਵਿਚ ਲਾਲ ਸਿੰਘ ਕਮਲਾ ਅਕਾਲੀ ਦੇ ਨਿਬੰਧਾਂ ਵਿਚ ਮਿਲਦੀ ਹੈ ਜਿਸ ਦੇ ਨਿਬੰਧ-ਸੰਗ੍ਰਹਿਆਂ ਵਿਚ ਮੌਤ ਰਾਣੀ ਦਾ ਘੁੰਡ, ਜੀਵਨ ਨੀਤੀ ਅਤੇ ਮਨ ਦੀ ਮੌਜ ਹਨ।ਇਸ ਤਰ੍ਹਾਂ ਦੀ ਵਾਰਤਕ ਦੀ ਪ੍ਰਵਿਰਤੀ ਪ੍ਰੋ. ਕਿਰਪਾਲ ਸਿੰਘ ਕਸੇਲ ਵਿਚ ਵੀ ਦੇਖੀ ਜਾ ਸਕਦੀ ਹੈ। ਇਹ ਵੀ ਸਾਧਾਰਨ ਅਤੇ ਆਮ ਸਮਝੇ ਜਾਣ ਵਾਲੇ ਸ਼ਬਦਾਂ ਰਾਹੀਂ ਡੂੰਘੇ ਗਿਆਨਾਤਮਕ ਵਿਚਾਰਾਂ ਨੂੰ ਪ੍ਰਗਟਾਉਂਦੇ ਹਨ। ਇਸ ਵੰਨਗੀ ਦੀ ਵਾਰਤਕ ਦੀ ਇਕ ਉਦਾਹਰਨ ਇੱਥੋਂ ਦਿੱਤੀ ਜਾ ਰਹੀ ਹੈ:

"ਸੁੱਚੀ ਕਿਰਤ ਦੇ ਉਪਜਾਊ ਹੋਣ ਬਾਰੇ ਤਾਂ ਕੋਈ ਸੰਦੇਹ ਹੋ ਹੀ ਨਹੀਂ ਸਕਦਾ, ਇਹ ਸਦਾ ਉਪਜਾਊ ਹੈ। ਕੇਵਲ ਇੰਨਾ ਹੀ ਨਹੀਂ, ਸਗੋਂ ਇਸ ਵਿਚ ਸੱਚੀ ਲਗਨ ਤੇ ਅਦੁੱਤੀ ਮਾਨਵੀ ਸੱਧਰਾਂ ਕੇਂਦਰਿਤ ਹਨ। ਇਹ ਮਨੁੱਖ ਦੀ ਪਰਮ ਚੇਤੰਨਤਾ, ਕਮਾਈ ਤੇ ਸਾਧੀ ਹੋਈ ਸੁਯੋਗਤਾ ਦਾ ਅਮਰ ਫਲ ਹੈ। ਇਸ ਵਿਚ ਸਵੱਛਤਾ, ਸੇਵਾ, ਪਰਉਪਕਾਰ, ਖ਼ੂਬਸੂਰਤੀ, ਪ੍ਰਗਤੀਸ਼ੀਲਤਾ ਤੇ ਆਦਰਸ਼- ਸਮਾਜ ਦਾ ਪੁਨਰ-ਨਿਰਮਾਣ ਸਭ ਸ਼ਾਮਿਲ ਹਨ। ਹਰ ਉੱਚੀ ਕਲਾ ਸੁੱਚੀ ਕਿਰਤ ਵੀ ਹੈ, ਪਰ ਕਮਾਲ ਤਾਂ ਇਹ ਹੈ ਕਿ ਹਰ ਸੁੱਚੀ ਕਿਰਤ ਕਲਾ ਦੀ ਉੱਚਤਾ ਤੱਕ ਪਹੁੰਚ ਜਾਂਦੀ ਹੈ ਭਾਵੇਂ ਇਸ ਵਿਚ ਆਸ਼ਾ ਉਪਯੋਗਤਾ ਦਾ ਹੀ ਮੁੱਖ ਹੁੰਦਾ ਹੈ।" ਅੱਜਕੱਲ੍ਹ ਡਾ. ਡੀ.ਪੀ. ਸਿੰਘ, ਡਾ. ਹਰਦੇਵ ਸਿੰਘ ਵਿਰਕ, ਰਾਮ ਨਾਥ ਸ਼ੁਕਲਾ ਆਦਿ ਅਜਿਹੇ ਨਿਬੰਧ ਲਿਖ ਰਹੇ ਹਨ।

4.9 **ਜੀਵਨ ਪ੍ਰੇਰਨਾ ਦੀ ਪ੍ਰਵਿਰਤੀ**:- ਆਧੁਨਿਕ ਪੰਜਾਬੀ ਵਾਰਤਕ ਵਿਚ ਇਕ ਹੋਰ ਪ੍ਰਵਿਰਤੀ ਦੇ ਬਹੁਤ ਜ਼ੋਰ ਪਕੜ ਰਹੀ ਹੈ, ਉਹ ਹੈ- ਜੀਵਨ ਪ੍ਰੇਰਨਾ ਦੀ ਪ੍ਰਵਿਰਤੀ। ਸ੍ਰ. ਗੁਰਬਖ਼ਸ਼ ਸਿੰਘ ਨੇ ਅਜਿਹੀ ਵਾਰਤਕ ਦੀ ਸ਼ੁਰੂਆਤ ਕੀਤੀ ਸੀ। ਮਗਰੋਂ ਲਾਲ ਸਿੰਘ ਕਮਲਾ ਅਕਾਲੀ, ਪ੍ਰਿੰ. ਨਿਰੰਜਨ ਸਿੰਘ ਨੇ ਇਸ ਨੂੰ ਅਗਾਂਹ ਤੋਰਿਆ। ਅੱਜ ਦੇ ਯੁਗ ਵਿਚ ਪ੍ਰੋ. ਨਰਿੰਦਰ ਸਿੰਘ ਕਪੂਰ, ਰਾਮ ਨਾਥ ਸ਼ੁਕਲਾ ਅਤੇ ਡਾ. ਕਰਨੈਲ ਸਿੰਘ ਸੋਮਲ ਅਜਿਹੀ ਵਾਰਤਕ ਲਿਖ ਰਹੇ ਹਨ। ਇੱਥੇ ਅਸੀਂ ਡਾਕਟਰ ਸੋਮਲ ਦੀ-ਵਾਰਤਕ ਵਿਚੋਂ ਉਦਾਹਰਨ ਦੇ ਰਹੇ ਹਾਂ, "ਮਨੋਰੋਗਾਂ ਦੇ ਡਾਕਟਰ ਸੁਝਾਉਂਦੇ ਹਨ ਕਿ ਸੋਹਣੀਆਂ ਤ੍ਰਿਪਤੀਆਂ ਯਾਦਾਂ ਨੂੰ ਤਾਜ਼ਾ ਕਰਕੇ ਉਦਾਸੀ ਦੇ ਭਾਵਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਸ ਲੇਖੇ ਆਪਣੀ ਝੋਲੀ ਵਿਚ ਡਿੱਗਦੇ ਫੁੱਲਾਂ ਦਾ ਅਹਿਸਾਸ ਕਮਾਲ ਕਰ ਸਕਦਾ ਹੈ। ਇਹ ਗੱਲਾਂ ਨਾ ਤਾਂ ਦੁਨੀਆ ਤੋਂ ਮੂੰਹ ਮੋੜਨ ਲਈ ਹਨ ਤੇ ਨਾ ਹੀ ਜੀਵਨ ਦੀਆਂ ਮੁਸ਼ਕਿਲਾਂ ਤੋਂ ਮੂੰਹ ਲੁਕੋਣ ਲਈ, ਸਗੋਂ ਇਹ ਤਾਂ ਤਪਦੀਆਂ ਤੇ ਛੂੰਹਦੀਆਂ ਹਾਲਤਾਂ ਵਿਚ ਵੀ ਆਪਣੇ ਆਪ ਨੂੰ ਹਰਾ ਭਰਾ ਰੱਖਣ ਲਈ ਹਨ।

4.10 **ਸਭਿਆਚਾਰਕ ਪੇਸ਼ਕਾਰੀ ਦੀ ਪ੍ਰਵਿਰਤੀ** :- ਆਧੁਨਿਕ ਪੰਜਾਬੀ ਵਾਰਤਕ ਦੀ ਇਕ ਹੋਰ ਜ਼ੋਰਦਾਰ ਪ੍ਰਵਿਰਤੀ ਹੈ- ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਨਾ। ਇਸ ਖੇਤਰ ਵਿਚ ਅਸੀਂ ਸ਼ਰਧਾ ਰਾਮ ਫਲੋਰੀ, ਡਾ. ਰੰਧਾਵਾ, ਗਿ. ਗੁਰਦਿੱਤ ਸਿੰਘ, ਡਾ. ਵਣਜਾਰਾ ਬੇਦੀ, ਡਾ. ਨਰੇਸ਼ (ਸਾਡੇ ਰਸਮ ਰਿਵਾਜ਼), ਕਿਰਪਾਲ ਸਿੰਘ ਕਜ਼ਾਕ, ਵਰਿਆਮ, ਡਾ. ਮੋਹਨ ਤਿਆਗੀ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬ ਜਾਂ ਪੰਜਾਬ ਦੇ ਕਿਸੇ ਕਬੀਲੇ ਦੇ ਸਭਿਆਚਾਰ ਨੂੰ ਗੁੰਦ ਕੇ ਪੇਸ਼ ਕੀਤਾ ਹੈ।

4.11 **ਆਲੋਚਨਾਤਮਕ ਪ੍ਰਵਿਰਤੀ** :- ਪੰਜਾਬੀ ਵਾਰਤਕ ਵਿਚ ਇਕ ਹੋਰ ਪ੍ਰਵਿਰਤੀ ਜੋ ਕਾਫ਼ੀ ਮਾਤਰਾ ਵਿਚ ਵੇਖਣ ਨੂੰ ਮਿਲਦੀ ਹੈ, ਉਹ ਹੈ- ਆਲੋਚਨਾਤਮਕ ਪ੍ਰਵਿਰਤੀ। ਇਸ ਪ੍ਰਵਿਰਤੀ ਦਾ ਜਨਮ ਤਾਂ ਈਸਾਈ ਮਿਸ਼ਨਰੀਆਂ ਦੁਆਰਾ ਉੱਨ੍ਹੀਵੀਂ ਸਦੀ ਵਿਚ ਹੀ ਹੋ ਗਿਆ ਸੀ। ਵੀਹਵੀਂ ਸਦੀ ਵਿਚ ਇਹ ਪ੍ਰਵਿਰਤੀ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ, ਡਾ. ਮੋਹਨ ਸਿੰਘ ਦੀਵਾਨਾ, ਸ੍ਰ. ਅਵਤਾਰ ਸਿੰਘ ਆਜ਼ਾਦ (ਪੰਜਾਬੀ ਸਾਹਿਤ ਦੇ ਉਸਰੱਈਏ), ਬਨਾਰਸੀ ਦਾਸ ਜੈਨ (ਹੀਰ ਮੁਕਬਲ), ਭਾਈ ਵੀਰ ਸਿੰਘ (ਪੁਰਾਤਨ ਜਨਮ ਸਾਖੀ ਦੀ ਸੰਪਾਦਨਾ), ਪ੍ਰਿੰ. ਗੰਗਾ ਸਿੰਘ ਬੇਦੀ (ਹੀਰ ਦਮੋਦਰ), ਪ੍ਰੋ.ਐਸ.ਐਸ. ਅਮੋਲ (ਹੀਰ ਵਾਰਿਸ), ਡਾ. ਗੰਡਾ ਸਿੰਘ, ਸ੍ਰ. ਅਸ਼ੋਕ, ਪ੍ਰੋ. ਪ੍ਰੀਤਮ ਸਿੰਘ, ਦਵਿੰਦਰ ਸਤਿਆਰਥੀ, ਪ੍ਰੋ. ਪਦਮ, ਰਣਧੀਰ ਸਿੰਘ, ਹਰਨਾਮ ਸਿੰਘ ਸ਼ਾਨ, ਬਲਬੀਰ ਸਿੰਘ ਦਿੱਲ ਆਦਿ ਦੇ ਹੱਥਾਂ ਵਿਚ ਪ੍ਰਫੁੱਲਿਤ ਹੋਈ।ਇਨ੍ਹਾਂ ਦੇ ਨਾਲ ਹੀ ਪ੍ਰਿੰ. ਤੇਜਾ ਸਿੰਘ (ਸਾਹਿਤ ਦਰਸ਼ਨ), ਡਾ. ਦਰਦੀ (ਰੋਮਾਂਚਕ ਪੰਜਾਬੀ ਕਵੀ), ਪ੍ਰੋ. ਹਰਬੰਸ ਸਿੰਘ, ਡਾ. ਕੋਹਲੀ (ਪ੍ਰੋ. ਪੂਰਨ ਸਿੰਘ ਜੀਵਨ ਤੇ ਰਚਨਾ), ਸ੍ਰ. ਜੀ.ਬੀ. ਸਿੰਘ (ਗੁਰਮੁਖੀ ਲਿਪੀ ਬਾਰੇ ਖੋਜ ਤੇ ਪ੍ਰਾਚੀਨ ਬੀੜਾਂ) ਆਦਿ ਦੇ ਨਾਂ ਵੀ ਇਸ ਪ੍ਰਵਿਰਤੀ ਅਧੀਨ ਲਿਖਣ ਵਾਲਿਆਂ ਵਿਚ ਵਰਣਨ-ਯੋਗ ਹਨ।

ਆਜ਼ਾਦੀ ਤੋਂ ਪਿੱਛੋਂ ਜਿਨ੍ਹਾਂ ਲੇਖਕਾਂ ਨੇ ਆਲੋਚਨਾਤਮਕ ਪ੍ਰਵਿਰਤੀ ਅਧੀਨ ਲਿਖੀ ਗਈ ਵਾਰਤਕ ਵਿਚ ਯੋਗਦਾਨ ਪਾਇਆ ਉਨ੍ਹਾਂ ਵਿਚੋਂ ਕੁੱਝ ਹਨ- ਪ੍ਰਿੰ. ਸੰਤ ਸਿੰਘ ਸੇਖੋਂ (ਸਾਹਿਤਿਆਰਥ ਆਦਿ), ਪ੍ਰਿੰ. ਤਾਲਿਬ (ਆਧੁਨਿਕ ਪੰਜਾਬੀ

ਵਾਰਤਕ), ਡਾ. ਕੋਹਲੀ (ਪੰਜਾਬੀ ਸਾਹਿਤ ਵਸਤੂ ਵਿਚਾਰ, ਪੰਜਾਬੀ ਸਾਹਿਤ ਦੇ ਉਸਰੱਈਏ), ਡਾ. ਅਤਰ ਸਿੰਘ (ਕਾਵਿ ਅਧਿਐਨ ਆਦਿ), ਪ੍ਰੋ. ਕਿਸ਼ਨ ਸਿੰਘ (ਯਥਾਰਥਵਾਦ, ਸਾਹਿਤ ਦੀ ਸਮਝ ਆਦਿ), ਡਾ. ਆਹਲੂਵਾਲੀਆ (ਆਧੁਨਿਕ ਪੰਜਾਬੀ ਸਾਹਿਤ), ਡਾ. ਹਰਚਰਨ ਸਿੰਘ (ਨਾਟਕ ਕਲਾ ਤੇ ਹੋਰ ਲੇਖ; ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ), ਡਾ. ਪ੍ਰੇਮ ਪ੍ਰਕਾਸ਼ ਸਿੰਘ (ਕਾਵਿ ਦੇ ਤੱਤ, ਪ੍ਰੋ. ਮੋਹਨ ਸਿੰਘ ਦਾ ਕਾਵਿ ਲੋਕ), ਪ੍ਰੋ. ਕਸੇਲ (ਸਾਹਿਤ ਦੇ ਰੂਪ ਸਹਿ ਲੇਖਕ, ਆਧੁਨਿਕ ਗੱਦਕਾਰ), ਪ੍ਰੋ. ਪਦਮ (ਕਲਮ ਦੇ ਧਨੀ, ਦਸਮ ਗ੍ਰੰਥ ਦਰਸ਼ਨ, ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ), ਡਾ. ਰਤਨ ਸਿੰਘ ਜੱਗੀ (ਦਸਮ ਗ੍ਰੰਥ ਕਰਤ੍ਰਿਤਵ, ਵਿਚਾਰਧਾਰਾ, ਗੁਰੂ ਨਾਨਕ ਦੀ ਵਿਚਾਰਧਾਰਾ ਆਦਿ), ਪ੍ਰੋ. ਤੇਜਵੰਤ ਗਿੱਲ (ਪੰਜਾਬੀ ਸਭਿਆਚਾਰ ਪ੍ਰਮਾਣ ਤੇ ਪ੍ਰਤੀਮਾਨ, ਪੰਜਾਬੀ ਪ੍ਰਵਚਨ, ਪੰਜਾਬੀ ਭਾਸ਼ਾ ਤੇ ਸਾਹਿਤ), ਡਾ. ਹਰਿਭਜਨ ਸਿੰਘ (ਮੁੱਲ ਤੇ ਮੁੱਲਅੰਕਣ, ਸਾਹਿਤ ਦੇ ਸਿੱਧਾਂਤ, ਸਿਸਟਮੀ, ਰੂਪਕੀ ਆਦਿ), ਡਾ. ਰਵਿੰਦਰ ਸਿੰਘ ਰਵੀ, ਡਾ. ਜਸ ਰਾਹੀ, ਡਾ. ਦੀਪਕ ਮਨਮੋਹਨ ਸਿੰਘ, ਡਾ. ਸਤਿੰਦਰ ਸਿੰਘ ਪੰਜਾਬੀ ਕਵਿਤਾ ਸੀਮਾ ਤੇ ਸੰਭਾਵਨਾ, ਆਧੁਨਿਕ ਪੰਜਾਬੀ ਕਵਿਤਾ; ਸਿੱਧਾਂਤਕ ਪਰਿਪੇਖ), ਡਾ. ਭਾਟੀਆ, ਡਾ. ਸੁਖਦੇਵ ਸਿੰਘ ਖਹਿਰਾ, ਡਾ. ਰਘਬੀਰ ਸਿੰਘ, ਡਾ. ਸੁਰਜੀਤ ਹਾਂਸ, ਡਾ. ਜਸਵਿੰਦਰ ਸਿੰਘ, ਡਾ. ਗੁਰਮੁਖ ਸਿੰਘ, ਡਾ. ਅਰਸ਼ੀ, ਡਾ. ਸਰਬਿੰਦਰ ਜੀਤ ਸਿੰਘ ਸਾਗਰ, ਡਾ. ਗੁਰਭਗਤ ਸਿੰਘ ਆਦਿ।

ਵਾਰਤਕ ਵਿਚ ਵੱਖ-ਵੱਖ ਤਰ੍ਹਾਂ ਦੀਆਂ ਪ੍ਰਵਿਰਤੀਆਂ ਮਿਲਦੀਆਂ ਹਨ, ਜਿਹੜੀਆਂ ਪੁਰਾਤਨ ਵਾਰਤਕ ਵਿਚ ਨਹੀਂ ਮਿਲਦੀਆਂ। ਆਧੁਨਿਕ ਵਾਰਤਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਹਨ- ਸਪਸ਼ਟ ਅਤੇ ਸਰਲ ਵਾਰਤਕ ਲਿਖਣ ਦੀ ਪ੍ਰਵਿਰਤੀ, ਕਾਵਿਕ ਪ੍ਰਵਿਰਤੀ, ਧਾਰਮਿਕ ਪ੍ਰਵਿਰਤੀ, ਅਲੰਕਾਰਿਕ ਪ੍ਰਵਿਰਤੀ, ਦਾਰਸ਼ਨਿਕ ਪ੍ਰਵਿਰਤੀ ਅਤੇ ਗਿਆਨਾਤਮਕ ਪ੍ਰਵਿਰਤੀ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1. "ਆਧੁਨਿਕ ਵਾਰਤਕ ਵਿਚ ਵੰਨ-ਸੁਵੰਨਾਪਨ ਹੈ"। ਸਪੱਸ਼ਟ ਕਰੋ।
2. ਆਧੁਨਿਕ ਵਾਰਤਕ ਦੀ ਕਾਵਿਕ ਪ੍ਰਵਿਰਤੀ ਬਾਰੇ ਉਦਾਹਰਨ ਸਹਿਤ ਚਰਚਾ ਕਰੋ।
3. "ਸਪੱਸ਼ਟ ਅਤੇ ਸਰਲ ਵਾਰਤਕ ਰਚਨਾ ਆਧੁਨਿਕ ਵਾਰਤਕ ਦਾ ਵਧੀਆ ਗੁਣ ਸਮਝਿਆ ਜਾਂਦਾ ਹੈ"। ਚਰਚਾ ਕਰੋ।
4. ਆਧੁਨਿਕ ਵਾਰਤਕ ਦੀ ਅਲੰਕਾਰਿਕ ਪ੍ਰਵਿਰਤੀ ਬਾਰੇ ਉਦਾਹਰਨ ਸਹਿਤ ਚਰਚਾ ਕਰੋ।
5. ਆਧੁਨਿਕ ਵਾਰਤਕ ਦੀ ਆਲੋਚਨਾਤਮਕ ਪ੍ਰਵਿਰਤੀ ਬਾਰੇ ਉਦਾਹਰਨ ਸਹਿਤ ਚਰਚਾ ਕਰਦਿਆਂ ਪ੍ਰਮੁੱਖ ਵਾਰਤਕਕਾਰਾਂ ਦਾ ਵੇਰਵਾ ਦਿਓ।

## ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-5**

**ਗੁਰਬਖ਼ਸ਼ ਸਿੰਘ: ਜ਼ਿੰਦਗੀ ਦੀ ਕਵਿਤਾ**

5. ਗੁਰਬਖ਼ਸ਼ ਸਿੰਘ: ਜ਼ਿੰਦਗੀ ਦੀ ਕਵਿਤਾ

5.1 ਗੁਰਬਖ਼ਸ਼ ਸਿੰਘ: ਜਾਣ-ਪਛਾਣ

5.2 ਨਿਬੰਧ: ਅਰਥ ਅਤੇ ਪਰਿਭਾਸ਼ਾ

5.3 ਨਿਬੰਧ ਦੇ ਤੱਤ

# ਗੁਰਬਖ਼ਸ਼ ਸਿੰਘ: ਜ਼ਿੰਦਗੀ ਦੀ ਕਵਿਤਾ

## 5.1 ਗੁਰਬਖ਼ਸ਼ ਸਿੰਘ: ਜਾਣ -ਪਛਾਣ

ਪਿਆਰੇ ਵਿਦਿਆਰਥੀਓ ! ਇਹ ਮਹਾਨ ਲੇਖਕ ਜਿੱਥੇ ਲਗਭਗ 70 ਪੁਸਤਕਾਂ ਦਾ ਕਰਤਾ ਸੀ, ਉੱਥੇ ਇਕ ਮਹਾਨ ਸ਼ਖ਼ਸੀਅਤ ਦਾ ਵੀ ਮਾਲਕ ਸੀ। ਵੱਖ-ਵੱਖ ਵਿਦਵਾਨ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਉਸ ਨੂੰ ਨੇੜਿਉਂ ਤੱਕਿਆ ਹੈ, ਨੇ ਉਸ ਦੀ ਸ਼ਖ਼ਸੀਅਤ ਸੰਬੰਧੀ ਆਪਣੇ ਪ੍ਰਭਾਵ ਦਿੱਤੇ ਹਨ। ਡਾ. ਜਸਵਿੰਦਰ ਸਿੰਘ ਦੀ ਟਿੱਪਣੀ ਵਧੇਰੇ ਵਰਣਨ ਯੋਗ ਹੈ। ਉਹ ਲਿਖਦੇ ਹਨ,"ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਨਾਂ ਇਕ ਉੱਚੇ ਮੀਨਾਰ ਵਾਂਗ ਹੈ। ਗੁਰਬਖ਼ਸ਼ ਸਿੰਘ, ਪੰਜਾਬੀ ਸਾਹਿਤ ਦਾ ਇਕ ਯੁਗ ਸੀ, ਇਕ ਸੰਸਥਾ ਸੀ, ਇਕ ਸਰਬਾਂਗੀ ਸ਼ਖ਼ਸੀਅਤ ਸੀ; ਜਿਸ ਨੇ ਆਪਣੀ ਮਿਕਨਾਤੀਸੀ ਸ਼ਖ਼ਸੀਅਤ, ਹੋਣਹਾਰ ਜੀਵਨ ਦਰਸ਼ਨ, ਰੋਚਕ ਕਲਾ ਕੌਸ਼ਲਤਾ ਅਤੇ ਮਿੱਠੇ ਤੇ ਰਸੀਲੇ ਬੋਲਾਂ ਰਾਹੀਂ ਵਿਸ਼ਾਲ ਪੰਜਾਬੀ ਲੋਕਾਈ ਨੂੰ ਆਪਣਾ ਸਮਰਥਕ ਅਤੇ ਸ਼ਰਧਾਲੂ ਬਣਾਇਆ।"

ਰਚਨਾਵਾਂ :- ਇਸ ਮਹਾਨ ਲੇਖਕ ਦੀਆਂ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਜਾ ਰਿਹਾ ਹੈ:

ਕਹਾਣੀ ਸੰਗ੍ਰਹਿ :- ਪ੍ਰੀਤ ਕਹਾਣੀਆਂ, ਪ੍ਰੀਤਾਂ ਦੇ ਪਹਿਰੇਦਾਰ, ਜ਼ਿੰਦਗੀ ਵਾਰਸ ਹੈ, ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ, ਅਨੋਖੇ ਤੇ ਇਕੱਲੇ, ਰੰਗ ਸਹਿਕਦਾ ਦਿਲ, ਨਾਗ ਪ੍ਰੀਤ ਦਾ ਜਾਦੂ, ਵੀਣਾ ਵਿਨੋਦ, ਸ਼ਬਨਮ, ਭਾਬੀ ਮੈਨਾ, ਅਸਮਾਨੀ ਮਹਾਂ ਨਦੀ।

ਆਤਮ ਕਥਾ :- ਮੇਰੀ ਜੀਵਨ ਕਹਾਣੀ-1, ਮੰਜ਼ਿਲ ਦਿੱਸ ਪਈ-2. ਮੇਰੀ ਜੀਵਨ ਕਹਾਣੀ-3।

ਨਾਵਲ :- ਅਣਵਿਆਹੀ ਮਾਂ ਅਤੇ ਰੁੱਖਾਂ ਦੀ ਜੀਰਾਂਦ।

ਨਾਟਕ :- ਕੋਧਰੇ ਦੀ ਰੋਟੀ, ਪ੍ਰੀਤਮੁਕਟ, ਰਾਜ ਕੁਮਾਰੀ ਲਤਿਕਾ।

ਨਿਬੰਧ ਸੰਗ੍ਰਹਿ : ਚਿੱਠੀਆਂ ਜੀਤਾਂ ਦੇ ਨਾਂ, ਦੁਨੀਆ ਦਾ ਇਕ ਮਹੱਲ, ਜ਼ਿੰਦਗੀ ਦੀ ਡਾਟ, ਨਵਾਂ ਸ਼ਿਵਾਲਾ, ਖੁੱਲ੍ਹਾ ਦਰ, ਪ੍ਰਣ ਪੁਸਤਕ, ਭਖਦੀ ਜੀਵਨ ਚੰਗਿਆੜੀ, ਜ਼ਿੰਦਗੀ ਦੀ ਰਾਸ, ਚੰਗੇਰੀ ਦੁਨੀਆ, ਬੰਦੀ-ਛੋੜ ਗੁਰੂ ਨਾਨਕ, ਪ੍ਰਸੰਨ ਲੰਮੀ ਉਮਰ, ਤਾਜ ਤੇ ਸਰੂ, ਸਾਵੀਂ ਪੱਧਰੀ ਜ਼ਿੰਦਗੀ, ਮਨੋਹਰ ਸ਼ਖ਼ਸੀਅਤ, ਪ੍ਰੀਤ ਮਾਰਗ, ਜ਼ਿੰਦਗੀ ਦੀ ਕਵਿਤਾ, ਸੁਖਾਵੀਂ ਸੁਧਰੀ ਜ਼ਿੰਦਗੀ, ਜ਼ਿੰਦਗੀ ਦੇ ਸਕੂਲ 'ਚੋਂ, ਨਵੀਂ ਤਕੜੀ ਦੁਨੀਆਂ, ਖੁਸ਼ਹਾਲ ਜੀਵਨ, ਸਾਡੇ ਵਾਰਸ, ਮੇਰੀਆਂ ਅਭੁੱਲ ਯਾਦਾਂ, ਨਵੀਆਂ ਤਕਦੀਰਾਂ ਦੀ ਫੁੱਲ ਕਿਆਰੀ, ਗੁਰਬਖ਼ਸ਼ ਸਿੰਘ ਅਭਿਨੰਦਨ ਗ੍ਰੰਥ, ਸਰਬ-ਪੱਖੀ ਨਾਇਕ : ਗੁਰੂ ਗੋਬਿੰਦ ਸਿੰਘ, ਇਕ ਦੁਨੀਆ ਦੇ ਤੇਰਾਂ ਸੁਪਨੇ, ਸ੍ਵੈ-ਪੂਰਨਤਾ ਦੀ ਲਗਨ।

ਬਾਲ-ਸਾਹਿਤ :- ਰੀਝਾਂ ਦੀ ਖੱਡੀ, ਬੰਦਾ ਬਹਾਦਰ, ਜੁਗਾਂ ਪੁਰਾਣੀ ਗੱਲ, ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ, ਪਰੀਆਂ ਦਾ ਮੋਚੀ, ਗੁਲਾਬੋ ਆਦਿ।

ਅਨੁਵਾਦ :- ਏਸ਼ੀਆ ਦਾ ਚਾਨਣ (ਐਡਵਿਨ ਅਰਨਾਲਡ), ਸੁਪਨੇ (ਆਲਿਵ ਸ਼ਰੀਨਰੇ), ਘਾਹ ਦੀਆਂ ਪੱਤੀਆਂ (ਵਾਲਟ ਵਿਟਮੈਨ), ਮਾਂ (ਗੋਰਕੀ), ਤਾਰਤੂਫ਼ (ਮੌਲੀਅਰ), ਜ਼ਿੰਦਗੀ ਦੇ ਰਾਹਾਂ 'ਤੇ (ਪ੍ਰੋ. ਪੂਰਨ ਸਿੰਘ) ਆਦਿ।

ਡਾ. ਜਗਬੀਰ ਸਿੰਘ ਨੇ ਉਸ ਨੂੰ ਸੁਪਨਬਾਜ਼ ਕਿਹਾ ਹੈ। ਉਸ ਦਾ ਕਹਿਣਾ ਹੈ ਕਿ ਸਾਰੇ ਨਿਬੰਧ ਨੂੰ ਵਾਚਣ ਨਾਲ ਜੋ ਗੱਲ ਉਘੜਵੇਂ ਰੂਪ ਵਿਚ ਉਜਾਗਰ ਹੁੰਦੀ ਹੈ ਉਹ ਹੈ ਲੇਖਕ ਦੀ ਆਦਰਸ਼ ਪ੍ਰਿਤ ਸ਼ਖ਼ਸੀਅਤ ਜੋ ਉਸ ਦੀ ਸਮੁੱਚੀ

ਰਚਨਾ ਨੂੰ ਪ੍ਰੇਰਣਾਦਾਇਕ ਜਲੌਅ ਪ੍ਰਦਾਨ ਕਰਦੀ ਹੈ। ਉਹ ਵਿਗਿਆਨਕ ਤੱਥ ਅਤੇ ਸੱਚ ਨੂੰ ਵਿਲੱਖਣ ਭਾਂਤ ਦੀ ਰੌਸ਼ਨੀ, ਕਲਪਨਾ ਦੇ ਰੰਗ ਵਿਚ ਰੰਗ ਕੇ ਸੁਪਨਮਈ ਆਦਰਸ਼ ਬਣਾ ਦਿੰਦਾ ਹੈ।

## 5.2 ਨਿਬੰਧ: ਅਰਥ ਅਤੇ ਪਰਿਭਾਸ਼ਾ

ਨਿਬੰਧ ਨੂੰ ਅੰਗਰੇਜ਼ੀ ਵਿੱਚ 'Essay' ਆਖਦੇ ਹਨ। ਇਸ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਉਪਲਬਧ ਹਨ। ਬ੍ਰਿਟੇਨਿਕਾ ਵਿਸ਼ਵ ਕੋਸ਼ ਅਨੁਸਾਰ, "ਨਿਬੰਧ ਤੋਂ ਭਾਵ ਅਜਿਹੀ ਸਾਹਿਤਕ ਰਚਨਾ ਹੈ, ਜੋ ਦਰਮਿਆਨੇ ਜਾਂ ਉੱਚਿਤ ਆਕਾਰ ਦੀ ਹੁੰਦੀ ਹੈ ਅਤੇ ਜਿਸ ਦੁਆਰਾ ਲੇਖਕ ਆਪਣੇ ਨਿੱਜੀ ਅਨੁਭਵ ਅਤੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ ਉੱਤੇ ਕਿਸੇ ਇਕ ਵਿਸ਼ੇ ਬਾਰੇ ਆਪਣੇ ਵਿਚਾਰ ਸਹਿਜ-ਸੁਭਾਅ ਜਾਂ ਸਰਸਰੀ ਤੌਰ 'ਤੇ ਪ੍ਰਗਟ ਕਰਦਾ ਹੈ।"

ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਵਿੱਚ ਨਿਬੰਧ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ, "ਇਹ ਸਾਧਾਰਨ ਲੰਬਾਈ ਦੀ ਇਕ ਵਿਸ਼ੇਸ਼ ਵਿਸ਼ੇ ਉੱਪਰ ਉਹ ਰਚਨਾ ਹੈ, ਜੋ ਪੂਰਨ ਨਾ ਹੋਵੇ ਤੇ ਵਿਧੀ ਰਹਿਤ ਤੇ ਤਰਤੀਬ-ਹੀਣ ਹੋਵੇ, ਪਰੰਤੂ ਹੁਣ ਨਿਬੰਧ ਇਕ ਅਜਿਹੀ ਰਚਨਾ ਨੂੰ ਕਿਹਾ ਜਾਂਦਾ ਹੈ, ਜਿਹੜੀ ਥੋੜ੍ਹੀ ਬਹੁਤ ਅਲੰਕ੍ਰਿਤ ਤੇ ਵਿਸਤ੍ਰਿਤ ਸ਼ੈਲੀ ਵਿੱਚ ਹੋਵੇ, ਪਰ ਜਿਸ ਦਾ ਖੇਤਰ ਸੀਮਤ ਹੋਵੇ।"

ਬੇਕਨ (Bacon) ਨੇ ਇਸ ਨੂੰ 'Dispressed Meditation' ਕਿਹਾ ਹੈ ਜਿਸ ਤੋਂ ਭਾਵ ਵਿਚਾਰਾਂ ਨੂੰ ਬਿਖ਼ਰੇ ਹੋਏ ਢੰਗ ਨਾਲ ਪੇਸ਼ ਕਰਨਾ ਹੈ। ਜਾਨਸਨ ਨੇ ਨਿਬੰਧ ਨੂੰ 'ਮਨ ਦਾ ਬੇਲਗਾਮ ਵੇਗ' ਕਿਹਾ ਹੈ। ਭਾਵ ਨਿਬੰਧ ਇਕ ਰਚਨਾ ਟੁੱਕੜੀ ਹੈ, ਜਿਹੜੀ ਬੇਤਰਤੀਬੀ ਤੇ ਬੇਢੰਗੀ ਹੋਣ ਦੇ ਨਾਲ-ਨਾਲ ਸ਼ੱਕੀਲ ਤੇ ਭਾਰੀ ਹੈ।

ਪ੍ਰੀਸਟਜੇ ਦਾ ਕਹਿਣਾ ਹੈ ਕਿ, ਸੱਚਾ ਨਿਬੰਧ ਮਿੱਤਰ ਨਾਲ ਗੱਲਬਾਤ ਜਾਂ ਅੰਤਰੰਗ ਵਾਰਤਾ ਦੇ ਨੇੜੇ ਪੈਂਦਾ ਹੈ ਜਿਸ ਦੇ ਹਰ ਇਕ ਪਦ ਵਿਚ ਨਿਬੰਧਕਾਰ ਦੀ ਸ਼ਖਸੀਅਤ ਦੀ ਦੀਪਤੀ ਉਜਾਗਰ ਹੁੰਦੀ ਹੈ।

ਐਲੇਕਜੈਂਡਰ ਸਮਿੱਥ ਅਨੁਸਾਰ, "ਸਾਹਿਤਕ ਨਿਬੰਧ ਮੁਕਤਕ ਵਾਂਗ ਹੁੰਦਾ ਹੈ, ਕਿਉਂਕਿ ਉਹ ਕਿਸੇ ਲੇਖਕ ਦੀ ਕੇਂਦਰੀ ਮਾਨਸਿਕ ਸਥਿਤੀ ਤੋਂ ਹੀ ਨਿਰਮਿਤ ਹੁੰਦਾ ਹੈ, ਭਾਵੇਂ ਭਾਵ ਚੰਚਲ ਹੋਵੇ, ਗੰਭੀਰ ਹੋਵੇ ਜਾਂ ਵਿਅੰਗਾਤਮਕ ਹੋਵੇ, ਮਾਨਸਿਕ ਸਥਿਤੀ ਦੇ ਹਾਜ਼ਰ ਹੁੰਦਿਆਂ ਹੀ ਨਿਬੰਧ ਇਸ ਤਰ੍ਹਾਂ— ਉਸ ਦੇ ਚਹੁੰ ਪਾਸੇ ਵਿਕਸਿਤ ਹੋਣ ਲਗਦਾ ਹੈ ਜਿਵੇਂ ਰੇਸ਼ਮ ਦੇ ਕੀੜਿਆਂ ਦੇ ਚਹੁੰ ਪਾਸੇ ਕੋਇਆ (ਆਵਰਣ) ਵਿਕਸਿਤ ਹੁੰਦਾ ਹੈ।"

ਹਰਬਰਟ ਰੀਡ ਦੀ ਧਾਰਨਾ ਹੈ ਕਿ, "ਨਿਬੰਧ ਕਿਸੇ ਦਾ ਜੀਵਨ-ਵਿਤ ਜਾਂ ਆਲੋਚਨਾਤਮਕ ਵਿਸ਼ਲੇਸ਼ਣ ਨਹੀਂ ਹੁੰਦਾ, ਨਾ ਹੀ ਉਹ ਇਤਿਹਾਸ ਹੁੰਦਾ ਹੈ ਅਤੇ ਨਾ ਹੀ ਇਕ ਪ੍ਰਬੰਧ। ਇਸ ਵਿਚ ਵਿਅਕਤੀਗਤ ਵਿਸ਼ਲੇਸ਼ਣ ਤਾਂ ਹੁੰਦਾ ਹੈ, ਪਰ ਆਤਮ-ਨਿਸ਼ਠਤਾ ਦੇ ਰੂਪ ਵਿਚ ਨਹੀਂ, ਉਹ ਵਿਸ਼ੇਗਤ ਹੁੰਦਾ ਹੈ, ਪਰ ਤਰਕ-ਆਸ਼ਿ੍ਤ ਨਹੀਂ ਹੁੰਦਾ।"

ਡਾ. ਬਲਬੀਰ ਸਿੰਘ ਦਿਲ ਅਨੁਸਾਰ, "ਨਿਬੰਧ ਦਾ ਵਿਸ਼ਾ ਧਰਤੀ ਤੋਂ ਆਕਾਸ਼ ਤਕ, ਕਿਸੇ ਨਿੱਕੀ ਗੱਲ ਤੋਂ ਲੈ ਕੇ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਡੇ ਤੋਂ ਵੱਡੇ ਸੁਆਲ ਜਾਂ ਸਿਧਾਂਤ ਤਕ ਹੋ ਸਕਦਾ ਹੈ। ਨਿਬੰਧਕਾਰ ਦੀ ਵਡਿਆਈ ਇਸ ਵਿਚ ਹੈ ਉਹ ਬੇਸ਼ੱਕ ਨਿਗੁਣੀ ਗੱਲ ਨੂੰ ਆਪਣੇ ਨਿਬੰਧ ਦਾ ਵਿਸ਼ਾ ਬਣਾਵੇ, ਪਰ ਆਪਣੇ ਚਿੰਤਨ ਅਤੇ ਅਨੁਭਵ ਦੇ ਲਿਸ਼ਕਾਰਿਆਂ, ਨਾਲ ਸੰਬੰਧਿਤ ਵਿਸ਼ੇ ਨੂੰ ਮਹੱਤਵਪੂਰਨ ਸਿੱਧ ਕਰ ਸਕੇ।

ਨਿਬੰਧ ਵਿਚਲੇ ਵਿਚਾਰ ਤੇ ਭਾਵ ਮੌਲਿਕ ਵੀ ਹੋ ਸਕਦੇ ਹਨ ਅਤੇ ਕਿਸੇ ਹੋਰ ਦੁਆਰਾ ਪ੍ਰਗਟਾਏ ਵੀ ਹੋ ਸਕਦੇ ਹਨ। ਡਾ. ਸੀਤਲ ਦਾ ਕਹਿਣਾ ਹੈ ਕਿ, "ਕਈ ਵਾਰ ਨਿਬੰਧਕਾਰ ਦੇ ਵੀ ਆਪਣੇ ਮੌਲਿਕ ਭਾਵ ਤੇ ਵਿਚਾਰ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸੁਚੱਜੇ ਢੰਗ ਨਾਲ ਪ੍ਰਗਟ ਕਰਨਾ ਚਾਹੁੰਦਾ ਹੈ। ਇਹ ਭਾਵ ਤੇ ਵਿਚਾਰ ਕਈ ਤਰ੍ਹਾਂ ਦੇ ਹੋ ਸਕਦੇ ਹਨ—

ਪੁਰਾਤਨ ਵੀ ਹੋ ਸਕਦੇ ਹਨ ਤੇ ਨਵੀਨ ਵੀ, ਪਰੰਪਰਾਵਾਦੀ ਵੀ ਕਹੇ ਜਾ ਸਕਦੇ ਹਨ ਅਤੇ ਆਧੁਨਿਕ ਜਾਂ ਤਰੱਕੀ-ਪਸੰਦ ਵੀ ਹੋ ਸਕਦੇ ਹਨ।

ਹਰ ਨਿਬੰਧ ਵਿਚ ਨਿਬੰਧਕਾਰ ਦਾ ਕੋਈ ਨਾ ਕੋਈ ਮਨੋਰਥ ਹੁੰਦਾ ਹੈ, ਡਾ. ਜੀਤ ਸਿੰਘ ਸੀਤਲ ਨੇ ਨਿਬੰਧ ਦੇ ਇਸ ਤੱਤ ਦੀ ਵਿਆਖਿਆ ਕਰਦਿਆਂ ਲਿਖਿਆ ਹੈ, "ਨਿਬੰਧਕਾਰ ਦਾ ਨਿਬੰਧ ਲਿਖਣ ਦਾ ਕੋਈ ਨਾ ਕੋਈ ਵਿਸ਼ੇਸ਼ ਭਾਵ ਹੁੰਦਾ ਹੈ। ਉਹ ਕਿਸੇ ਆਬੇ, ਸਿੱਧਾਂਤ ਜਾਂ ਭਾਵ ਨੂੰ ਆਪਣੇ ਵਿਚਾਰ ਅਨੁਸਾਰ ਪ੍ਰਗਟਾਉਣਾ ਤੇ ਦ੍ਰਿੜਾਉਣਾ ਚਾਹੁੰਦਾ ਹੈ, ਕਿਸੇ ਖਾਸ ਨੁਕਤੇ ਨੂੰ ਉਘਾੜਨਾ ਤੇ ਪਾਠਕਾਂ ਤਕ ਪਹੁੰਚਾਉਣਾ ਉਸ ਦਾ ਮੁੱਖ ਮੰਤਵ ਹੁੰਦਾ ਹੈ।ਦੇਖਣਾ ਇਹ ਹੁੰਦਾ ਹੈ ਕਿ ਉਹ ਇਸ ਮਨੋਰਥ ਵਿਚ ਕਿੱਥੋਂ ਤਕ ਸਫ਼ਲ ਹੋਇਆ ਹੈ।"

**5.3 ਨਿਬੰਧ ਦੇ ਤੱਤ :-** 'ਨਿਬੰਧ' ਦੀ ਪਰਿਭਾਸ਼ਾ ਵਾਂਗ ਨਿਬੰਧ ਦੇ ਤੱਤਾਂ ਬਾਰੇ ਵੀ ਵਿਦਵਾਨਾਂ ਦੀਆਂ ਆਪੋ-ਆਪਣੀਆਂ ਰਾਵਾਂ ਹਨ। ਡਾ. ਆਸ਼ਾ ਨੰਦ ਵੋਹਰਾ ਅਨੁਸਾਰ, "ਨਿਬੰਧ ਦੇ ਤੱਤ ਹਨ- ਗੱਦ ਬੱਧਤਾ, ਸਵੈ-ਪੂਰਨ ਰਚਨਾ, ਰੋਚਕਤਾ ਤੇ ਸਦੀਵਤਾ, ਬੁੱਧੀ ਅਤੇ ਹਿਰਦੇ ਦੀ ਸੁਮੇਲਤਾ, ਤਕਲਫ਼ੀ ਦੀ ਘਾਟ, ਨਿਬੰਧਕਾਰ ਦੀ ਸ਼ਖ਼ਸੀਅਤ ਦੀ ਝਲਕ, ਸੰਗਲੀ-ਬੱਧਤਾ, ਫੇਰ ਵੀ ਕੁਝ ਤੱਤ ਅਜਿਹੇ ਹਨ ਜਿਨ੍ਹਾਂ ਨੂੰ ਨਿਬੰਧ ਲਈ ਸਰਵ-ਪ੍ਰਵਾਨਿਤ ਕੀਤਾ ਗਿਆ ਹੈ। ਇਹ ਤੱਤ ਹਨ: (ੳ) ਵਿਸ਼ਾ/ਭਾਵ ਤੇ ਵਿਚਾਰ, (ਅ) ਮੰਤਵ ਤੇ ਮਨੋਰਥ, (ੲ) ਮੌਲਿਕਤਾ, (ਸ) ਸ਼ਖਸੀਅਤ ਦੀ ਛਾਪ, (ਹ) ਪ੍ਰਸਤਾਵਨਾ ਤੇ ਪ੍ਰਗਟਾਅ ਢੰਗ/ ਕਲਾ ਪੱਖ, (ਕ) ਭਾਸ਼ਾ ਤੱਤ। ਹੇਠਾਂ ਅਸੀਂ ਨਿਬੰਧ ਦੇ ਪ੍ਰਮੁੱਖ ਤੱਤਾਂ ਸੰਬੰਧੀ ਵਿਚਾਰ ਕਰਦਿਆਂ ਵੇਖਾਂਗੇ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਰਚਨਾਵਾਂ ਇਹਨਾਂ ਤੱਤਾਂ 'ਤੇ ਕਿੱਥੋਂ ਤੀਕ ਪੂਰੀਆਂ ਉਤਰਦੀਆਂ ਹਨ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1. ਗੁਰਬਖ਼ਸ਼ ਸਿੰਘ ਦੇ ਸਾਹਿੱਤਕ ਸਫ਼ਰ ਬਾਰੇ ਜਾਣਕਾਰੀ ਦਿਓ।
2. ਨਿਬੰਧ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਤੱਤਾਂ ਬਾਰੇ ਚਰਚਾ ਕਰੋ।

# ਐੱਮ.ਏ. ਪੰਜਾਬੀ
# ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-6**

**6.1 ਜ਼ਿੰਦਗੀ ਦੀ ਕਵਿਤਾ : ਵਿਚਾਰਧਾਰਾਈ ਅਧਿਐਨ**
**6.2 ਜ਼ਿੰਦਗੀ ਦੀ ਕਵਿਤਾ : ਅਧਿਐਨ ਦ੍ਰਿਸ਼ਟੀ**

6.1 ਜ਼ਿੰਦਗੀ ਦੀ ਕਵਿਤਾ : ਵਿਚਾਰਧਾਰਾਈ ਅਧਿਐਨ

6.1.1 ਸਾਹਿਤ ਬਾਰੇ ਸੁਪਨਮਈ ਸੋਚ
6.1.2 ਆਦਰਸ਼ਵਾਦ ਤੋਂ ਰੁਮਾਂਟਿਕ ਪ੍ਰਵਿਰਤੀ
6.1.3 ਪਿਆਰ ਦਾ ਯੂਟੋਪੀਅਨ ਸੰਕਲਪ
6.1.4 ਸਰਹੱਦਾਂ ਮੁਕਤ ਦੁਨੀਆ
6.1.5 ਹਥਿਆਰਾਂ ਤੋਂ ਮੁਕਤੀ
6.1.6 ਆਪਸੀ ਸਦਭਾਵਨਾ
6.1.7 ਅਗਾਂਹਵਧੂ ਵਿਚਾਰਧਾਰਾ
6.1.8 ਸਕਾਰਾਤਮਕ ਦ੍ਰਿਸ਼ਟੀਕੋਣ
6.1.9 ਕੰਮ ਨਾਲ ਪਿਆਰ ਤੇ ਕਾਮੇ ਦਾ ਸਤਿਕਾਰ
6.1.10 ਮਾਨਵਵਾਦੀ ਸੋਚ
6.1.11 ਮਾਰਕਸਵਾਦੀ ਵਿਚਾਰਧਾਰਾ
6.1.12 ਪ੍ਰਗਤੀਵਾਦ
6.1.13 ਸਿੱਟਾ

6.2 ਜ਼ਿੰਦਗੀ ਦੀ ਕਵਿਤਾ : ਅਧਿਐਨ ਦ੍ਰਿਸ਼ਟੀ

6.2.1 ਸ਼ਪੱਸ਼ਟ ਅਤੇ ਸਰਲ ਵਾਰਤਕ ਦੀ ਪ੍ਰਵਿਰਤੀ
6.2.2 ਕਾਵਿਕ ਵਾਰਤਕ ਦੀ ਪ੍ਰਵਿਰਤੀ
6.2.3 ਨਾਟਕੀ ਪ੍ਰਵਿਰਤੀ ਵਾਲੀ ਵਾਰਤਕ
6.2.4 ਕਹਾਣੀ ਪ੍ਰਧਾਨ ਪ੍ਰਵਿਰਤੀ ਵਾਲੀ ਵਾਰਤਕ
6.2.5 ਅਲੰਕਾਰਿਕ ਵਾਰਤਕ ਦੀ ਪ੍ਰਵਿਰਤੀ
6.2.6 ਦਾਰਸ਼ਨਿਕ ਵਾਰਤਕ ਦੀ ਪ੍ਰਵਿਰਤੀ
6.2.7 ਵਾਰਤਕ ਦੀ ਗਿਆਨਾਤਮਕ ਪ੍ਰਵਿਰਤੀ
6.2.8 ਬਿਰਤਾਂਤਕ ਵਾਰਤਕ ਦੀ ਪ੍ਰਵਿਰਤੀ

## 6.1 ਜ਼ਿੰਦਗੀ ਦੀ ਕਵਿਤਾ : ਵਿਚਾਰਧਾਰਾਈ ਅਧਿਐਨ

ਪਿਆਰੇ ਵਿਦਿਆਰਥੀਓ ! ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਜਗਬੀਰ ਸਿੰਘ ਨੇ ਗੁਰਬਖਸ਼ ਸਿੰਘ ਬਾਰੇ ਠੀਕ ਹੀ ਲਿਖਿਆ ਹੈ ਕਿ, "ਆਧੁਨਿਕ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਚਿੰਤਨ ਅਤੇ ਚੇਤਨਾ ਦੇ ਨਵੇਂ ਦਿਸਹੱਦਿਆਂ ਵਲ ਮੋੜਨ ਵਾਲੇ ਸੁਪ੍ਰਸਿੱਧ ਲੇਖਕਾਂ ਵਿਚ ਗੁਰਬਾਬ ਸਿੰਘ ਜੀ ਨ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹੈ। ਇਸ ਬਹੁ-ਪੱਖੀ ਅਤੇ ਬਹੁ-ਪਾਸਾਰੀ ਪ੍ਰਕਾ ਵਾਲੇ ਲੇਖਕ ਨੇ ਜਿੱਥੇ ਨਾਟਕ, ਨਾਵਲ, ਨਿੱਕੀ ਕਹਾਣੀ, ਸਵੈ-ਜੀਵਨੀ ਅਤੇ ਸੰਸਮਰਣ ਵਰਗੇ ਸਾਹਿਤਕ ਰੂਪਾਕਾਰਾਂ ਨੂੰ ਸਿਰਜਣਾ ਦੇ ਨਵੇਂ ਪ੍ਰਤੀਮਾਨਾਂ ਰਾਹੀਂ ਪ੍ਰਫੁੱਲਿਤ ਕਰਨ ਦਾ ਯਤਨ ਕੀਤਾ, ਉੱਥੇ ਵਡ ਆਕਾਰੀ ਗੱਦ ਰਚਨਾ ਅਤੇ ਸਾਹਿਤਕ ਪੱਤਰਕਾਰੀ ਰਾਹੀਂ ਆਧੁਨਿਕ ਚੇਤਨਾ ਅਤੇ ਸੰਵੇਦਨਾ ਨੂੰ ਵਿਕਸਿਤ ਕਰਨ ਦਾ ਵੀ ਭਰਪੂਰ ਉਪਰਾਲਾ ਕੀਤਾ। ਇਸ ਤੋਂ ਪਹਿਲਾਂ ਕਿ ਅਸੀਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਲੇਖਾਂ ਵਿਚਲੀਆਂ ਆਧੁਨਿਕ ਪ੍ਰਵਿਰਤੀਆਂ ਦੀ ਗੱਲ ਕਰੀਏ ਅਸੀਂ ਵੇਖਾਂਗੇ ਕਿ ਉਹ ਕਿਹੜੀਆਂ ਪ੍ਰਵਿਰਤੀਆਂ ਹਨ ਜਿਹੜੀਆਂ ਆਧੁਨਿਕ ਵਾਰਤਕ ਦੀਆਂ ਪਛਾਣ ਚਿੰਨ ਮੰਨੀਆਂ ਜਾਂਦੀਆਂ ਹਨ। ਆਧੁਨਿਕ ਵਾਰਤਕ ਦੀਆਂ ਆਪਣੀਆਂ ਪ੍ਰਵਿਰਤੀਆਂ ਹਨ, ਜਿਹੜੀਆਂ ਸਾਨੂੰ ਪੁਰਾਤਨ ਵਾਰਤਕ ਵਿਚ ਨਹੀਂ ਮਿਲਦੀਆਂ। ਆਧੁਨਿਕ ਵਾਰਤਕ ਵਿਚ ਵੰਨ ਸੁਵੰਨਾਪਨ ਹੈ ਅਤੇ ਕਈ ਤਰ੍ਹਾਂ ਦੀਆਂ ਪ੍ਰਵਿਰਤੀਆਂ ਮਿਲਦੀਆਂ ਹਨ।

6.1.1 **ਸਾਹਿਤ ਬਾਰੇ ਸੁਪਨਮਈ ਸੋਚ** :- ਉਹ ਖੁਦ ਸੁਪਨਬਾਜ਼ ਨਹੀਂ, ਸਗੋਂ ਸਾਹਿਤ ਬਾਰੇ ਵੀ ਸੁਪਨਮਈ ਸੋਚ ਦਾ ਧਾਰਨੀ ਹੈ। ਉਸ ਦੀ ਦ੍ਰਿਸ਼ਟੀ ਵਿਚ ਸਾਹਿਤ ਆਹਾਂ ਅਰਮਾਨਾਂ, ਮੇਲ ਵਿਗੋਚਿਆਂ, ਟੂਟੀਆਂ ਜਾਂ ਨੇਪਰੇ ਚੜ੍ਹੀਆਂ ਆਸਾਂ ਦੀ ਸੁਹਣੀ ਆਣੀ ਕਹਾਣੀ ਹੀ ਨਹੀਂ, ਅਰਮਾਨਾਂ ਵਿਚੋਂ ਨਵੀਆਂ ਆਸਾਂ, ਵਿਛੋੜਿਆਂ ਵਿਚੋਂ ਨਵੇਂ ਵਸਲਾਂ, ਹਾਰਾਂ ਵਿਚੋਂ ਨਵੀਆਂ ਜਿੱਤਾਂ, ਘਾਟਿਆਂ ਵਿਚੋਂ ਨਵੇਂ ਲਾਭਾਂ ਦਾ ਛੇੜੂ ਵੀ ਹੈ।

ਉਹ ਆਸਵੰਦ ਹੈ ਕਿ ਜਦੋਂ ਮਨੁੱਖ ਗ਼ਲਤ ਕੀਮਤਾਂ ਅਤੇ ਗ਼ਲਤ ਅਨੁਮਾਨਾਂ ਦੇ ਜਾਲ ਨੂੰ ਤੋੜ ਦੇਵੇਗਾ ਤਦ ਉਸ ਲਈ ਜ਼ਿੰਦਗੀ ਇਕ ਹੁਸੀਨ ਸ਼ੈਅ ਬਣ ਜਾਵੇਗੀ। ਉਹ ਜ਼ਿੰਦਗੀ ਦੀ ਕਵਿਤਾ ਵਿਚ ਹੀ ਆਖਦਾ ਹੈ .... ਸਾਰੀਆਂ ਮੁਸੀਬਤਾਂ ਦਾ ਜਾਲ ਮਨੁੱਖ ਨੇ ਆਪ ਗਲਤ ਕੀਮਤਾਂ ਤੇ ਗ਼ਲਤ ਅਨੁਮਾਨਾਂ ਨਾਲ ਉਣਿਆ। ਜਦੋਂ ਵੀ ਮਨੁੱਖ ਇਸ ਜਾਲ ਨੂੰ ਤੋੜਨ ਦਾ ਹੌਂਸਲਾ ਕਰ ਲਵੇਗਾ, ਉਦੋਂ ਹੀ ਉਸ ਲਈ ਜ਼ਿੰਦਗੀ ਇਕ ਅਨੁਮਾਨ ਰਚਨਾ ਬਣ ਜਾਵੇਗੀ।"

6.1.2 **ਆਦਰਸ਼ਵਾਦ ਤੋਂ ਰੁਮਾਂਟਿਕ ਪ੍ਰਵਿਰਤੀ** :- ਗੁਰਬਖ਼ਸ਼ ਸਿੰਘ ਦੇ ਸੁਪਨਬਾਜ਼ ਬਣਨ ਪਿੱਛੇ ਉਸ ਦੀ ਆਦਰਸ਼ਵਾਦੀ ਅਤੇ ਰੁਮਾਂਟਿਕ ਪ੍ਰਵਿਰਤੀ ਵਧੇਰੇ ਕੰਮ ਕਰਦੀ ਹੈ। ਉਹ ਜੇ ਪਿਆਰ ਬਾਰੇ ਵੀ ਵੇਖਦਾ ਹੈ ਤਦ ਆਦਰਸ਼ ਦੇ ਸ਼ੀਸ਼ੇ ਚਾੜ੍ਹ ਕੇ ਅਤੇ ਰੁਮਾਂਚ ਦਾ ਫਰੇਮ ਸਜਾ ਕੇ। ਉਹ ਹੋਰ ਲੋਕਾਂ ਵਾਂਗ ਯਥਾਰਥ ਦੀ ਦੁਨੀਆ ਵਿਚ ਨਹੀਂ ਵਿਚਰਦਾ, ਸਗੋਂ ਆਪਣੇ ਆਲੇ-ਦੁਆਲੇ ਇਕ ਕਾਲਪਨਿਕ ਦੁਨੀਆ ਉਣ ਲੈਂਦਾ ਹੈ। ਇਹ ਕਾਲਪਨਿਕ ਦੁਨੀਆ ਆਦਰਸ਼ਵਾਦੀ ਵੀ ਹੈ ਤੇ ਰੁਮਾਂਸਵਾਦੀ ਵੀ। ਜਿਸ ਨੂੰ ਅਸੀਂ ਦੂਜੇ ਸ਼ਬਦਾਂ ਵਿਚ ਸੁਪਨ ਲੋਕ ਕਹਿ ਸਕਦੇ ਹਾਂ।

6.1.3 **ਪਿਆਰ ਦਾ ਯੂਟੋਪੀਅਨ ਸੰਕਲਪ** :- ਪਿਆਰ ਸੰਬੰਧੀ ਉਸ ਦਾ ਸੰਕਲਪ ਇਸ ਧਰਤੀ ਦਾ ਸੰਕਲਪ ਨਹੀਂ, ਸਗੋਂ ਕਿਸੇ ਹੋਰ ਲੋਕ ਦਾ ਸੰਕਲਪ ਜਾਪਦਾ ਹੈ। ਉਸ ਦਾ ਪਿਆਰ ਲਿੰਗ ਖਿੱਚ ਤੋਂ ਬਿਨਾ ਹੈ। ਇਸ ਵਿਚ ਕਾਮ ਪੂਰਤੀ ਲਈ ਕੋਈ ਥਾਂ ਨਹੀਂ। ਇਸ ਵਿਚ ਸਰੀਰ ਭਾਵੇਂ ਸਰੀਰ ਤੋਂ ਦੂਰ ਰਹਿਣ, ਪਰੰਤੂ ਆਤਮਾ ਦੀ ਪਹਿਚਾਣ ਬਣੀ ਰਹਿੰਦੀ ਹੈ। ਅਜਿਹੇ ਪਿਆਰ ਬਾਰੇ ਉਹ ਜ਼ਿੰਦਗੀ ਦੀ ਰਾਸ ਦੇ 'ਪਿਆਰ' ਨਾਂ ਦੇ ਲੇਖ ਵਿਚ ਆਖਦਾ ਹੈ, " ਪਿਆਰ ਕੋਈ ਦਿਲ ਪਰਚਾਵਾ ਨਹੀਂ, ਹੁਸਨ ਉੱਤੇ ਮਾਲਕਾਨਾ ਦਾਅਵਾ ਨਹੀਂ। ਇਹ ਕੋਈ ਬੇ-ਅਟਕ ਐਸ਼ ਨਹੀਂ, ਸਵਰਗਾਂ ਦੀ ਸਦੀਵੀਂ ਰਿਹਾਇਸ਼ ਨਹੀਂ। ਖਿਨ ਭਰ ਲਈ ਮਨੁੱਖੀ ਦਿਲ ਵਿਚ ਉਸ ਤਾਕਤ ਦਾ ਚਮਤਕਾਰਾ ਹੈ, ਜਿਹੜੀ ਸਿਤਾਰਿਆਂ ਨੂੰ ਕੁਆਂਦੀ, ਧਰਤੀਆਂ ਉੱਤੇ ਜੀਵਨ ਧੜਕਾਂਦੀ ਹੈ, ਜਿੱਦਾਂ ਤੇਲ-ਤੁਪਕਿਆਂ ਵਾਂਗ ਨੇਕੀ ਬਦੀ ਤੋਂ ਮਾਸੂਮ ਹੈ, ਕਿਰਨਾਂ ਵਾਂਗ ਖਿੜ੍ਹਦਾ ਤੇ ਨਾਚੀਆਂ ਵਾਂਗ ਨੱਚਦਾ ਹੈ।"

ਉਸ ਦੇ 'ਪਿਆਰ' ਬਾਰੇ ਕਿਆਸ ਯਥਾਰਥ ਦੀ ਥਾਂ ਕਲਪਨਾ ਦੇ ਕੰਧਾੜੇ ਚੜ੍ਹੇ ਹੋਏ ਹਨ। ਇਸੇ ਲਈ ਉਹ ਕਹਿੰਦਾ ਹੈ, "ਪਿਆਰ ਦੁੱਖਾਂ ਵਿਚੋਂ ਸੁਖਾਵੀਂ ਕਵਿਤਾ ਕੱਢ ਸਕਦਾ ਹੈ, ਉਦਾਸੀਆਂ ਵਿਚੋਂ ਦੁਨੀਆ ਦੀ ਉਦਾਸੀ ਦੂਰ ਕਰਨ ਦੇ ਤਰਾਨੇ ਗਾ ਸਕਦਾ ਹੈ। ਦੁਨੀਆ ਦਾ ਸਾਰਾ ਕੋਮਲ ਹੁਨਰ ਇਸ ਦੀਆਂ ਹਸਰਤਾਂ, ਇਹਦੇ ਅਰਮਾਨਾਂ ਦੇ ਤਾਣੇ-ਪੇਟੇ ਵਿਚ ਉਹਦੀ ਮਸ਼ੂਕ ਦੇ ਉਣੇ ਨੈਣ ਨਕਸ਼ ਹਨ।"

ਸੋ ਪਿਆਰ ਦਾ ਇਹ ਚਿੱਤਰ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਗੁਰਬਖ਼ਸ਼ ਸਿੰਘ ਇਸ ਧਰਤੀ ਦਾ ਨਹੀਂ, ਸਗੋਂ ਕਿਸੇ ਹੋਰ ਦੁਨੀਆ ਦਾ ਵਾਸੀ ਹੈ।

6.1.4 **ਸਰਹੱਦਾਂ ਮੁਕਤ ਦੁਨੀਆ** :- ਸ੍ਰ. ਗੁਰਬਖ਼ਸ਼ ਸਿੰਘ ਦੀ ਕਲਪਨਾ ਅਨੁਸਾਰ ਅਗਲੇ ਸੱਠਾਂ ਸਾਲਾਂ ਵਿਚ (1961 ਵਿਚ ਪੁਸਤਕ 'ਜ਼ਿੰਦਗੀ ਦੀ ਕਵਿਤਾ' ਦਾ ਪਹਿਲਾ ਐਡੀਸ਼ਨ ਪ੍ਰਕਾਸ਼ਿਤ ਹੋਇਆ) ਏਸ ਦੁਨੀਆ ਵਿਚ ਦੇਸ਼ਾਂ ਦੀਆਂ ਸਰਹੱਦਾਂ ਦਾ ਵੇਰਵਾ ਨਹੀਂ ਹੋਵੇਗਾ। ਉਸ ਦਾ ਕਹਿਣ ਦਾ ਭਾਵ ਹੈ ਲੋਕ ਇਕ ਦੂਜੇ ਦੇ ਦੇਸ਼ ਵਿਚ ਬਿਨਾ ਰੋਕ-ਟੋਕ ਤੋਂ ਜਾ ਸਕਣਗੇ। ਏਸ ਦੁਨੀਆ ਵਿਚ ਕੌਮਾਂ, ਮਜ਼੍ਹਬਾਂ, ਰੰਗਾਂ ਤੇ ਨਸਲਾਂ ਦਾ ਨਿਖੇੜ ਵੀ ਨਹੀਂ ਹੋਵੇਗਾ। ਇਸ ਮਨੁੱਖੀ ਫੁਲਵਾੜੀ ਵਿਚ ਬਹੁਤ ਸਾਰੇ ਫੁੱਲ ਹੋਣਗੇ, ਪਰ ਹਰ ਨਵਾਂ ਖਿਆਲ ਏਸ ਬਾਗ ਵਿਚ ਨਵੀਂ ਮਹਿਕ ਖਿਆਲ ਕੀਤਾ ਜਾਵੇਗਾ। ਸਾਡੇ ਧਾਰਮਿਕ ਸਥਾਨ 'ਤੇ ਨਾ ਕੋਈ ਵੱਧ ਤੇ ਨਾ ਕੋਈ ਘੱਟ ਪੂਜ ਮੰਨਿਆ ਜਾਵੇਗਾ। ਹਰ ਧਰਮ ਹਰ ਵਿਚਾਰਧਾਰਾ ਆਪੋ-ਆਪਣੇ ਝਰੋਖੇ ਵਿਚੋਂ ਇਕ ਅਖੰਡ ਸੱਚਾਈ ਦੇ ਵੱਖ-ਵੱਖ ਪਾਸਿਆਂ ਦੀ ਝਾਤੀ ਹੋਵੇਗੀ।

6.1.5 **ਹਥਿਆਰਾਂ ਤੋਂ ਮੁਕਤੀ** :- ਸ੍ਰ. ਗੁਰਬਖ਼ਸ਼ ਸਿੰਘ ਆਪਣੇ ਨਿਬੰਧ 'ਨੌਜਵਾਨ ਇਸਤਰੀਆਂ ਤੇ ਮਰਦਾਂ ਨੂੰ' ਵਿਚ ਅਜਿਹੀ ਕਿਆਸੀ ਦੁਨੀਆ ਚਿਤਵਦਾ ਹੈ ਜਿਸ ਵਿਚ ਬੰਬ, ਬੰਦੂਕਾਂ ਤੇ ਤੋਪਾਂ ਦੀ ਤਾਂ ਗੱਲ ਇਕ ਪਾਸੇ, ਇਹਦੇ ਵਿਚ ਲਾਠੀਆਂ, ਤਲਵਾਰਾਂ ਵੀ ਨਹੀਂ ਹੋਣਗੀਆਂ। ਭਾਵ ਉਸ ਦੀ ਸੋਚ ਅਨੁਸਾਰ ਆਉਣ ਵਾਲੇ ਸਮੇਂ ਵਿਚ (ਜਿਸ ਦੇ ਆਉਣ ਨੂੰ ਹੁਣ ਕੇਵਲ ਕੁਝ ਕੁ ਸਾਲ ਰਹਿੰਦੇ ਹਨ) ਕਿਸੇ ਕਿਸਮ ਦੇ ਹਥਿਆਰ ਨਹੀਂ ਰੱਖੇ ਜਾਣਗੇ। ਦੂਜੀ ਧਿਰ ਨੂੰ ਪਹਿਲੀ ਧਿਰ ਵਲੋਂ ਕਿਸੇ ਕਿਸਮ ਦਾ ਨਾ ਖਤਰਾ ਹੋਵੇਗਾ ਤੇ ਨਾ ਹੀ ਡਰ। ਉਸ ਦਾ ਵਿਸ਼ਵਾਸ ਹੈ ਕਿ ਸਿਰਫ ਸਰਮਾਏਦਾਰੀ, ਲੜਾਈ, ਹਥਿਆਰ-ਦੌੜ ਤੇ ਕੌਮਾਂ ਮਜ਼੍ਹਬਾਂ ਦੇ ਭਰਮ-ਭੁਲੇਖਿਆਂ ਤੋਂ ਸੁਰਖਰੂ ਹੋਣ ਦੀ ਢਿੱਲ ਹੈ ਕਿ ਨਾ ਤੇਲ ਦੇ ਖੂਹਾਂ, ਨਾ ਲੋਹੇ ਦੀਆਂ ਖਾਨਾਂ ਤੇ ਨਾ ਹੀ ਸੋਨੇ ਦੀ ਖੋਹਾ-ਮੋਹੀ ਤੋਂ ਲੋਕ ਇਕ ਦੂਜੇ ਨਾਲ ਲੜਾਏ ਜਾ ਸਕਣਗੇ।

6.1.6 **ਆਪਸੀ ਸਦਭਾਵਨਾ** :- ਇਹ ਵਾਰਤਕਕਾਰ ਅਜਿਹੇ ਸਮੇਂ ਦਾ ਸੁਪਨਾ ਵੀ ਲੈਂਦਾ ਹੈ ਜਦੋਂ ਲੋਕਾਂ ਅੰਦਰ ਆਪਸ ਵਿਚ ਅੰਤਾਂ ਦਾ ਪਿਆਰ ਹੋਵੇਗਾ। ਹਰ ਮਨੁੱਖ ਦੂਜੇ ਮਨੁੱਖ ਦਾ ਜਾਮਨ ਹੋਇਆ ਕਰੇਗਾ। ਉਸ ਅੰਦਰ ਆਪਣੇ ਸਾਥੀ ਤੋਂ ਅੱਗੇ ਨਿਕਲਣ ਦੀ ਭਾਵਨਾ ਨਹੀਂ ਰਹੇਗੀ। ਇਸ ਦੇ ਮੁਕਾਬਲੇ ਵਿਚ ਪਿੱਛੇ ਰਹਿੰਦੇ ਜਾਂਦੇ ਸਾਥੀ ਨੂੰ ਆਪਣੇ ਨਾਲ ਲੈ ਆਉਣ ਵਿਚ ਖੁਸ਼ੀਆਂ ਦਾ ਭੇਤ ਲੱਭਿਆ ਜਾਏਗਾ। ਉਹ ਇਸ ਗੱਲ ਦੀ ਵੀ ਕਲਪਨਾ ਕਰਦਾ ਹੈ ਕਿ ਉਸ ਸਮੇਂ ਅਗਾਂਹ ਵਧੇ ਹੋਏ ਦੇਸ਼ ਪਿੱਛੇ ਰਹੇ ਦੇਸ਼ਾਂ ਵਿਚ ਆਪਣੇ ਖਰਚ ਤੇ ਹੁਨਰ ਨਾਲ ਸਨਅਤਾਂ ਖੋਲ੍ਹ ਕੇ ਉਹਨਾਂ ਨੂੰ ਆਪਣੇ ਬਰਾਬਰ ਲਿਆ ਕੇ, ਜ਼ਿੰਦਗੀ ਦਾ ਸਾਂਝਾ ਸਵਰਗ ਮਾਣਨਗੇ।

6.1.7 **ਅਗਾਂਹਵਧੂ ਵਿਚਾਰਧਾਰਾ**:— ਇਨ੍ਹਾਂ ਨਿਬੰਧਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਸ੍ ਗੁਰਬਖਸ਼ ਸਿੰਘ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੈ। ਉਸ ਦੀ ਸੋਚ ਅਨੁਸਾਰ, ਅਗਾਂਹਵਧੂ ਸਾਹਿਤ ਦਾ ਸਭ ਤੋਂ ਵੱਡਾ ਕੰਮ ਜ਼ਿੰਦਗੀ ਦੇ ਹਰ ਹਿੱਸੇ ਵਿਚ ਹਰ ਕਿਸਮ ਦੀ ਗੁਲਾਮੀ ਦੇ ਖਿਲਾਫ ਬਗਾਵਤ ਭੜਕਾਉਣਾ ਤੇ ਮਨੁੱਖ ਨੂੰ ਦ੍ਰਿੜ੍ਹ ਕਰਵਾਉਣਾ ਹੈ ਕਿ ਉਸ ਦੀ ਥਾਂ ਬ੍ਰਹਿਮੰਡ ਵਿਚ ਉਹੀ ਹੈ ਜਿਹੜੀ ਹੱਥ ਦੀ ਸਰੀਰ ਵਿਚ। ਉਹ ਆਰਥਕ ਇਨਕਲਾਬ ਦੇ ਨਾਲ-ਨਾਲ ਇਸਤਰੀ ਦੀ ਆਜ਼ਾਦੀ ਦਾ ਸਮਰਥਕ ਹੈ। ਉਹ ਸਮਾਜ ਵਿਚ ਇਸਤਰੀ ਪੁਰਸ਼ ਦੀ ਸਮਾਨਤਾ ਦਾ ਹਾਮੀ ਹੈ। ਇਕ ਪ੍ਰਗਤੀਵਾਦੀ ਸੋਚ ਦਾ ਮਾਲਕ ਹੋਣ ਕਾਰਨ ਉਹ ਵਹਿਮਾਂ-ਭਰਮਾਂ ਨੂੰ ਨਕਾਰਦਾ ਹੈ ਅਤੇ ਜੀਵਨ ਦੀ ਅਸਲੀਅਤ ਨੂੰ ਪਛਾਣਦਾ ਹੈ। ਉਸ ਅਨੁਸਾਰ ਸਮਾਜਵਾਦ ਵਧੀਆ ਢਾਂਚਾ ਹੈ ਅਤੇ ਇਹ ਸਾਂਝੀ ਕਿਰਤ ਤੇ ਸਾਂਝੀ ਵੰਡ ਨਾਲ ਆ ਸਕਦਾ ਹੈ।

6.1.8 **ਸਕਾਰਾਤਮਕ ਦ੍ਰਿਸ਼ਟੀਕੋਣ** :- ਇਹਨਾਂ ਲਿਖਤਾਂ ਤੋਂ ਇਸ ਗੱਲ ਦੀ ਗਵਾਹੀ ਵੀ ਮਿਲਦੀ ਹੈ ਕਿ ਸ੍ਰ. ਗੁਰਬਖਸ਼ ਸਿੰਘ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦਾ ਸਮਰਥਕ ਹੈ। ਵਿਅਕਤੀ ਹਰ ਉਮਰ ਵਿਚ ਇਸ ਸੋਚ ਨੂੰ ਅਪਣਾ ਸਕਦਾ ਹੈ। ਉਸ ਅਨੁਸਾਰ ਇਸ ਵੇਲੇ ਜੇ ਤੁਸੀਂ ਸਮਝਦੇ ਹੋ, ਤੁਸੀਂ ਬਹੁਤੀ ਉਮਰ ਭੋਗ ਚੁੱਕੇ ਹੋ, ਸਰੀਰ ਤਕੜਾ ਨਹੀਂ ਰਹਿੰਦਾ, ਇਹ ਵੀ ਕੋਈ ਬੇ-ਆਸ ਕਰਨ ਵਾਲੀ ਅਵਸਥਾ ਨਹੀਂ। ਅਸੀਂ ਡੇਢ ਸੋ ਸਾਲ ਦੇ ਮਨੁੱਖ ਵੀ ਧੜਕਦਾ ਜੀਵਨ ਜੀਉ ਰਹੇ ਸੁਣਦੇ ਹਾਂ।.... ਉਸ ਦਾ ਮੰਨਣਾ ਹੈ ਕਿ ਮਨੁੱਖ ਮੁੜ ਤੰਦਰੁਸਤ ਹੀ ਨਹੀਂ, ਮੁੜ ਜਵਾਨ ਹੋ ਸਕਦਾ ਹੈ। ਉਸ ਦੇ ਅੰਗਾਂ ਵਿਚ ਨਵਾਂ ਖ਼ੂਨ ਨੱਚ ਸਕਦਾ ਹੈ। ਇਸ ਕੰਮ ਲਈ ਉਹ ਪਾਠਕਾਂ ਨੂੰ ਸਲਾਹ ਦਿੰਦਾ ਹੈ ਕਿ ਸਿਰਫ਼ ਤੰਦਰੁਸਤੀ ਤੇ ਜਵਾਨੀ ਦੇ ਰੱਤੇ ਲਹੂ ਲਈ ਇੱਛਾ ਦਾ ਹੜ੍ਹ ਤੁਹਾਡੇ ਅੰਦਰ ਆਉਣਾ ਚਾਹੀਦਾ ਹੈ। ਇਹ ਹੜ੍ਹ ਤੁਹਾਨੂੰ ਤੰਦਰੁਸਤੀ ਦਾ ਭੇਤ ਦੱਸਣ ਵਾਲੀਆਂ ਥਾਵਾਂ ਉੱਤੇ ਰੋੜ੍ਹ ਖੜੇਗਾ; ਤੰਦਰੁਸਤੀ ਮਚਾਣ ਵਾਲੀਆਂ ਕਿਤਾਬਾਂ ਤੁਹਾਡੇ ਹੱਥ ਲਿਆ ਫੜਾਏਗਾ। ਤੁਸੀਂ ਸਵਾ ਸੌ ਵਰ੍ਹੇ ਦੀ ਉਮਰ ਵਿਚ ਇਸ਼ਕ ਖੇਡਣ ਵਾਲੇ ਮਰਦ ਦੀ ਕਹਾਣੀ ਪੜ੍ਹੋਗੇ, ਤੁਹਾਡੇ ਅੰਦਰ ਬਿਜਲੀਆਂ ਲਿਸ਼ਕਣਗੀਆਂ, ਤੁਹਾਡੀਆਂ ਉਂਗਲਾਂ ਦੇ ਪੋਟਿਆਂ ਵਿਚੋਂ ਚੰਗਿਆੜੇ ਤਿੜਕਣਗੇ।

6.1.9 **ਕੰਮ ਨਾਲ ਪਿਆਰ ਤੇ ਕਾਮੇ ਦਾ ਸਤਿਕਾਰ**:- ਇਸ ਗੱਲ ਦੀ ਵੀ ਇਨ੍ਹਾਂ ਨਿਬੰਧਾਂ ਵਿਚੋਂ ਗਵਾਹੀ ਮਿਲਦੀ ਹੈ ਕਿ ਲੇਖਕ ਨੂੰ ਕੰਮ ਨਾਲ ਪਿਆਰ ਹੈ ਅਤੇ ਉਸ ਦੇ ਦਿਲ ਵਿਚ ਕਾਮੇ ਲਈ ਸਤਿਕਾਰ ਹੈ। ਉਸ ਦੀ ਸੋਚਣੀ ਹੈ ਕਿ ਕੰਮ ਸਿਰਫ ਰੁਜ਼ਗਾਰ ਹੀ ਨਹੀਂ, ਇਹ ਦਿਲ ਪਰਚਾਵਾਂ ਹੀ ਨਹੀਂ, ਸਗੋਂ ਇਹ ਹਰ ਰੋਗ ਦਾ ਦਾਰੂ ਹੈ, ਮਨ ਦਾ ਚੈਨ ਹੈ ਅਤੇ ਸਥਿਰਤਾ ਹੈ। ਇਸ ਦੇ ਨਾਲ ਹੀ ਲੇਖਕ ਦੇ ਮਨ ਵਿਚ ਕਾਮਿਆਂ ਲਈ ਸਤਿਕਾਰ ਵੀ ਹੈ। ਉਸ ਨੂੰ ਹੈਰਾਨੀ ਹੁੰਦੀ ਹੈ ਕਿ ਟਾਲਸਟਾਏ, ਗਾਂਧੀ, ਟੈਗੋਰ, ਲਿੰਕਨ ਵਰਗੇ ਮਨੁੱਖ ਕਿਵੇਂ ਆਪਣੇ ਜੀਵਨ ਵਿਚ ਇੰਨਾ ਕੰਮ ਮੁਕਾ ਗਏ ਹਨ।

6.1.10 **ਮਾਨਵਵਾਦੀ ਸੋਚ** :- ਆਪਣੀਆਂ ਲਿਖਤਾਂ ਵਿਚ ਸ੍ਰ. ਗੁਰਬਖਸ਼ ਸਿੰਘ ਮਾਨਵਵਾਦੀ ਸੋਚ ਦਾ ਧਾਰਨੀ ਵੀ ਹੈ। ਉਹ ਜਦੋਂ ਵੀ ਕੋਈ ਭਲਾਈ ਚਾਹੁੰਦਾ ਹੈ, ਜਦੋਂ ਵੀ ਖੁਸ਼ਹਾਲੀ ਦੀ ਇੱਛਾ ਰੱਖਦਾ ਹੈ, ਤਦ ਕੇਵਲ ਆਪਣੀ ਜਾਂ ਤੁਹਾਡੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਗੱਲ ਕਰਦਾ ਹੈ। ਉਹ ਜਦੋਂ ਕਿਸੇ ਅੱਗੇ ਵਾਸਤਾ ਵੀ ਪਾਉਂਦਾ ਹੈ, ਤਦ ਵੀ ਮਨੁੱਖਤਾ ਪ੍ਰਤੀ ਆਪਣੇ ਪਿਆਰ ਦਾ ਪਾਉਂਦਾ ਹੈ ਅਤੇ ਜੇ ਕੋਈ ਮੰਗ ਦਾ ਦਰਸ਼ਨ ਵੀ ਕਰਦਾ ਹੈ ਤਦ ਵੀ ਮਨੁੱਖੀ ਖੁਸ਼ਹਾਲੀ ਲਈ ਕਰਦਾ ਹੈ। ਅਜਿਹੀ ਬੇਨਤੀ ਤੇ ਮੰਗ ਦਾ ਦਰਸ਼ਨ ਉਸ ਦੇ ਨਿਬੰਧ 'ਲੇਖਕਾਂ ਦਾ ਇਕੱਠ' ਵਿਚੋਂ ਹੁੰਦਾ ਹੈ।

6.1.11 **ਮਾਰਕਸਵਾਦੀ ਵਿਚਾਰਧਾਰਾ**:- ਭਾਵੇਂ ਜ਼ਿਆਦਾ ਨਾ ਸਹੀ, ਪਰ ਮਾਰਕਸਵਾਦੀ ਵਿਚਾਰਧਾਰਾ ਨੇ ਗੁਰਬਖ਼ਸ਼ ਸਿੰਘ ਨੂੰ ਕੁਝ ਹੱਦ ਤਕ ਜ਼ਰੂਰ ਪ੍ਰਭਾਵਿਤ ਕੀਤਾ। ਉਹ ਅਗਸਤ 1952 ਦੀ ਪ੍ਰੀਤਲੜੀ ਵਿਚ ਲਿਖਦਾ ਵੀ ਹੈ, 'ਰੂਸੀ ਤਜ਼ਰਬੇ ਨੇ ਤੈਨੂੰ ਮਾਰਕਸ ਦੇ ਫਲਸਫ਼ੇ ਨੂੰ ਪੜਨ ਲਈ ਪ੍ਰੇਰਿਆ'। ਇਸ ਮੁਤਾਲਿਆ (ਅਧਿਐਨ) ਨੇ ਹੋਣੀ ਦੇ ਹਰ ਢੋਲ, ਹਰ ਚਾਕਰੀ ਦਾ ਅਮਲ ਸਾਫ਼ ਕਰ ਦਿੱਤਾ। ਜ਼ਿੰਦਗੀ ਦਾ ਦੁੱਖ ਨਹੀਂ ਘਟਿਆ, ਪਰ ਸੁੱਖਾਂ ਤੇ ਦੁੱਖਾਂ ਦਾ ਭੇਤ ਰੌਸ਼ਨ ਹੋ ਗਿਆ। ਬੇਬਸੀ ਦਾ ਅਹਿਸਾਸ ਦੂਰ ਹੋ ਗਿਆ ਹੈ। ਕਿਸਮਤ ਦੀ ਅਟੱਲਤਾ ਦਾ ਵਿਸ਼ਵਾਸ ਬੇਬਸੀ ਦੇ ਅਹਿਸਾਸ ਨਾਲ ਹੀ ਉੱਡ ਗਿਆ ਹੈ। ਜਿਸ ਸਮੇਂ ਗੁਰਬਖ਼ਸ਼ ਸਿੰਘ ਨੇ ਆਪਣੇ ਨਿਬੰਧਾਂ ਦੀ ਸਿਰਜਣਾ ਕੀਤੀ। ਉਸ ਸਮੇਂ ਅੰਗਰੇਜ਼ੀ, ਉਰਦੂ ਤੇ ਪੰਜਾਬੀ ਸਾਹਿਤ ਵਿਚ ਅਗਾਂਹ-ਵਧੂ ਵਿਚਾਰਧਾਰਾ ਜ਼ੋਰ ਫੜ ਚੁੱਕੀ ਸੀ। ਹੁਣ ਅਸੀਂ ਵੇਖਾਂਗੇ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖਾਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਇਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਕਿਸ ਤਰ੍ਹਾਂ ਪ੍ਰਗਟ ਹੁੰਦਾ ਹੈ।

ਗੁਰਬਖ਼ਸ਼ ਸਿੰਘ ਨਾ ਨਿਰੋਲ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਸੀ, ਸਗੋਂ ਅਗਾਂਹ ਵਧੂ ਸਾਹਿਤ ਬਾਰੇ ਉਸ ਦੀਆਂ ਕੁਝ ਧਾਰਨਾਵਾਂ ਵੀ ਸਨ। ਉਹ ਇਕ ਥਾਂ ਲਿਖਦਾ ਹੈ, "ਅਗਾਂਹਵਧੂ ਸਾਹਿਤ ਦਾ ਸਭ ਤੋਂ ਵੱਡਾ ਕੰਮ ਜ਼ਿੰਦਗੀ ਦੇ ਹਰ ਹਿੱਸੇ ਵਿਚ, ਹਰ ਕਿਸਮ ਦੀ ਗੁਲਾਮੀ ਦੇ ਖਿਲਾਫ਼ ਬਗਾਵਤ ਭੜਕਾਉਣਾ ਤੇ ਮਨੁੱਖ ਨੂੰ ਦ੍ਰਿੜ੍ਹ ਕਰਾਉਣਾ ਹੈ ਕਿ ਉਸ ਦੀ ਥਾਂ ਬ੍ਰਹਿਮੰਡ ਵਿਚ ਉਹੀ ਹੈ ਜਿਹੜੀ ਹੱਥ ਦੀ ਸਰੀਰ ਵਿਚ।"

6.1.12 **ਪ੍ਰਗਤੀਵਾਦ** :- ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਤਕਰੀਬਨ ਸਾਰੇ ਹੀ ਨਿਬੰਧਾਂ ਵਿਚ ਲੇਖਕ ਦਾ ਇਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਭਰਪੂਰ ਰੂਪ ਵਿਚ ਉਜਾਗਰ ਹੁੰਦਾ ਹੈ। ਹੇਠਾਂ ਅਸੀਂ ਉਸ ਦੇ ਨਿਬੰਧ ਸੰਗ੍ਰਹਿ 'ਜ਼ਿੰਦਗੀ ਦੀ ਕਵਿਤਾ' ਵਿਚ ਮਿਲਦੇ ਪ੍ਰਗਤੀਵਾਦੀ ਵਿਚਾਰਾਂ ਦਾ ਮੁਲਅੰਕਣ ਕਰ ਰਹੇ ਹਾਂ :

ੳ) **ਜਾਗੀਰਦਾਰੀ ਤੇ ਸਰਮਾਏਦਾਰੀ ਸਮਾਜ ਪ੍ਰਬੰਧ ਦਾ ਖੰਡਨ:-** ਅਗਾਂਹਵਧੂ ਜਾਂ ਪ੍ਰਗਤੀਵਾਦੀ ਲੇਖਕ ਹਮੇਸ਼ਾ ਜਾਗੀਰਦਾਰੀ ਤੇ ਸਰਮਾਏਦਾਰੀ ਸਮਾਜਿਕ ਪ੍ਰਬੰਧ ਦੀ ਵਿਰੋਧਤਾ ਕਰਦਾ ਹੈ। ਉਹ ਉਸ ਦੀ ਥਾਂ ਨਿਮਾਣੇ ਲੋਕਾਂ ਦਾ ਸਮਰੱਥਕ ਹੁੰਦਾ ਹੈ। ਗੁਰਬਖ਼ਸ਼ ਸਿੰਘ ਵੀ ਲਗਭਗ ਅਜਿਹੇ ਵਿਚਾਰਾਂ ਦਾ ਧਾਰਨੀ ਹੈ। ਉਹ ਇਕ ਥਾਂ ਆਖਦਾ ਹੈ ਜਾਗੀਰਦਾਰੀ, ਸਰਮਾਏਦਾਰੀ ਤੇ ਸਾਮਰਾਜ ਨਿਵੇਕਲੀਆਂ ਖ਼ੁਸ਼ੀਆਂ ਤੇ ਨਿਵੇਕਲੀਆਂ ਮਲਕੀਅਤਾਂ ਦੇ ਨਜ਼ਾਮ ਹਨ। ਇਹ ਬਹੁਤਿਆਂ ਨੂੰ ਬੇ-ਭੋਂ, ਬੇ-ਸਰਮਾਇਆ ਤੇ ਬੇ-ਅਖ਼ਤਿਆਰ ਕਰਕੇ ਹੀ ਤਾਕਤ ਦੀਆਂ ਸਿਖ਼ਰਾਂ ਉੱਤੇ ਪਹੁੰਚਦੇ ਹਨ। ਏਸੇ ਲਈ ਇਹਨਾਂ ਦੀ ਤਾਕਤ ਲੋਕਾਂ ਦੀ ਕਮਜ਼ੋਰੀ ਦਾ ਮੇਚਾ ਹੁੰਦਾ ਹੈ, ਤੇ ਏਸੇ ਲਈ ਧਰਤੀ ਦੇ ਚੱਪੇ ਚੱਪੇ ਉੱਤੇ ਨਿਮਾਣੇ, ਨਕਾਰੇ ਤੇ ਨਿਰਾਸੇ ਮਨੁੱਖ ਦੀ ਸੂਰਤ ਇਹਨਾਂ ਨਜ਼ਾਮਾਂ ਨੂੰ ਸ਼ਰਮਾਂਦੀ ਤੇ ਝੂਠਿਆਰਦੀ ਹੈ।

ਅ) **ਜ਼ੁਲਮ ਕਰਨ ਵਾਲਿਆਂ ਪ੍ਰਤੀ ਘਿਰਣਾ** - ਪ੍ਰਗਤੀਵਾਦੀ ਸੋਚ ਵਾਲਾ ਲੇਖਕ ਹਮੇਸ਼ਾ ਮਜ਼ਲੂਮਾਂ, ਗਰੀਬਾਂ ਅਤੇ ਬੇਸਹਾਰਿਆਂ ਨੂੰ ਪਿਆਰ ਕਰਦਾ ਹੈ ਅਤੇ ਨਿਰਦਈਆਂ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਘਿਰਣਾ ਕਰਦਾ ਹੈ। ਸ੍ਰ. ਗੁਰਬਖ਼ਸ਼ ਸਿੰਘ ਨੇ ਆਪਣੇ ਨਿਬੰਧ 'ਸਾਰੀ ਮਨੁੱਖਤਾ ਵਿਚ ਉਭਾਰ ਹੈਂ ਵਿਚ ਬੇ-ਸਰਮਾਇਆ ਲੋਕਾਂ ਦੀ ਦੁਰਦਸ਼ਾ ਦਰਸਾ ਕੇ ਹਮਦਰਦੀ ਦਰਸਾ ਰਿਹਾ ਹੈ। ਉਸ ਦੇ ਆਖਣ ਅਨੁਸਾਰ ਮਸ਼ੀਨਾਂ ਦੇ ਮਾਲਕਾਂ ਵਿਚ ਬੇ-ਤਰਸ ਮੁਕਾਬਲੇ ਦਾ ਦੌਰ ਚਲ ਪਿਆ।ਬੇ-ਸਰਮਾਇਆ ਜਮਾਤ ਵਿਚ ਬੱਚੇ-ਜ਼ਨਾਨੀਆਂ ਸਭ ਮਜ਼ਦੂਰ ਬਣ ਗਏ। ਉਹਨਾਂ ਦੇ ਕੰਮ-ਘੰਟਿਆਂ ਦਾ ਨਾਪ ਉਹਨਾਂ ਦੇ ਸਰੀਰ ਦੀ ਸ਼ਕਤੀ ਬਣ ਗਈ। ਜਿੰਨਾ ਚਿਰ ਕੋਈ ਇਸਤਰੀ ਚੂਰ ਹੋਏ ਜਾਂ ਬੇਹੋਸ਼ ਹੋਏ ਬਿਨਾਂ ਖੱਡੀ ਚਲਾ ਸਕਦੀ ਸੀ, ਓਨਾ ਚਿਰ ਉਹ ਚਲਾਣ ਲਈ ਮਜ਼ਬੂਰ ਕੀਤੀ ਗਈ। ਇੱਕ ਕਾਨੂੰਨ ਪਾਸ ਕੀਤਾ ਗਿਆ ਕਿ ਗ਼ਰੀਬਾਂ ਤੇ ਫ਼ਕੀਰਾਂ ਦੇ ਬੱਚਿਆਂ ਨੂੰ ਮਸ਼ੀਨਾਂ ਉਤੇ ਕੰਮ ਜ਼ਰੂਰੀ ਕਰਨਾ ਪਵੇਗਾ।

ੲ) **ਸਮਾਜਵਾਦੀ ਸੋਚ ਦਾ ਪ੍ਰਸ਼ੰਸਕ-** ਜਿੱਥੇ ਉਹ ਧਨਾਢ ਬੇਤਰਸ ਮਾਲਕਾਂ ਦਾ ਵਿਰੋਧੀ ਹੈ, ਉੱਥੇ ਉਹ ਸਮਾਜਵਾਦੀ ਸੋਚ ਦਾ ਸਮਰਥਕ ਹੈ। ਉਹ ਦੱਸਦਾ ਹੈ ਕਿ ਗੁਲਾਮ-ਸੰਸਥਾ ਦੇ ਵਿਰੁੱਧ ਸਾਰੇ ਯੂਰਪ ਵਿਚ ਲਹਿਰ ਉੱਠ ਖੜੀ ਹੋ ਗਈ ਅਤੇ ਅਮਰੀਕਾ ਵਿਚ ਗੁਲਾਮੀ ਦੇ ਸਵਾਲ ਤੋਂ ਖਾਨਾਜੰਗੀ ਹੋ ਗਈ। ਇੰਗਲੈਂਡ ਵਿਚ ਮਜ਼ਦੂਰਾਂ ਤੇ ਮਾਲਕਾਂ ਦੀ ਸਾਂਝ ਸਦਕੇ ਸਮਾਜਵਾਦੀ ਬਰਾਦਰੀ ਕਾਇਮ ਕੀਤੀ ਗਈ। ਅਨੇਕਾਂ ਸਮਾਜਵਾਦੀ ਲਿਖਾਰੀ ਪੈਦਾ ਹੋ ਗਏ। ਇਸ ਤਰ੍ਹਾਂ ਲੇਖਕ ਆਪਣੇ ਇਨ੍ਹਾਂ ਨਿਬੰਧਾਂ ਵਿਚ ਇਕ ਤਰ੍ਹਾਂ ਨਾਲ ਸਮਾਜਵਾਦੀ ਸੋਚ ਤੇ ਕਦਮਾਂ ਦੀ ਸ਼ਲਾਘਾ ਕਰਦਾ ਹੈ।

ਸ) **ਮਾਨਵਵਾਦ-** ਪ੍ਰਗਤੀਵਾਦੀ ਜਾਂ ਅਗਾਂਹ ਵਧੂ ਲੇਖਕ ਹਮੇਸ਼ਾ ਮਾਨਵਵਾਦੀ ਹੁੰਦਾ ਹੈ। ਉਹ ਕਿਸੇ ਇਕ ਫਿਰਕੇ ਜਾਂ ਜਾਤ ਦੀ ਭਲਾਈ ਨਹੀਂ ਮੰਗਦਾ, ਸਗੋਂ ਸਾਰੀ ਮਨੁੱਖਤਾ ਦੀ ਬਿਹਤਰੀ ਦਾ ਚਾਹਵਾਨ ਹੁੰਦਾ ਹੈ।ਸ੍ਰ. ਗੁਰਬਖ਼ਸ਼ ਸਿੰਘ ਆਪਣੀਆਂ ਲਿਖਤਾਂ ਵਿਚ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਬਣ ਕੇ ਉਭਰਿਆ ਹੈ। ਉਹ ਜਦੋਂ ਵੀ ਕੋਈ ਭਲਾਈ ਚਾਹੁੰਦਾ ਜਦੋਂ ਵੀ ਖੁਸ਼ਹਾਲੀ ਦੀ ਇੱਛਾ ਰਖਦਾ ਹੈ, ਤਦ ਕੇਵਲ ਆਪਣੀ ਜਾਂ ਤੁਹਾਡੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਗੱਲ ਕਰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਭਾਵੇਂ ਲੇਖਕਾਂ ਦੇ ਝੁਕਾਅ ਬਦਲ ਵੀ ਜਾਣ-ਪਰ ਫੇਰ ਵੀ ਇਹ ਸਾਰੇ ਮਨੁੱਖਤਾ ਲਈ ਉਨ੍ਹਾਂ ਦੇ ਯਕੀਨੀ ਪਿਆਰ ਵਿਚ ਫਰਕ ਨਹੀਂ ਪਾਉਂਦੇ।

ਹ) **ਮਨੁੱਖਤਾ ਨਾਲ ਪਿਆਰ ਤੇ ਮਨੁੱਖੀ ਖੁਸ਼ਹਾਲੀ ਦਾ ਇਛੁੱਕ**- ਸ੍ਰ. ਗੁਰਬਖ਼ਸ਼ ਸਿੰਘ ਮਨੁੱਖਤਾ ਨੂੰ ਅਥਾਹ ਪਿਆਰ ਕਰਦਾ ਹੈ ਅਤੇ ਸਮੁੱਚੀ ਮਨੁੱਖੀ ਖੁਸ਼ਹਾਲੀ ਦਾ ਇਛੁੱਕ ਹੈ। ਇਸ ਗੱਲ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਹ ਜਦੋਂ ਕਦੇ ਕਿਸੇ ਅੱਗੇ ਵਾਸਤਾ ਵੀ ਪਾਉਂਦਾ ਹੈ ਤਦ ਵੀ ਮਨੁੱਖਤਾ ਪ੍ਰਤੀ ਆਪਣੇ ਪਿਆਰ ਦਾ ਪਾਉਂਦਾ

ਹੈ ਅਤੇ ਜੇ ਕੋਈ ਮੰਗ ਵੀ ਕਰਦਾ ਹੈ ਤਦ ਵੀ ਮਨੁੱਖੀ ਖੁਸ਼ਹਾਲੀ ਲਈ ਕਰਦਾ ਹੈ। ਇਸ ਗੱਲ ਦਾ ਪ੍ਰਮਾਣ ਉਸ ਦੇ ਨਿਬੰਧ ਲੇਖਕਾਂ ਦਾ ਇਕੱਠ ਵਿਚੋਂ ਹੁੰਦਾ ਹੈ ਜਦੋਂ ਉਹ ਆਖਦਾ ਹੈ—

ਮੇਰੇ ਅੰਦਰ ਜਿਹੜਾ ਤੁਹਾਡੇ ਲਈ ਸਤਿਕਾਰ ਹੈ, ਤੇ ਉਹ ਸਾਰਾ ਪਿਆਰ ਜਿਹੜਾ ਮੈਨੂੰ ਮਨੁੱਖਤਾ ਨਾਲ ਹੈ - ਓਸ ਸਕਦਾ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਆਪੋ-ਆਪਣੀਆਂ ਰੁਚੀਆਂ ਤੇ ਵਿਤਕਰਿਆਂ ਗੌਲਦਿਆਂ ਹੋਇਆਂ ਸਾਨੂੰ ਸਮੁੱਚੀ ਖ਼ੁਸ਼ਹਾਲੀ ਵਿਚ ਵਾਧਾ ਕਰਨ ਦੇ ਸਾਂਝੇ ਮਨੋਰਥ ਲਈ ਇਕ ਹੋ ਜਾਣਾ ਚਾਹੀਦਾ ਹੈ।

ਮਨੁੱਖਤਾ ਪ੍ਰਤੀ ਲੇਖਕ ਦਾ ਸਮਰਪਣ ਪਿਆਰ ਅਤੇ ਸ਼ਰਧਾ ਦੀਆਂ ਉਦਾਹਰਨਾਂ ਉਸ ਦੇ ਹੋਰ ਨਿਬੰਧਾਂ ਵਿਚ ਵੀ ਮੌਜੂਦ ਹਨ ਅਤੇ ਲੋੜ ਪੈਣ 'ਤੇ ਦਿੱਤੀਆਂ ਜਾ ਸਕਦੀਆਂ ਹਨ।

6.1.13 **ਸਿੱਟਾ** :- ਅੰਤ ਵਿਚ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਗੁਰਬਖ਼ਸ਼ ਸਿੰਘ ਇਕ ਅਗਾਂਹਵਧੂ ਵਿਚਾਰਾਂ ਵਾਲਾ ਲੇਖਕ ਹੈ। ਇਹੋ ਵਿਚਾਰਧਾਰਾ ਉਸ ਨੇ ਆਪਣੇ ਨਿਬੰਧ ਸੰਗ੍ਰਹਿ ‘ਜ਼ਿੰਦਗੀ ਦੀ ਕਵਿਤਾ’ ਵਿਚ ਵੀ ਕਾਇਮ ਰਖੀ। ਉਸ ਦੀ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਮੁੱਖ ਨੁਕਤੇ ਹਨ - ਜਾਗੀਰਦਾਰੀ ਤੇ ਸਰਮਾਏਦਾਰੀ ਸਮਾਜ ਪ੍ਰਬੰਧ ਦਾ ਖੰਡਨ, ਅਗਾਂਹਵਧੂ ਸਾਹਿਤ ਦਾ ਸਮਰਥਨ, ਕਲਾ ਅਮੀਰਾਂ ਦੀ ਮੁਥਾਜ ਨਹੀਂ, ਧਨਾਵਾਂ ਦੇ ਮੁਕਾਬਲੇ ਵਿਚ ਕਲਾ ਚਿਰਜੀਵੀ, ਅਮਨ ਦੀ ਪ੍ਰਸ਼ੰਸਕ, ਮਾਨਵਵਾਦੀ ਸੋਚ, ਸੁਤੰਤਰਤਾ ਤੇ ਆਸ਼ਾਵਾਦੀ ਵਿਚਾਰ ਆਦਿ। ਇੰਝ, ਉਸ ਨੂੰ ਪ੍ਰਗਤੀਵਾਦੀ ਲੇਖਕਾਂ ਦੀ ਪਹਿਲੀ ਕਤਾਰ ਦਾ ਲਿਖਾਰੀ ਕਿਹਾ ਜਾ ਸਕਦਾ ਹੈ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਮਾਰਕਸਵਾਦੀ ਵਿਚਾਰਧਾਰਾ ਨੇ ਗੁਰਬਖ਼ਸ਼ ਸਿੰਘ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ?
2. ਪਿਆਰ ਦੇ ਯੂਟੋਪੀਅਨ ਸੰਕਲਪ ਕੀ ਹੈ?
3. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਿਬੰਧਾਂ ਵਿੱਚ ਕਿਹੜੀ ਵਿਚਾਰਧਾਰਾ ਦਾ ਜ਼ਿਆਦਾ ਪ੍ਰਭਾਵ ਮਿਲਦਾ ਹੈ?
4. “ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਤਕਰੀਬਨ ਸਾਰੇ ਹੀ ਨਿਬੰਧਾਂ ਵਿਚ ਲੇਖਕ ਦਾ ਇਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਭਰਪੂਰ ਰੂਪ ਵਿਚ ਉਜਾਗਰ ਹੁੰਦਾ ਹੈ”। ਚਰਚਾ ਕਰੋ।

## 6.2 ਜ਼ਿੰਦਗੀ ਦੀ ਕਵਿਤਾ : ਅਧਿਐਨ ਦ੍ਰਿਸ਼ਟੀ

ਪਿਆਰੇ ਵਿਦਿਆਰਥੀਓ ! ਗੁਰਬਖਸ ਸਿੰਘ ਨੇ ਪੰਜਾਬੀ ਵਿੱਚ ਸਭ ਤੋਂ ਅਧਿਕ ਲੇਖ ਲਿਖ ਕੇ ਆਪਣੇ ਵਿਚਾਰਧਾਰਕ ਪਰਿਵੇਸ਼ ਨੂੰ ਇਤਨਾ ਵਿਆਪਕ ਕੀਤਾ ਹੈ ਕਿ ਉਸ ਨੂੰ ਕੁਝ ਵਰਗਾ ਵਿੱਚ ਸਮੇਟਿਆ ਨਹੀ ਜਾਂ ਸਕਦਾ। ਗੁਰਬਖ਼ਸ ਸਿੰਘ ਪ੍ਰੀਤਲੜੀ ਅਸਲੀ ਅਰਥਾਂ ਵਿਚ ਮਨੁੱਖਵਾਦੀ ਹੈ।ਉਸ ਲਈ ਸਭ ਆਦਮੀ ਇਨਸ਼ਾਨ ਹਨ ।ਨਸਲ ਜਾਤ ਪਾਤ,ਊਚ ਨੀਚ,ਛੂਤ ਛਾਤਦੇ ਪ੍ਰਚਾਰਕਾਂ ਦਾ ਉਹ ਸਖ਼ਤ ਦੁਸਮਣ ਹੈ ।ਗੁਰਬਖ਼ਸ ਸਿੰਘ ਨੇ ਜੋ ਲਿਖਿਆ ਉਹ 'ਕਲਾ ਕਲਾ ਲਈ ਨਹੀ,ਕਲਾ ਸਮਾਜ ਲਈ 'ਦੇ ਉਦੇਸ਼ ਨੂੰ ਸਾਹਮਣੇ ਰਖ ਕੇ ਲਿਖਿਆ। ਉਹ ਜੀਵਨ ਵਿੱਚ,ਸਮਾਜ ਵਿੱਚ,ਕਲਾ ਵਿੱਚ,ਧਰਮ ਵਿੱਚ ਹਰ ਪਾਸੇ ਪਸਰੀਆ ਕੀਮਤਾ,ਜੋ ਵਰਤਮਾਨ ਦੇ ਸੰਦਰਭ ਵਿੱਚ ਆਪਣੀ ਉਪਯੋਗਤਾ ਖਤਮ ਕਰ ਚੁੱਕੀਆ ਸਨ,ਨੂੰ ਖਤਮ ਕਰਕੇ ਨਵੀਆਂ ਕੀਮਤਾਂ ਪਸਾਰਨਾ ਅਤੇ ਪ੍ਰਚਾਰਨਾ ਚਾਹੁੰਦਾ ਹੈ ।ਉਸ ਨੇ ਆਦਰਸ਼ਵਾਦ ਦੇ ਅਧੂਰੇ ,ਨਿਰਾਧਾਰ ਅਤੇ ਕੱਚੇ ਮੁੱਲਾ ਨੂੰ ਠੀਕ ਕਰਕੇ ਇਕ ਨਵੀਂ ਤਰਤੀਬ ਦੇਣੀ ਸ਼ੁਰੂ ਕੀਤੀ ਤਾਂ ਜੋ ਉਹ ਸਮੇਂ ਦਾ ਹਾਣੀ ਬਣ ਸਕੇ । ਇਸ ਵਿਚਾਰਧਾਰਕ ਪਰਿਵਰਤਨ ਦੇ ਮੂਲ ਵਿੱਚ ਲੇਖਕ ਦੀ ਮਾਨਵ ਕਲਿਆਣਕਾਰੀ ਬਿਰਤੀ ਆਪਣੀ ਭੂਮਿਕਾ ਨਿਭਾ ਰਹੀ ਹੈ । ਉਸ ਦੀ ਜਿੰਦਗੀ ਦਾ ਉਤਸ਼ਾਹ ਭਰਿਆ ਸੁਨਹਿਰੀ ਕਾਲ ਆਦਰਸ਼ਵਾਦ ਨੂੰ ਪ੍ਰਚਾਰਨ ਵਿੱਚ ਹੀ ਗੁਜਾਰਿਆ ਹੈ,ਇਸ ਲਈ ਨਵੀਂ ਵਿਚਾਰਧਾਰਾ ਵਲ ਝੁਕਣਾ ਤੇ ਵੀ ਉਹ ਆਪਣੇ ਭੂਤਕਾਲ ਨਾਲੋ ਨਾਤਾ ਪੂਰੀ ਤਰ੍ਹਾਂ ਤੋੜ ਨਹੀ ਸਕੀਆ ।

ਸਪੱਸਟ ਹੈ ਕਿ ਗੁਰਬਖ਼ਸ ਸਿੰਘ ਪ੍ਰੀਤਲੜੀ ਦੀ ਵਿਚਾਰਧਾਰਾ ਖੜੋਤ ਨੂੰ ਤੋੜਦੀ ਹੈ ਅਤੇ ਆਦਰਸ਼ਵਾਦ ਤੋਂ ਸਮਾਜਵਾਦ ਵਲ ਯਾਤਰਾ ਕਰਦੀ ਹੈ ।ਪਰ ਇਹਨਾਂ ਦੋਹਾਂ ਵਿਚਾਰਧਾਰਾਵਾਂ ਦਾ ਮੂਲ ਆਧਾਰ ਵਿਦੇਸ਼ੀ ਅਤੇ ਮਾਗਵਾ ਹੈ ਇਸ ਲਈ ਉਹ ਇਹਨਾਂ ਦਾ ਗਭੀਰ ਦਾਰਸ਼ਨਿਕ ਨਹੀ ਕਿਹਾ ਜਾ ਸਕਦਾ,ਕੁਲ ਮਿਲਾਕੇ ਇੱਕ ਪਰਚਾਰਕ ਦੇ ਰੂਪ ਵਿਚ ਸਾਹਮਣੇ ਆਉਦਾ ਹੈ ।

6.2.1 **ਸ਼ਪੱਸ਼ਟ ਅਤੇ ਸਰਲ ਵਾਰਤਕ ਦੀ ਪ੍ਰਵਿਰਤੀ** :- ਪਹਿਲੀ ਪ੍ਰਵਿਰਤੀ ਸਪੱਸ਼ਟ ਅਤੇ ਸਰਲ ਵਾਰਤਕ ਰਚਨਾ ਦੀ ਹੈ। ਇਹ ਆਧੁਨਿਕ ਵਾਰਤਕ ਦਾ ਵਧੀਆ ਗੁਣ ਸਮਝਿਆ ਜਾਂਦਾ ਹੈ ਕਿ ਇਹ ਪਾਠਕ ਨੂੰ ਤੁਰੰਤ ਸਮਝ ਆ ਜਾਵੇ। ਗੁੰਝਲਦਾਰ ਵਾਕਾਂ ਤੋਂ ਬਚ ਕੇ ਛੋਟੇ-ਛੋਟੇ ਵਾਕਾਂ ਦੀ ਵਰਤੋਂ ਕੀਤੀ ਜਾਵੇ ਅਤੇ ਫਾਲਤੂ ਦੇ ਅਲੰਕਾਰਾਂ ਤੋਂ ਵੀ ਬਚਿਆ ਜਾਵੇ, ਕਿਉਂਕਿ ਇਹ ਵਾਰਤਕ ਨੂੰ ਬੋਝਲ ਕਰਦੇ ਹਨ। ਇਸ ਪ੍ਰਵਿਰਤੀ ਵਾਲੀ ਵਾਰਤਕ ਪ੍ਰਿੰ. ਤੇਜਾ ਸਿੰਘ ਦੀ ਹੈ। ਉਨ੍ਹਾਂ ਨੇ ਨਾ ਕੇਵਲ ਇਸ ਤਰ੍ਹਾਂ ਦੀ ਵਾਰਤਕ ਲਿਖੀ, ਸਗੋਂ ਹੋਰਨਾਂ ਨੂੰ ਵੀ ਇਸ ਤਰ੍ਹਾਂ ਦੀ ਵਾਰਤਕ ਲਿਖਣ ਲਈ ਪ੍ਰੇਰਿਆ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਦੀ ਵਾਰਤਕ ਪੱਛਮੀ ਪ੍ਰਭਾਵਾਂ ਕਾਰਨ ਹੋਂਦ ਵਿੱਚ ਆਈ।ਡਾ. ਗੁਰਦੇਵ ਸਿੰਘ ਅਨੁਸਾਰ, “ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਕਾਰਨ ਵਾਰਤਕ ਦੀ ਪੈਰ੍ਹੇ-ਵੰਡ ਸ਼ੁਰੂ ਹੋਣ ਲੱਗੀ। ਵਿਸ਼ਰਾਮ ਚਿੰਨ੍ਹ, ਪੁੱਠੇ ਕਾਮੇ, ਪ੍ਰਸ਼ਨਵਾਚਕ ਚਿੰਨ੍ਹ ਆਦਿ ਦੀ ਵਰਤੋਂ ਆਰੰਭ ਹੋਈ।”

ਗੁਰਬਖ਼ਸ਼ ਸਿੰਘ ਪ੍ਰੀਤਲੜੀ ਮੂਲ ਰੂਪ ਵਿਚ ਸੁਲਝਿਆ ਹੋਇਆ ਵਾਰਤਕਕਾਰ ਹੈ। ਉਸ ਦੀ ਵਾਰਤਕ ਵਿਚ ਸਪੱਸ਼ਟ ਤੇ ਸਰਲ ਲਿਖਣ ਦੀ ਪ੍ਰਵਿਰਤੀ ਬਹੁਤ ਹੀ ਉਘੜਵੇਂ ਰੂਪ ਵਿਚ ਪ੍ਰਗਟ ਹੁੰਦੀ ਹੈ। ਉਹ ਆਪਣੀ ਗੱਲ ਨੂੰ ਬਹੁਤ ਹੀ ਸਾਧਾਰਨ ਸ਼ਬਦਾਂ ਵਿਚ ਪੇਸ਼ ਕਰਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖਾਂ ਵਿਚ ਲੇਖਕ ਦਾ ਇਹ ਸਰਲ ਤੇ ਸਪਸ਼ਟ ਲਹਿਜਾ ਬਹੁਤ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦਾ ਹੈ। ਉਦਾਹਰਨ ਲਈ ਅਸੀਂ ਸ੍ਰ. ਗੁਰਬਖ਼ਸ਼ ਸਿੰਘ ਦੇ ਨਿਬੰਧ ‘ਸੂਰਜੀ ਸੁਭਾਅ ਨੂੰ ਲੈਂਦੇ ਹਾਂ। ਇਸ ਨਿਬੰਧ ਵਿਚ ਲੇਖਕ ਦਿਲੀ ਸਰਲਤਾ ਨੂੰ ਅਪਣਾਉਂਦਾ ਹੈ ਜਦੋਂ ਉਹ ਲਿਖਦਾ ਹੈ :

(ੳ) ਜ਼ਿੰਦਗੀ ਲੰਘਦੀ ਗਈ। ਜ਼ਿੰਦਗੀ ਵਿਚ ਉਦਾਸੀਆਂ ਦਾ ਹਿੱਸਾ ਮੇਰਾ ਕੋਈ ਘਟ ਨਹੀਂ ਰਿਹਾ, ਪਰ ਕਿਸੇ ਤਰ੍ਹਾਂ ਦੂਜਿਆਂ ਦੀਆਂ ਉਦਾਸੀਆਂ ਘਟਾਣ ਵਿਚ ਮੈਂ ਕੋਈ ਹੁਨਰਮੰਦ ਸਮਝਿਆ ਜਾਣ ਲੱਗ ਪਿਆ। ਏਸ ਹੁਨਰ ਦਾ ਵੱਡਾ ਭਾਗ ਇਹ ਸੀ ਕਿ ਆਪਣੀ ਕਿਸੇ ਉਦਾਸੀ ਦੀ ਝਲਕ ਕਿਸੇ ਦੂਜੇ ਉੱਤੇ ਨਾ ਪਵੇ।

ਇਸੇ ਤਰ੍ਹਾਂ ਦੀ ਵਾਰਤਕ ਦੀ ਪ੍ਰਵਿਰਤੀ ਸਾਨੂੰ ਉਸ ਦੇ ਨਿਬੰਧ 'ਜ਼ਿੰਦਗੀ ਮਲਕੀਅਤ ਨਹੀਂ, ਅਮਾਨਤ ਹੈ, ਵਿਚ ਵੀ ਵੇਖਣ ਨੂੰ ਮਿਲਦੀ ਹੈ। ਇਸ ਦੀ ਇਕ ਸਾਖਿਅਤ ਉਦਾਹਰਨ ਇੱਥੇ ਦਿੱਤੀ ਜਾ ਰਹੀ ਹੈ

(ਅ) ਪਰ ਮਨੁੱਖਾਂ ਵਿਚ ਜ਼ਿੰਦਗੀ ਸੰਬੰਧੀ ਬੜੇ ਭਰਮਾਂ-ਭਰੇ ਵਿਸ਼ਵਾਸ ਪ੍ਰਚਲਿਤ ਹਨ, ਜਿਨ੍ਹਾਂ ਕਰਕੇ ਮਨੁੱਖ ਕਿਸੇ ਕਾਮਯਾਬ ਕਾਰਖਾਨੇ ਦੇ ਕਾਮਿਆਂ ਵਾਂਗ ਖੁਸ਼ਹਾਲ ਤੇ ਨਿਸਚਿੰਤ ਕੰਮ ਕਰਨ ਦੀ ਥਾਂ ਬੇਲੋੜੀਆਂ ਚਿੰਤਾਵਾਂ ਤੇ ਹੱਡ-ਖੋਰਵੇਂ ਫਿਕਰਾਂ ਵਿਚ ਲੱਖਾ ਰਹਿੰਦਾ ਹੈ।

6.2.2 **ਕਾਵਿਕ ਵਾਰਤਕ ਦੀ ਪ੍ਰਵਿਰਤੀ** :- ਕਾਵਿਕ ਪ੍ਰਵਿਰਤੀ ਵਾਲੀ ਵਾਰਤਕ ਪ੍ਰੋ. ਪੂਰਨ ਸਿੰਘ ਤੇ ਗੁਰਬਖ਼ਸ਼ ਸਿੰਘ ਦੇ ਸੰਬੰਧ ਵਿਚ ਵੇਖੀ ਜਾ ਸਕਦੀ ਹੈ। ਇਹ ਪ੍ਰਵਿਰਤੀ ਵਾਰਤਕਕਾਰ ਅੰਦਰ ਉਸ ਦੀ ਅੰਦਰਲੀ ਕਾਵਿਕ ਪ੍ਰਵਿਰਤੀ ਕਾਰਨ ਆ ਗਈ ਹੈ। ਕਾਵਿਕ ਵਾਰਤਕ ਦੀ ਪ੍ਰਵਿਰਤੀ ਅਧੀਨ ਲਿਖੀ ਵਾਰਤਕ ਵਿਚੋਂ ਕਵਿਤਾ ਦਾ ਝਲਕਾਰਾ ਪੈਂਦਾ ਹੈ। ਕਵੀ ਦਿਲ ਵਾਰਤਕਕਾਰ ਹੀ ਅਜਿਹੀ ਵਾਰਤਕ ਲਿਖ ਸਕਦਾ ਹੈ। ਅੰਮ੍ਰਿਤਾ ਪ੍ਰੀਤਮ, ਡਾ. ਜੀਤ ਸਿੰਘ ਸੀਤਲ ਅਤੇ ਸੁਖਬੀਰ ਵਿਚ ਵੀ ਇਸ ਤਰ੍ਹਾਂ ਦੇ ਅੰਸ਼ ਮਿਲਦੇ ਹਨ। ਡਾ. ਜੀਤ ਸਿੰਘ ਸੀਤਲ ਵੀ ਕਾਵਿਕ ਪ੍ਰਵਿਰਤੀ ਦਾ ਵਿਅਕਤੀ ਸੀ। ਇਸ ਲਈ ਉਸ ਦੀ ਵਾਰਤਕ ਵਿਚ ਵੀ ਪ੍ਰੋ. ਪੂਰਨ ਸਿੰਘ ਵਾਲੀ ਪ੍ਰਵਿਰਤੀ ਵੇਖੀ ਜਾ ਸਕਦੀ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਸ਼ਬਦਾਂ ਦਾ ਜਾਦੂਗਰ ਹੈ। ਉਸ ਦੀ ਬੋਲੀ ਵਿਚਲੀ ਕਾਵਿਕਤਾ ਮਨ ਨੂੰ ਮੋਹ ਲੈਣ ਵਾਲੀ ਹੈ। ਉਹ ਬਿੰਬਾਂ, ਅਲੋਕਾਰਾਂ ਤੇ ਕਾਵਿਕ ਲਹਿਜੇ ਰਾਹੀਂ ਵਾਰਤਕ ਨੂੰ ਕਾਵਿਕ ਰੰਗਣ ਦੇ ਦਿੰਦਾ ਹੈ।

(ੳ) ਜੀਵਨ-ਕਵਿਤਾ ਦਾ ਵਿਕਾਸ ਇਕ ਬ੍ਰਿਛ ਦਾ ਵਿਕਾਸ ਹੈ।ਬ੍ਰਿਛ ਉੱਗਦਾ ਹੈ। ਬੂਟਾ ਬਣਦਾ ਹੈ, ਟਹਿਣੀਆਂ ਪੱਤੇ ਕਢਦਾ ਹੈ। ਉਹਦੇ ਉੱਤੇ ਸੀਏ ਪੈਂਦੇ ਹਨ, ਖਿਜਾ ਆਉਂਦੀ ਹੈ, ਸੁੱਕੇ ਸਮੇਂ ਲੰਘਦੇ ਹਨ, ਪਰ ਉਹ ਅਮੁੱਕ ਸਬਰ ਨਾਲ ਬਹਾਰ ਨੂੰ ਉਡੀਕਦਾ ਰਹਿੰਦਾ ਹੈ।

(ਅ) ਚਮਕਦੀ ਸਿਹਤ ਵਾਲੇ ਮਨੁੱਖ ਦੇ ਸਾਹਮਣੇ ਨਿਰਬਲ ਧਨੀ ਸੂਰਜ ਦੇ ਸਾਹਮਣੇ ਚਰਾਗ ਜਾਪਦੇ ਹਨ। (ਪੂਰਨ ਅਮੀਰੀ ਦੇ ਮੂਲ ਅੰਸ਼)

ੲ) ਕਵੀ ਸ਼ੁਹਰਤਾਂ ਚਾਹੁੰਦਾ ਨਹੀਂ, ਸ਼ੁਹਰਤਾਂ ਬਣਾਨ ਵਿਚ ਸਹਾਈ ਹੁੰਦਾ ਹੈ। ਕਵੀ ਦੇਸ਼ ਲਾਣ ਵਾਲੀ ਧਿਰ ਦਾ ਵਕੀਲ ਨਹੀਂ ਹੁੰਦਾ। ਉਂਜ ਲਗਿਆਂ ਦਾ ਵਕੀਲ ਹੁੰਦਾ ਹੈ, ਕਵੀ ਸਮਾਲੋਚਕ ਨਹੀਂ ਹੁੰਦਾ, ਕਵੀ ਹਰ ਸ੍ਰੀ ਪ੍ਰਕਾਸ਼ ਦਾ ਪ੍ਰਸ਼ੰਸਕ ਹੁੰਦਾ ਹੈ। (ਜ਼ਿੰਦਗੀ ਦੀ ਕਵਿਤਾ)

6.2.3 **ਨਾਟਕੀ ਪ੍ਰਵਿਰਤੀ ਵਾਲੀ ਵਾਰਤਕ** :- ਨਾਟਕੀ ਪ੍ਰਵਿਰਤੀ ਵਾਲੀ ਵਾਰਤਕ ਉਹ ਮੈਂ ਹੁੰਦੀ ਹੈ, ਜਿਸ ਅੰਦਰ ਇਕ ਨਾਟਕ ਵਰਗੇ ਨਾਟਕੀ ਮੌਕੇ ਅਤੇ ਵਾਰਤਾਲਾਪ ਹੋਵੇ। ਉਸ ਨੂੰ ਪੜ੍ਹਦਿਆਂ ਕੁਝ ਸਮੇਂ ਲਈ ਇਕ ਭੁਲੇਖਾ ਜਿਹਾ ਜ਼ਰੂਰ ਲੱਗ ਜਾਂਦਾ ਹੈ ਕਿ ਅਸੀਂ ਨਾਟਕ ਪੜ੍ਹ ਰਹੇ ਹਾਂ ਜਾਂ ਨਿਬੰਧ। ਸ੍ਰ. ਗੁਰਬਖ਼ਸ਼ ਸਿੰਘ ਕਿਉਂਕਿ ਨਿਬੰਧਕਾਰ ਦੇ ਨਾਲ-ਨਾਲ ਨਾਟਕਕਾਰ ਵੀ ਹਨ, ਇਸ ਲਈ ਕੁਦਰਤੀ ਤੌਰ ਉੱਤੇ ਉਨ੍ਹਾਂ ਦੀ ਵਾਰਤਕ ਵਿਚ ਇਹ ਵਾਰਤਕ ਪ੍ਰਵਿਰਤੀ ਪ੍ਰਵੇਸ਼ ਕਰ ਗਈ ਹੈ। ਉਦਾਹਰਨ ਵਜੋਂ ਅਸੀਂ ਇਸ ਪੁਸਤਕ ਵਿਚਲੇ ਨਿਬੰਧ ਜ਼ਿੰਦਗੀ ਸੱਠਾਂ ਉੱਤੇ ਵੀ ਨਵੀਂ ਰੱਖੀ ਜਾ ਸਕਦੀ ਹੈ। ਇਸ ਵਿਚਲਾ ਵਧੇਰੇ ਬਿਰਤਾਂਤ ਲੇਖਕ ਨੇ ਨਾਟਕੀ ਪ੍ਰਵਿਰਤੀ ਅਧੀਨ ਲਿਖੀ ਵਾਰਤਕ ਰਾਹੀਂ ਉਸਾਰਿਆ ਹੈ। ਇੱਥੇ ਅਸੀਂ ਇਸੇ ਨਿਬੰਧ ਵਿਚੋਂ ਇਕ ਉਦਾਹਰਨ ਦੇ ਰਹੇ ਹਾਂ :

“ਸੱਚੀ ਦੱਸਣਾ, ਤੁਹਾਨੂੰ ਇਹ ਤੁਰਨਾ ਕਿਹੋ ਜਿਹਾ ਲੱਗਾ ਹੈ?” ਉਸ ਨੇ ਹੋਟਲ ਦੇ ਛੱਤੇ ਵਧਾਅ ਵਿਚ ਮੇਰੇ ਕੋਟ ਤੋਂ ਬਰਫ ਝਾੜਦੀ ਨੇ ਪੁੱਛਿਆ”।

“ਸੱਚੀ ਦਸਾਂ, ਤੂੰ ਮੈਨੂੰ ਤੂੰ ਨਹੀਂ ਮੈਂ ਦਿੱਸਦੀ, ਮੈਂ ਤੈਨੂੰ ਮੈਂ ਨਹੀਂ ਸਾਂ ਜਾਪਦਾ-ਦੋ ਪੰਛੀ, ਦੇ ਖੇਡ-ਸਾਥੀ, ਇੱਕ ਜੇਡੇ, ਸਾਵੇਂ ਖੰਭ ਮਾਰਦੇ ਇਸ ਛੱਤੇ ਵਧਾਅ ਵਿਚ ਆ ਫੁਦਕੇ ਹਾਂ।

“ਇਹ ਦੋਸਤੀਆਂ ਕਈਆਂ ਨਾਲ ਹੋ ਸਕਦੀ ਹੈ। ਕਿਉਂਕਿ ਇਹ ਸਭ ਕੁਝ ਮੰਗਵੀਂ ਨਹੀਂ, ਉਲੰਘਦੀ ਨਹੀਂ, ਸਿਰਫ ਜ਼ਿੰਦਗੀ ਦੇ ਰਾਹਾਂ ਉੱਤੇ ਖੀਵੀ ਲੰਘਦਿਆਂ ਮੁਸਕਰਾ ਕੇ ਕਹਿਣਾ ਚਾਹੁੰਦੀ ਹੈ- ਤੁਸੀਂ ਮੈਨੂੰ ਕੇਡੇ ਪਿਆਰੇ ਲਗਦੇ ਹੋ।’’

ਨਾਟਕੀ ਪ੍ਰਵਿਰਤੀ ਵਾਲੀ ਵਾਰਤਕ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਇਸ ਪੁਸਤਕ ਵਿਚ ਮਿਲ ਜਾਂਦੀਆਂ ਹਨ ਅਤੇ ਲੋੜ ਪੈਣ 'ਤੇ ਦਿੱਤੀਆਂ ਜਾ ਸਕਦੀਆਂ ਹਨ।

**6.2.4 ਕਹਾਣੀ ਪ੍ਰਧਾਨ ਪ੍ਰਵਿਰਤੀ ਵਾਲੀ ਵਾਰਤਕ** :- ਕਹਾਣੀ ਪ੍ਰਧਾਨ ਪ੍ਰਵਿਰਤੀ ਵਾਲੀ ਵਾਰਤਕ ਉਹ ਹੁੰਦੀ ਹੈ ਜਿਸ ਵਿਚ ਕਥਾਤਮਕ ਅੰਸ਼ ਦੀ ਪ੍ਰਧਾਨਤਾ ਹੋਵੇ। ਇਸ ਪ੍ਰਵਿਰਤੀ ਅਧੀਨ ਲਿਖਿਆ ਕਿ ' ਵੀ ਕਹਾਣੀ ਹੋਣ ਦਾ ਭੁਲੇਖਾ ਪਾਉਂਦਾ ਹੈ। ਸ੍ਰ. ਗੁਰਬਖ਼ਸ਼ ਸਿੰਘ, ਕਿਉਂਕਿ ਖ਼ੁਦ ਇਕ ਕਹਾਣੀਕਾਰ ਵੀ ਹੈ, ਇਸ ਲਈ ਇਹ ਪ੍ਰਵਿਰਤੀ ਸਹਿਜ ਰੂਪ ਵਿਚ ਉਸ ਦੀ ਵਾਰਤਕ ਅੰਦਰ ਆ ਜਾਣੀ ਲਾਜ਼ਮੀ ਹੈ। ਇੱਥੇ ਅਸੀਂ ਉਸ ਦਾ ਨਿਬੰਧ ਵਸੇ ਜਿੱਥੇ ਆਜ਼ਾਦੀ ਉਹ ਮੇਰਾ ਦੇਸ਼ ਨੂੰ ਲੈਂਦੇ ਹਾਂ ਇਸ ਨਿਬੰਧ ਵਿਚ ਲੇਖਕ ਆਜ਼ਾਦੀ ਪ੍ਰਤੀ ਆਪਣੇ ਮੋਹ ਨੂੰ ਦਰਸਾਉਣ ਲਈ ਕਹਾਣੀ ਪ੍ਰਧਾਨ ਵਾਰਤਕ ਇਕ ਜੁਗਤ ਵਜੋਂ ਅਪਣਾਉਂਦਾ ਹੈ। ਉਹ ‘ਕੰਮ ਰਾਣੇ ਦੀ ਕਰਾਮਾਤ ਖੱਡੀ’ ਵਿਚ ਇਕ ਥਾਂ ਲਿਖਦਾ ਹੈ

“ਟਾਲਸਟਾਏ ਆਪਣੀ ਜ਼ਮੀਨ ਉੱਤੇ ਕਿਸੇ ਥਾਂ ਇਕ ਪਰੀ-ਸੋਟੀ ਨੂੰ ਬੜੇ ਰੋਸੇ ਨਾਲ ਢੂੰਡਦਾ ਰਹਿੰਦਾ ਸੀ, ਤੇ ਬਚਪਨ ਵਿਚ ਉਹਦੇ ਬੱਚਿਆਂ ਦਾ ਵੀ ਇਹ ਯਕੀਨ ਪੱਕਾ ਸੀ। ਆਪਣੇ ਵਿਹਲੇ ਵਕਤ ਵਿਚ ਸਾਰੇ ਏਸ ਪਰੀ-ਸੋਟੀ ਦੀ ਤਲਾਸ਼ ਕਰਦੇ ਸਨ। ਉਹ ਸੋਟੀ ਭਾਵੇਂ ਕਿਸੇ ਨੂੰ ਨਹੀਂ ਸੀ ਲੱਭੀ, ਪਰ ਕਈ ਹੋਰ ਅਸਲੀਅਤਾਂ ਆਪਣੀ ਜ਼ਮੀਨ ਤੇ ਆਪਣੇ ਬ੍ਰਿਛ-ਬੂਟਿਆਂ ਬਾਰੇ ਉਹਨਾਂ ਨੂੰ ਲੱਭ ਪਈਆਂ ਸਨ”।

ਇਸੇ ਤਰ੍ਹਾਂ ‘ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ’ ਨਿਬੰਧ ਵਿਚ ਲੇਖਕ ਲੈਲਾ ਮਜਨੂੰ ਦੀ ਕਹਾਣੀ ਨੂੰ ਇਕ ਵੱਖਰੀ ਤਰ੍ਹਾਂ ਨਾਲ ਆਪਣੇ ਨਿਬੰਧ ਦਾ ਹਿੱਸਾ ਬਣਾਉਂਦਾ ਹੈ। ਇਸ ਨਾਲ ਕਹਾਣੀ ਪ੍ਰਧਾਨ ਪ੍ਰਵਿਰਤੀ ਵਾਲੀ ਵਾਰਤਕ ਉਭਰ ਕੇ ਸਾਹਮਣੇ ਆਉਂਦੀ ਹੈ। ਉਹ ਇਸ ਨਿਬੰਧ ਵਿਚ ਇਕ ਥਾਂ ਲਿਖਦਾ ਹੈ- “ਕੈਸ਼ (ਮਜਨੂੰ) ਪਾਗਲ ਨਹੀਂ ਸੀ ਹੋਇਆ, ਉਹ ਪਿਆਰ ਨਾਲ ਮਾਰਿਆ ਗਿਆ ਸੀ, ਜਿਵੇਂ ਕੋਈ ਭਗਤ ਆਪਣੇ ਭਗਵਾਨ ਵਿਚ ਸਮਾ ਜਾਂਦਾ ਹੈ।”

**6.2.5 ਅਲੰਕਾਰਿਕ ਵਾਰਤਕ ਦੀ ਪ੍ਰਵਿਰਤੀ** :- ਜਦੋਂ ਕੋਈ ਵਾਰਤਕਕਾਰ ਕਵੀ ਹਿਰਦਾ ਰਖਦਿਆਂ ਵਾਰਤਕ ਵਿਚ ਅਲੰਕਾਰਾਂ ਦਾ ਸਮਾਵੇਸ਼ ਕਰੇ ਉਦੋਂ ਉਹ ਅਲੰਕਾਰਿਕ ਵਾਰਤਕ ਦੀ ਪ੍ਰਵਿਰਤੀ ਨੂੰ ਅਪਣਾ ਰਿਹਾ ਹੁੰਦਾ ਹੈ। ਇਸ ਤਰ੍ਹਾਂ ਦੀ ਵਾਰਤਕ ਸ੍ਰ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖੀ ਹੈ ਉਹ ਆਪਣੀ ਵਾਰਤਕ ਵਿਚ ਕਈ ਤਰ੍ਹਾਂ ਦੇ ਬੋਝਲ ਅਲੰਕਾਰਾਂ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ ਕਈ ਵਾਰ ਪ੍ਰਿੰ. ਤੇਜਾ ਸਿੰਘ ਵਰਗੀ ਸਪਸ਼ਟਤਾ ਨਹੀਂ ਰਹਿੰਦੀ ਅਤੇ ਧੁੰਦਲਾਪਨ ਜਿਹਾ ਆ ਜਾਂਦਾ ਹੈ। ਪੜ੍ਹਨ ਵਿਚ ਇਹ ਵਾਰਤਕ ਭਾਸ਼ਾ ਦੀ ਜਾਦੂਗਰੀ ਕਾਰਨ ਸੁਆਦ ਦਿੰਦੀ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਰਅਸਲ ਇੱਕ ਕਵੀ ਮਨ ਵਾਲਾ ਵਾਰਤਕਕਾਰ ਹੈ ਇਸ ਲਈ ਉਸ ਦੀ ਵਾਰਤਕ ਵਿਚ ਅਲੰਕਾਰਾਂ ਦੀ ਭਰਮਾਰ ਕਈ ਵਾਰ ਪਾਠਕ ਲਈ ਉਲਝਣ ਵੀ ਪੈਦਾ ਕਰਦੀ ਹੈ।

‘ਲੇਖਕਾਂ ਦਾ ਇਕੱਠ’ ਨਾਂ ਦੇ ਨਿਬੰਧ ਵਿਚ ਉਹ ਇਸ ਪ੍ਰਵਿਰਤੀ ਵਾਲੀ ਵਾਰਤਕ ਦੀ ਵਰਤੋਂ ਕਰਦਾ ਹੋਇਆ ਲਿਖਦਾ ਹੈ

(ੳ) ਅੱਜ ਮੈਂ ਆਪਣੇ ਮਾਣ-ਯੋਗ ਸਮਕਾਲੀ ਲੇਖਕਾਂ ਨੂੰ ਕਹਿਣਾ ਚਾਹੁੰਦਾ ਹਾਂ : ਆਓ, ਪਤਵਾਰ ਸੰਭਾਲੋ, ਆਪਣੀ ਥਾਂ ਲਓ, ਅਤੇ ਗੁਮਰਾਹ ਆਗੂ ਮਨੁੱਖੀ ਖੁਸ਼ੀ ਦਾ ਪਿਆਲਾ ਨਾ ਡੋਲ੍ਹ ਦੇਣ। ਇਹ ਪਿਆਲਾ ਏਨੀਆਂ ਸਦੀਆਂ ਦੀਆਂ ਘਾਲਣਾਵਾਂ ਪਿੱਛੋਂ ਮਸਾਂ-ਮਸਾਂ ਮਨੁੱਖਤਾ ਦੇ ਤੇਹ-ਤਿੜਕਾਏ ਬੁੱਲ੍ਹਾਂ ਦੇ ਏਨੇ ਨੇੜੇ ਆ ਪੁੱਜਾ ਹੈ।

(ਅ) ਕਵੀਆਂ ਦਾ ਜੀਵਨ ਕਵਿਤਾ ਦੀ ਸ਼ੈਲੀ ਨਹੀਂ, ਗਲਤੀਆਂ ਨਾਲ ਕਾਲੇ ਹੋਏ ਪੇਰੂਫ਼ਾਂ ਥੱਬਾ ਹੁੰਦਾ ਹੈ। (ਜ਼ਿੰਦਗੀ ਦੀ ਕਵਿਤਾ)

ੲ) ਮਨੁੱਖ ਦਾ ਘਰ ਨਿਰਾ ਉਹਦੀ ਕਵਿਤਾ ਦਾ ਇਕ ਬੰਦ ਹੀ ਨਹੀਂ, ਉਹਦੀ ਕਵਿਤਾ ਵਿਚ ਨਵੀਆਂ ਤਾਲਾਂ ਦਾ ਪ੍ਰੇਕ ਵੀ ਹੁੰਦਾ ਹੈ। (ਜ਼ਿੰਦਗੀ ਦੀ ਕਵਿਤਾ)

ਅਨੁਪ੍ਰਾਸ ਅਲੰਕਾਰ ਦੀ ਵਾਰਤਕ ਦੀ ਪ੍ਰਵਿਰਤੀ ਸ਼ਾਇਦ ਹੀ ਕਿਸੇ ਹੋਰ ਲੇਖਕ ਦੀ ਵਾਰਤਕ ਵਿਚ ਅਜਿਹੀ ਲੱਭ ਸਕੇ, ਜਦੋਂ ਲੇਖਕ ਆਪਣੇ ਨਿਬੰਧ 'ਸਿਹਤ, ਸੁਖ ਤੇ ਸੁਹੱਣਪ ਦੇ ਰਾਜ਼' ਵਿਚ ਲਿਖਦਾ ਹੈ:

"ਸਿਖਾ ਸਕਣਾ ਤੇ ਸਿਖ ਸਕਣਾ, ਦੇ ਸਕਣਾ ਤੇ ਲੈ ਸਕਣਾ, ਗੰਭੀਰ ਹੋ ਸਕਣਾ ਤੇ ਹੱਸ ਖੇਡ ਸਕਣਾ, ਮਖੌਲ ਕਰ ਸਕਣਾ ਤੇ ਕਰਾ ਸਕਣਾ, ਖਾ ਸਕਣਾ ਤੇ ਖੁਆ ਸਕਣਾ- ਇਹ ਕੁਝ ਇਕ ਸਿਫਤਾਂ ਸਾਵੀਂ ਪੱਧਰੀ ਜ਼ਿੰਦਗੀ ਦੀਆਂ ਹਨ"।

6.2.6 **ਦਾਰਸ਼ਨਿਕ ਵਾਰਤਕ ਦੀ ਪ੍ਰਵਿਰਤੀ** :- ਦਾਰਸ਼ਨਿਕ ਵਾਰਤਕ ਦੀ ਪ੍ਰਵਿਰਤੀ ਉਸ ਵਾਰਤਕ ਵਿਚ ਵੇਖਣ ਨੂੰ ਮਿਲਦੀ ਹੈ ਜਿਸ ਵਿਚ ਲੇਖਕ ਕੋਈ ਫਿਲਾਸਵਾਨਾ ਵਿਚਾਰਾਂ ਦਾ ਪ੍ਰਗਟਾਅ ਕਰਦਾ ਹੈ। ਅਜਿਹੀ ਵਾਰਤਕ ਵਿਚ ਆਮ ਤੌਰ 'ਤੇ ਕੋਈ ਗੰਭੀਰ ਵਿਸ਼ਾ ਨਿਭਾਇਆ ਗਿਆ ਹੁੰਦਾ ਹੈ। ਅਜਿਹੀ ਪ੍ਰਵਿਰਤੀ ਵਾਲੀ ਵਾਰਤਕ ਦੀ ਭਾਸ਼ਾ ਸਾਧਾਰਨ ਨਾਲੋਂ ਰਤਾ ਕਠਿਨ ਹੁੰਦੀ ਹੈ , ਪਰ ਭਾਸ਼ਾ ਦੀ ਕਠਿਨਤਾ ਇਸ ਲਈ ਲਾਜ਼ਮੀ ਨਹੀਂ ਹੁੰਦੀ।

ਕੁਝ ਹੱਦ ਤਕ ਆਧੁਨਿਕ ਦਾਰਸ਼ਨਿਕ ਵਾਰਤਕ ਪ੍ਰੋ. ਸ.ਸ. ਅਮੋਲ ਤੇ ਸ੍ਰ. ਕਪੂਰ ਸਿੰਘ, ਗੁਰਬਖ਼ਸ਼ ਸਿੰਘ, ਦੁਆਰਾ ਲਿਖੀ ਗਈ ਹੈ। ਇਸ ਦਾਰਸ਼ਨਿਕ ਵਾਰਤਕ ਉੱਪਰ ਪੁਰਾਤਨ ਵਾਰਤਕ ਵਾਂਗ ਸਾਧ ਭਾਸ਼ਾ ਦਾ ਪ੍ਰਭਾਵ ਨਹੀਂ। ਔਖੇ ਵਿਚਾਰਾਂ ਨੂੰ ਆਮ ਭਾਸ਼ਾ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਵਾਰਤਕਕਾਰ ਇਸ ਗੱਲ ਵਿੱਚ ਸਫ਼ਲ ਵੀ ਹੋਇਆ ਹੈ। ਉਸ ਨੇ ਆਮ ਸਮਝਣ ਵਾਲੇ ਸ਼ਬਦ ਵਰਤੇ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਇਹਨਾਂ ਲੇਖਾਂ ਵਿਚ ਦਾਰਸ਼ਨਿਕਤਾ ਦੇ ਦਰਸ਼ਨ ਵੀ ਥਾਂ ਥਾਂ 'ਤੇ ਹੁੰਦੇ ਹਨ। ਲੇਖਕ ਅਨੇਕ ਵਿਸ਼ਿਆਂ ਸੰਬੰਧੀ ਆਪਣੇ ਦਾਰਸ਼ਨਿਕ ਵਿਚਾਰਾਂ ਨੂੰ ਇਹਨਾਂ ਨਿਬੰਧਾਂ ਵਿਚ ਪੇਸ਼ ਕਰਦਾ ਹੈ। ਇੱਥੇ ਅਸੀਂ ਉਸ ਦੇ ਨਿਬੰਧਾਂ ਵਿਚੋਂ ਕੁਝ ਉਦਾਹਰਨ ਦੇ ਰਹੇ ਹਾਂ:

(ੳ) ਇਕਾਂਤ ਤੇ ਗੰਭੀਰਤਾ ਆਪਣੀ ਆਤਮਾ ਦੇ ਰਤਨ ਸਾਗਰ ਵਿਚ ਚੁਭੀਆਂ ਹਨ। ਜਿਹੜਾ ਇਹ ਚੁੱਭੀਆਂ ਨਹੀਂ ਲਾ ਸਕਦਾ, ਉਹ ਮੋਤੀਆਂ ਦੀ ਆਸ ਵੀ ਨਹੀਂ ਰੱਖ ਸਕਦਾ।

(ਅ) ਕਵਿਤਾ ਵਾਂਗ ਸਰੀਰ ਨੂੰ ਬੇ-ਕਵਿਤਾ ਕੱਪੜਿਆਂ ਨਾਲ ਕੱਜਣਾ ਜਾਂ ਲੱਦਣਾ ਉਹਦੇ ਨਾਲ ਬੇਇਨਸਾਫੀ ਕਰਨਾ ਹੈ।

(ੲ) ਮਨੁੱਖ ਦਾ ਘਰ ਨਿਰਾ ਉਹਦੀ ਕਵਿਤਾ ਦਾ ਇਕ ਬੰਦ ਹੀ ਨਹੀਂ, ਉਹਦੀ ਕਵਿਤਾ ਵਿਚ ਨਵੀਆਂ ਤਾਲਾਂ ਦਾ ਪ੍ਰੇਰਕ ਵੀ ਹੁੰਦਾ ਹੈ। ਜੀਕਰ ਕਵਿਤਾ ਨੂੰ ਔਖੇ ਤੇ ਗਹਿਣਿਆਂ ਸ਼ਿੰਗਾਰੇ ਦੁਰਲੱਭ ਲਫਜ਼ਾਂ ਦੀ ਮੁਥਾਜੀ ਨਹੀਂ, ਓਕਰ ਘਰ ਨੂੰ ਵੀ ਕਿਸੇ ਮਹਿੰਗੇ ਖਿਲਾਰੇ ਦੀ ਲੋੜ ਨਹੀਂ।

**6.2.7 ਵਾਰਤਕ ਦੀ ਗਿਆਨਾਤਮਕ ਪ੍ਰਵਿਰਤੀ** :- ਜਿਹੜੀ ਵਾਰਤਕ ਪਾਠਕ ਦੇ ਗਿਆਨ ਵਿਚ ਵਾਧਾ ਕਰਨ ਦੇ ਮੰਤਵ ਨਾਲ ਲਿਖੀ ਗਈ ਹੋਵੇ, ਉਸ ਨੂੰ ਗਿਆਨਾਤਮਕ ਪ੍ਰਵਿਰਤੀ ਪ੍ਰਧਾਨ ਵਾਰਤਕ ਆਖਦੇ ਹਾਂ। ਪੰਜਾਬੀ ਵਿਚ ਸ੍ਰ. ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਕਿਰਪਾਲ ਸਿੰਘ ਕਸੇਲ, ਕਪੂਰ ਸਿੰਘ, ਆਈ.ਸੀ.ਐਸ., ਗੁਰਬਖ਼ਸ਼ ਸਿੰਘ, ਡਾ. ਡੀ. ਪੀ. ਸਿੰਘ ਆਦਿ ਨੇ ਇਸ ਤਰ੍ਹਾਂ ਦੀ ਵਾਰਤਕ ਲਿਖੀ ਹੈ। ਉਦਾਹਰਨ ਵਜੋਂ ਇਸ ਤਰ੍ਹਾਂ ਦੀ ਵਾਰਤਕ ਦੀ ਪ੍ਰਵਿਰਤੀ - ਪ੍ਰੋ. ਕਿਰਪਾਲ ਸਿੰਘ ਕਸੇਲ ਵਿਚ ਵੀ ਵੇਖੀ ਜਾ ਸਕਦੀ ਹੈ। ਇਹ ਵੀ ਸਾਧਾਰਨ ਅਤੇ ਆਮ ਸਮਝੇ ਜਾਣ ਵਾਲੇ ਸ਼ਬਦਾਂ ਰਾਹੀਂ ਡੂੰਘੇ ਗਿਆਨਾਤਮਕ ਵਿਚਾਰਾਂ ਨੂੰ ਪ੍ਰਗਟਾਉਂਦੇ ਹਨ :

ਸੂਚੀ ਕਿਰਤ ਦੇ ਉਪਜਾਊ ਹੋਣ ਬਾਰੇ ਤਾਂ ਕੋਈ ਸੰਦੇਹ ਹੋ ਹੀ ਨਹੀਂ ਸਕਦਾ, ਇਹ ਸਦਾ ਉਪਜਾਊ ਹੈ।ਕੇਵਲ ਇੰਨਾ ਹੀ ਨਹੀਂ, ਸਗੋਂ ਇਸ ਵਿਚ ਸੱਚੀ ਲਗਨ ਤੇ ਅਦੁੱਤੀ ਮਾਨਵੀ ਸੱਧਰਾਂ ਕੇਂਦਰਿਤ ਹਨ। ਇਹ ਮਨੁੱਖ ਦੀ ਪਰਮ ਚੇਤੰਨਤਾ, ਕਮਾਈ ਤੇ ਸਾਧੀ ਹੋਈ ਸੁਯੋਗਤਾ ਦਾ ਅਮਰ ਫ਼ਲ ਹੈ। ਇਸ ਵਿਚ ਸਵੱਛਤਾ, ਸੇਵਾ, ਪਰਉਪਕਾਰ, ਖ਼ੂਬਸੂਰਤੀ, ਪ੍ਰਗਤੀਸ਼ੀਲਤਾ ਤੇ'ਆਦਰਸ਼-ਸਮਾਜ ਦਾ ਪੁਨਰ ਨਿਰਮਾਣ ਸਭ ਸ਼ਾਮਿਲ ਹਨ। ਹਰ ਉੱਚੀ ਕਲਾ ਤਾਂ ਸੁੱਚੀ ਕਿਰਤ ਵੀ ਹੈ, ਪਰ ਕਮਾਲ ਤਾਂ ਇਹ ਹੈ ਕਿ ਹਰ ਸੁੱਚੀ ਕਿਰਤ ਕਲਾ ਦੀ ਉੱਚਤਾ ਤਕ ਪਹੁੰਚ ਜਾਂਦੀ ਹੈ। ਭਾਵੇਂ ਇਸ ਵਿਚ ਆਸ਼ਾ ਉਪਯੋਗਤਾ ਦਾ ਹੀ ਮੁੱਖ ਹੁੰਦਾ ਹੈ।"

ਅਜਿਹੀ ਪ੍ਰਵਿਰਤੀ ਦੇ ਵੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਲੇਖਾਂ ਵਿਚ ਥਾਂ-ਥਾਂ 'ਤੇ ਹਵਾਲੇ ਮਿਲਦੇ ਹਨ, ਜਿੱਥੇ ਲੇਖਕ ਆਪਣੀ ਵਾਰਤਕ ਵਿੱਚ ਗਿਆਨਮਈ ਪ੍ਰਵਿਰਤੀ ਅਧੀਨ ਪਾਠਕ ਨੂੰ ਗਿਆਨ ਦੇਣਾ ਆਰੰਭ ਕਰਦਾ ਹੈ।ਕਈ ਲੇਖਾਂ ਵਿਚ ਤਾਂ ਲੇਖਕ ਗਿਆਨ ਦੇਣ ਲਈ ਸਿੱਧੇ ਡੇਟੇ ਵੀ ਪੇਸ਼ ਕਰਨ ਲੱਗਦਾ ਹੈ ਜਿਵੇਂ ਕੋਈ ਇਕੱਲਾ ਨਹੀਂ ਰਹਿ ਸਕਦਾ, ਵਿਚ ਲੇਖਕ ਦੀਆਂ ਹੇਠਲੀਆਂ ਸੱਤਰਾਂ ਸਿੱਧੇ ਗਿਆਨ ਵਜੋਂ ਸਾਹਮਣੇ ਆਉਂਦੀਆਂ ਹਨ :

(ੳ) ਟਾਲਸਟਾਏ ਦੀ ਵਸੀਅਤ ਮੁਤਾਬਕ ਉਹਦੀ ਕਬਰ ਘਣੇ ਛਾਂ ਦੀ ਖੁਲ੍ਹੀ ਹਰਿਆਵਲ ਹੇਠਾਂ ਬਣਾਈ ਗਈ ਹੈ। ਇਸ ਕਬਰ ਉੱਤੇ ਖੁਲ੍ਹਾ ਸੂਰਜ ਚਮਕਦਾ ਤੇ ਖੁਲ੍ਹਾ ਮੀਂਹ ਵਰ੍ਹਦਾ ਹੈ। ਇਹਦੇ ਉੱਤੇ ਕੋਈ ਕੱਪੜਾ ਨਹੀਂ ਵਿਛਿਆ।ਕੋਈ ਫੁੱਲ ਨਹੀਂ ਧਰਿਆ।(ਕੰਮ ਰਾਣੇ ਵੀ ਕਰਾਮਾਤ ਖੱਡੀ)

(ਅ) ਕੈਸਪੀਅਨ ਸਾਗਰ ਉੱਤੇ ਜਿਹੜੇ ਪਾਰਥੀਅਨ ਲੋਕ ਰਹਿੰਦੇ ਸਨ, ਉਹਨਾਂ ਵਿਚ ਨਾ ਸਿਰਫ ਭੈਣ ਨਾਲ ਭਰਾ ਦੇ ਵਿਆਹ ਦਾ ਰਿਵਾਜ਼ ਸੀ, ਸਗੋਂ ਬਹਾਦਰ ਲੜਾਕੇ ਆਪਣੇ ਪਿਓ ਦੇ ਮਰਨ ਉੱਤੇ ਆਪਣੀ ਮਾਂ ਨਾਲ ਵਿਆਹ ਕਰ ਲੈਂਦੇ ਸਨ।

ੲ) ਮਿਸਰ ਦੀ ਸੰਸਾਰ ਪ੍ਰਸਿੱਧ ਮਲਕਾ ਕਲਿਓਪੋਤਰਾ ਨੇ ਆਪਣੇ ਦੋਹਾਂ ਛੋਟੇ ਭਰਾਵਾਂ ਨਾਲ ਵਿਆਹ ਕੀਤਾ ਸੀ ਤੇ ਇਸ ਗੱਲ ਨੂੰ ਦੋ ਹਜ਼ਾਰ ਸਾਲ ਨਹੀਂ ਹੋਏ। (ਇਸਤਰੀ ਨਾਲ ਸਲੂਕ ਸਭਿਅਤਾ ਦੀ ਪ੍ਰੀਖਿਆ ਹੈ)

**6.2.8 ਬਿਰਤਾਂਤਕ ਵਾਰਤਕ ਦੀ ਪ੍ਰਵਿਰਤੀ** :- ਜਿਸ ਵਾਰਤਕ ਵਿੱਚ ਕਿਸੇ ਬਿਰਤਾਂਤ ਕਥਾ ਜਾਂ ਕਹਾਣੀ ਨੂੰ ਪੇਸ਼ ਕੀਤਾ ਜਾਵੇ, ਉਸ ਨੂੰ ਬਿਰਤਾਂਤਕ ਪ੍ਰਵਿਰਤੀ ਵਾਲੀ ਵਾਰਤਕ ਆਖਿਆ ਜਾਂਦਾ ਹੈ। ਪੰਜਾਬੀ ਵਾਰਤਕ ਵਿਚ ਕਈ ਵਾਰਤਕਕਾਰਾਂ ਨੇ ਇਸ ਪ੍ਰਵਿਰਤੀ ਨੂੰ ਅਪਣਾਇਆ ਹੈ ਜਿਵੇਂ ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ, ਸ੍ਰ. ਕਪੂਰ ਸਿੰਘ, ਸ੍ਰ. ਸੂਬਾ ਸਿੰਘ ਆਦਿ। ਗੁਰਬਖ਼ਸ਼ ਸਿੰਘ ਦੀ ਇਸ ਵਾਰਤਕ ਰਚਨਾ ਵਿਚ ਵੀ ਵਾਰਤਕ ਦੀ ਇਹ ਪ੍ਰਵਿਰਤੀ ਕਈ ਥਾਵਾਂ 'ਤੇ ਵੇਖਣ ਨੂੰ ਮਿਲਦੀ ਹੈ। ਉਦਾਹਰਨ ਵਜੋਂ

"ਮਹੀਂਵਾਲ ਰੋਜ਼ ਮੱਛੀ ਭੁੰਨ ਕੇ ਸੋਹਣੀ ਲਈ ਲਿਜਾਂਦਾ ਦੱਸਿਆ ਹੈ। ਇੱਕ ਦਿਨ ਮੱਛੀ ਫੜੀ ਨਹੀਂ ਜਾਂਦੀ, ਤਾਂ ਮਹੀਂਵਾਲ ਆਪਣਾ ਪੱਟ ਚੀਰ ਕੇ ਆਪਣਾ ਮਾਸ ਭੁੰਨ ਖੜਦਾ ਹੈ। ਪਾ, ਡੇਢ ਪਾ ਮਾਸ ਪੱਟ ਵਿਚੋਂ ਵੱਢ ਕੇ ਝਨਾਂ ਦਰਿਆ ਤੁਰ ਜਾਣਾ ਨਿਰਾ ਅਣਹੋਣਾ ਹੀ ਨਹੀਂ, ਉਹਨੂੰ ਭੁੰਨ ਕੇ ਆਪਣੀ ਪ੍ਰੇਮਿਕਾ ਨੂੰ ਜਾ ਖੁਆਣਾ ਆਦਮ-ਖੋਰੀ ਦਿਸਦਾ ਹੈ।(ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ)"

ਬਿਰਤਾਂਤਕ ਪ੍ਰਵਿਰਤੀ ਵਾਲੀ ਵਾਰਤਕ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਇਸ ਨਿਬੰਧ ਸੰਗ੍ਰਹਿ ਵਿਚ ਮਿਲ ਜਾਂਦੀਆਂ ਹਨ ਅਤੇ ਲੋੜ ਪੈਣ 'ਤੇ ਦਿੱਤੀਆਂ ਜਾ ਸਕਦੀਆਂ ਹਨ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1. "ਗਿਆਨਮਈ ਪ੍ਰਵਿਰਤੀ ਦੇ ਵੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਲੇਖਾਂ ਵਿਚ ਥਾਂ-ਥਾਂ 'ਤੇ ਹਵਾਲੇ ਮਿਲਦੇ ਹਨ" ਚਰਚਾ ਕਰੋ।
2. "ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਤਕਰੀਬਨ ਸਾਰੇ ਹੀ ਨਿਬੰਧਾਂ ਵਿਚ ਅਲੰਕਾਰਿਕ ਪ੍ਰਵਿਰਤੀ ਭਰਪੂਰ ਰੂਪ ਵਿਚ ਉਜਾਗਰ ਹੁੰਦੀ ਹੈ"। ਸਪੱਸ਼ਟ ਕਰੋ।

# ਐੱਮ.ਏ. ਪੰਜਾਬੀ
# ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-7**

**7.1 ਬਲਰਾਜ ਸਾਹਨੀ : ਮੇਰੀ ਫ਼ਿਲਮੀ ਆਤਮ ਕਥਾ**
**7.2 ਮੇਰੀ ਫ਼ਿਲਮੀ ਆਤਮ ਕਥਾ : ਵਿਚਾਰਧਾਰਾਈ ਅਧਿਐਨ**

7.1 ਬਲਰਾਜ ਸਾਹਨੀ : ਮੇਰੀ ਫ਼ਿਲਮੀ ਆਤਮ ਕਥਾ

7.1.1 ਬਲਰਾਜ ਸਾਹਨੀ : ਜਾਣ-ਪਛਾਣ

7.1.2 ਸ੍ਵੈਜੀਵਨੀ: ਅਰਥ ਅਤੇ ਪਰਿਭਾਸ਼ਾ

7.2 ਮੇਰੀ ਫ਼ਿਲਮੀ ਆਤਮ ਕਥਾ: ਵਿਚਾਰਧਾਰਾਈ ਅਧਿਐਨ

7.2.1 ਭੂਮਿਕਾ

7.2.2 ਪੰਜਾਬੀਅਤਤਾ

7.2.3 ਮਾਨਵਵਾਦੀ ਵਿਚਾਰਧਾਰਾ

7.2.4 ਯਥਾਰਥਵਾਦੀ ਦ੍ਰਿਸ਼ਟੀਕੋਣ

7.2.5 ਨੈਤਿਕਵਾਦ

7.2.6 ਮਾਰਕਸਵਾਦੀ ਵਿਚਾਰਧਾਰਾ

7.2.7 ਸਕਾਰਾਤਮਕ ਦ੍ਰਿਸ਼ਟੀਕੋਣ

7.2.8 ਪੂਰਬਲਿਆਂ ਪ੍ਰਤੀ ਸਤਿਕਾਰ

7.2.9 ਸਿੱਟਾ

## 7.1 ਬਲਰਾਜ ਸਾਹਨੀ : ਮੇਰੀ ਫ਼ਿਲਮੀ ਆਤਮ ਕਥਾ

### 7.1.1 ਬਲਰਾਜ ਸਾਹਨੀ : ਜਾਣ-ਪਛਾਣ

ਪਿਆਰੇ ਵਿਦਿਆਰਥੀਓ ! ਬਲਰਾਜ ਦੀ ਸ਼ਖ਼ਸੀਅਤ ਦਾ ਇੱਕ ਬੁਨਿਆਦੀ ਲੱਛਣ ਇੱਕ ਅਜਿਹੀ ਆਤਮਕ ਬਿਹਬਲਤਾ ਸੀ ਜਿਹੜੀ ਆਤਮ-ਪ੍ਰਗਟਾਵੇ ਲਈ ਨਿੱਤ ਨਵੇਂ ਤੇ ਅਣਗਾਹੇ ਅਣਪਛਾਤੇ ਰਾਹਵਾਂ ਦੀ ਤਲਾਸ਼ ਵਿਚ ਰਹਿੰਦੀ ਸੀ। ਉਹ ਇਕ ਸੱਚੀ ਸੁੱਚੀ ਲਗਨ ਵਾਲਾ ਕਲਾਕਾਰ ਸੀ ਜਿਸਨੇ ਫ਼ਿਲਮੀ ਅਦਾਕਾਰੀ ਦੁਆਰਾ ਵੀ ਤੇ ਫ਼ਿਲਮ ਤੇ ਥੀਏਟਰ ਜਗਤ ਤੋਂ ਬਾਹਰਲੀਆਂ ਸਰਗਰਮੀਆਂ ਰਾਹੀਂ ਵੀ ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਚੰਗੇਰੇ ਜੀਵਨ ਲਈ ਸੰਘਰਸ਼ ਅੱਗੇ ਤੋਰਨ ਵਿਚ ਹਿੱਸਾ ਪਾਇਆ।

ਬਲਰਾਜ ਸਾਹਨੀ ਇਕ ਅਨੂਠਾ ਹਸਤਾਖ਼ਰ ਹੈ ਜੋ ਵਿਲੱਖਣ ਪ੍ਰਤਿਭਾ ਦਾ ਮਾਲਕ ਸੀ। ਉਸਦੀਆਂ ਲਿਖਤਾਂ ਸਮੁੱਚੇ ਪੰਜਾਬੀ ਸਾਹਿਤ ਵਿਚ ਆਪਣਾ ਵਿਲੱਖਣ ਅਸਤਿਤਵ ਰੱਖਦੀਆਂ ਹਨ। ਉਸ ਦੀ ਸ਼ੈਲੀ ਤੇ ਭਾਸ਼ਾ ਹੀ ਵਿਲੱਖਣ ਨਹੀਂ ਹੈ ਸਗੋਂ ਉਸ ਦੀ ਵਿਚਾਰਧਾਰਾ ਵੀ ਆਪਣੀ ਨਿੱਜੀ ਸੋਚ ਅਤੇ ਜੀਵਨ 'ਚੋਂ ਪ੍ਰਾਪਤ ਕੀਤੇ ਅਨੁਭਵ ਅਨੁਸਾਰ ਢਲੀ ਹੋਈ ਹੈ। ਅਦਾਕਾਰੀ ਦੀ ਦੁਨੀਆਂ ਤੋਂ ਇਲਾਵਾ ਸਾਹਿਤ ਦੀ ਦੁਨੀਆ ਵਿਚ ਵੀ ਬਲਰਾਜ ਸਾਹਨੀ ਨੇ ਕਾਫ਼ੀ ਕਾਰਜ ਕੀਤਾ ਹੈ।

ਉਸ ਦੀਆਂ ਪ੍ਰਮੁੱਖ ਰਚਨਾਵਾਂ ਹਨ:

(1) ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ (1934-35)
(2) ਬਸੰਤ ਕਿਆ ਕਹੇਗਾ (ਕਹਾਣੀਆਂ) (1937-38)
(3) ਗ਼ੈਰ ਜਜ਼ਬਾਤੀ ਡਾਇਰੀ (1954-55)
(4) ਮੇਰਾ ਪਾਕਿਸਤਾਨੀ ਸਫ਼ਰਨਾਮਾ (1962-63)
(5) ਮੇਰਾ ਰੂਸੀ ਸਫ਼ਰਨਾਮਾ (1966-69)
(6) ਮੇਰੀ ਫ਼ਿਲਮੀ ਆਤਮਕਥਾ (1967-69)
(7) ਇਨਕਲਾਬ ਦਾ ਚਿਹਰਾ (ਕਾਵਿ ਸੰਗ੍ਰਹਿ) (1965-70)
(8) ਵੋਟਰ ਦੀ ਵਾਰ (ਕਾਵਿ ਸੰਗ੍ਰਹਿ) (1974)
(9) ਯਾਦਾਂ ਦਾ ਝਰੋਖਾ (1974)
(10) ਕੀ ਇਹ ਸੱਚ ਹੈ ਬਾਪੂ (ਨਾਟਕ) (1974)
(11) ਇਤਿਹਾਸ ਦੀ ਪੈੜ
(12) ਸਿਨੇਮਾ ਤੇ ਸਟੇਜ

ਇਸ ਤੋਂ ਇਲਾਵਾ ਉਸ ਨੇ ਕੁਝ ਨਾਟਕ ਅਤੇ ਨਾਵਲ ਵੀ ਲਿਖੇ ਪਰ ਉਹ ਪਾਠਕ ਵਰਗ ਤੱਕ ਨਹੀਂ ਪਹੁੰਚ ਸਕੇ। ਬਲਰਾਜ ਇਕ ਕੁਸ਼ਲ ਅਭਿਨੇਤਾ ਹੋਣ ਦੇ ਨਾਲ ਇਕ ਨਿਪੁੰਨ ਵਾਰਤਕਕਾਰ ਵੀ ਹੈ, ਉਸਦੀ ਇਸ ਕਲਾ ਦਾ ਸੰਗਮ ਉਸ ਦੀ ਆਤਮਕਥਾ 'ਮੇਰੀ ਫ਼ਿਲਮੀ ਆਤਮਕਥਾ' ਤੋਂ ਮਿਲਦਾ ਹੈ। ਇਹ ਬਲਰਾਜ ਦੇ ਜੀਵਨ ਸੰਬੰਧੀ ਵੱਡਮੁਲੀ ਜਾਣਕਾਰੀ ਦਿੰਦੀ ਹੈ, ਦੂਜਾ ਭਾਰਤੀ ਫ਼ਿਲਮਾਂ ਸੰਬੰਧੀ ਵਾਕਫ਼ੀ ਪ੍ਰਦਾਨ ਕਰਦੀ ਹੈ ਜਿਹੜੀ ਹੋਰ ਕਿਤੇ ਮਿਲਣਯੋਗ ਨਹੀਂ। ਇਸ ਨੂੰ ਸ੍ਵੈਜੀਵਨੀ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ।

### 7.1.2 ਸ੍ਵੈਜੀਵਨੀ: ਅਰਥ ਅਤੇ ਪਰਿਭਾਸ਼ਾ

ਸ੍ਵੈਜੀਵਨੀ, ਜੀਵਨੀ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਇਕ ਜੀਵਨੀਕਾਰ, ਕਿਸੇ ਦੂਜੇ ਵਿਅਕਤੀ ਦਾ ਜੀਵਨ-ਬ੍ਰਿਤਾਂਤ ਲਿਖਣ ਦੀ ਬਜਾਇ, ਆਪਣਾ ਜੀਵਨ ਬ੍ਰਿਤਾਂਤ ਲਿਖਦਾ ਹੈ। ਸ੍ਵੈਜੀਵਨੀ ਲਿਖਣੀ ਸੌਖੀ ਨਹੀਂ ਹੁੰਦੀ। ਵਿਸ਼ਵ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਨੇ ਆਪਣੀਆਂ ਸਵੈਜੀਵਨੀਆਂ ਲਿਖੀਆਂ ਹਨ ਜਿਨ੍ਹਾਂ ਦੀਆਂ ਆਦਿਕਾਵਾਂ ਵਿਚ ਸ੍ਵੈਜੀਵਨੀ ਦੀ ਪ੍ਰਕ੍ਰਿਤੀ, ਸ੍ਵੈਜੀਵਨੀ ਲਿਖਣ ਦੇ ਕਾਰਨ ਅਤੇ ਸ੍ਵੈਜੀਵਨੀ ਦੇ ਮਹੱਤਵ ਆਦਿਕ ਵਿਸ਼ਿਆਂ ਬਾਰੇ ਵਿਚਾਰ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਗੇਟੇ (Goethe) ਆਪਣੀ ਸ੍ਵੈਜੀਵਨੀ ਦੀ ਆਦਿਕਾ ਵਿਚ ਲਿਖਦਾ ਹੈ :

"ਸ੍ਵੈਜੀਵਨੀ ਵਿਚ ਮਨੁੱਖ ਨੂੰ ਆਪਣੇ ਸਮੇਂ ਦੀ ਨੁਹਾਰ ਨਾਲ ਸੰਬੰਧਿਤ ਕਰਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਇਹ ਵੀ ਦਰਸਾਉਣਾ ਪੈਂਦਾ ਹੈ ਕਿ ਲੇਖਕ ਨੇ ਉਸ ਸਮੇਂ ਦੀ ਪ੍ਰਗਤੀਸ਼ੀਲਤਾ ਦਾ ਪੱਖ ਪੂਰਿਆ ਜਾਂ ਵਿਰੋਧ ਕੀਤਾ। ਉਸ ਨੇ ਆਪਣੇ ਸਮੇਂ ਦੀਆਂ ਘਟਨਾਵਾਂ ਤੋਂ ਮਨੁੱਖਤਾ ਅਤੇ ਸੰਸਾਰ ਬਾਰੇ ਆਪਣਾ ਕੀ ਤੱਤ ਕੱਢਿਆ? ਜਾਂ ਜੇਕਰ ਉਹ ਕਲਾਕਾਰ, ਲੇਖਕ ਅਥਵਾ ਕਵੀ ਹੈ ਤਾਂ ਉਸ ਨੇ ਆਪਣੇ ਸਮੇਂ ਦੇ ਮੁਹਾਂਦਰੇ ਨੂੰ ਕਿਸ ਹੱਦ ਤੱਕ ਪ੍ਰਤੀਬਿੰਧਤ ਕੀਤਾ।" (The Autobiography of Goethe)

ਹਰ ਸ੍ਵੈਜੀਵਨੀ ਵਿਚ ਸ੍ਵੈਜੀਵਨੀਕਾਰ ਆਪਣੇ ਨਿੱਜੀ ਜੀਵਨ ਦੇ ਵੇਰਵਿਆਂ ਨੂੰ ਹੀ ਆਪਣੀ ਰਚਨਾ ਦੀ ਵਸਤੂ ਸਮੱਗਰੀ ਬਣਾਉਂਦਾ ਹੈ ਪ੍ਰੰਤੂ ਕਿਸੇ ਇਕ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਕਿਸੇ ਦੂਜੇ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਨਾਲੋਂ ਭਿੰਨ ਹੁੰਦੀ ਹੈ। ਉਦਾਹਰਣ ਲਈ ਕਿਸੇ ਰਾਜਸੀ ਨੇਤਾ ਦੀ ਸ੍ਵੈਜੀਵਨੀ ਵਿਚ ਉਸਦੇ ਰਾਜਸੀ ਸੰਘਰਸ਼ ਨਾਲ ਜੁੜੇ ਵੇਰਵੇ ਵਧੇਰੇ ਹੋਣਗੇ, ਇਕ ਖਿਡਾਰੀ ਦੀ ਸ੍ਵੈਜੀਵਨੀ ਵਿਚ ਖੇਡਾਂ ਨਾਲ ਜੁੜੇ ਪੱਖ ਵਧੇਰੇ ਉੱਭਰ ਕੇ ਸਾਹਮਣੇ ਆਉਣਗੇ, ਕਲਾਕਾਰਾਂ ਦੀਆਂ ਸ੍ਵੈਜੀਵਨੀਆਂ ਵਿਚ ਕਲਾ ਨਾਲ ਸੰਬੰਧਿਤ ਸੂਖਮ ਵੇਰਵਿਆਂ ਦੀ ਪੇਸ਼ਕਾਰੀ ਹੋਵੇਗੀ ਅਤੇ ਸਾਹਿਤਕਾਰਾਂ ਦੀਆਂ ਸ੍ਵੈਜੀਵਨੀਆਂ ਉਨ੍ਹਾਂ ਦੀ ਸਾਹਿਤ-ਸਿਰਜਣਾ ਨਾਲ ਜੁੜੇ ਸਰੋਕਾਰਾਂ ਦੀ ਤਫ਼ਸੀਲ ਪੇਸ਼ ਕਰਨਗੇ। ਇਸੇ ਪ੍ਰਕਾਰ ਬਲਰਾਜ ਸਾਹਨੀ ਅਭਿਨੈ ਦੇ ਖੇਤਰ ਨਾਲ ਜੁੜਿਆ ਹੋਇਆ ਸੀ ਇਸ ਲਈ ਉਸ ਦੀ ਆਤਮ ਕਥਾ ਵਿਚ ਫ਼ਿਲਮੀ ਰੰਗ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਉਸ ਦੀ ਆਤਮ ਕਥਾ ਵਿਚੋਂ ਫ਼ਿਲਮਾਂ ਨਾਲ ਸੰਬੰਧਿਤ ਵਧੇਰੇ ਜਾਣਕਾਰੀ ਮਿਲਦੀ ਹੈ ਤੇ ਉਸ ਦਾ ਆਤਮ ਬਿੰਬ ਵਧੇਰੇ ਸੰਜੀਦਗੀ ਨਾਲ ਇਸ ਵਿਚੋਂ ਉਭਰਦਾ ਹੈ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਬਲਰਾਜ ਸਾਹਨੀ ਦੇ ਸਾਹਿੱਤਕ ਸਫ਼ਰ ਉੱਤੇ ਨੋਟ ਲਿਖੋ।
2. ਸ੍ਵੈਜੀਵਨੀ ਦਾ ਅਰਥ ਅਤੇ ਪਰਿਭਾਸ਼ਾ ਸਪੱਸ਼ਟ ਕਰੋ।

## 7.2 ਮੇਰੀ ਫ਼ਿਲਮੀ ਆਤਮ ਕਥਾ: ਵਿਚਾਰਧਾਰਾਈ ਅਧਿਐਨ

ਪਿਆਰੇ ਵਿਦਿਆਰਥੀਓ ! 'ਮੇਰੀ ਫਿਲਮੀ ਆਤਮਕਥਾ' ਇੱਕ ਅੀਜਹੀ ਵਾਰਤਕ ਰਚਨਾ ਹੈ ਜੋ ਲੇਖਕ ਦੀ ਸਵੈਜੀਵਨੀ ਦਾ ਉਪ-ਰੂਪ ਹੈ, ਜਿਸ ਵਿਚ ਉਸ ਨੇ ਆਪਣੇ ਫਿਲਮੀ ਜੀਵਨ ਦੇ ਅਨੁਭਵਾਂ ਨੂੰ ਅੰਕਿਤ ਕੀਤਾ ਹੈ। ਇਸ ਰਚਨਾ ਦਾ ਕੈਨਵਸ ਕਾਫ਼ੀ ਵਿਸ਼ਾਲ ਹੈ। ਇਸ ਵਿਚ ਨਾ ਕੇਵਲ ਨਿੱਜੀ ਅਨੁਭਵ ਨੂੰ ਬਿਆਨ ਕੀਤਾ ਗਿਆ ਹੈ, ਸਗੋਂ ਫਿਲਮੀ ਸੰਸਾਰ ਨਾਲ ਵੀ ਕੁਝ ਹੱਦ ਤੱਕ ਪ੍ਰੀਚੈ ਕਰਵਾਇਆ ਹੈ। ਉਹ ਇਸ ਰਚਨਾ ਵਿਚ ਆਪਣੇ ਸਹਿਕਰਮੀਆਂ ਨਾਲ ਹੰਢਾਏ ਦਿਨਾਂ ਦੀਆਂ ਯਾਦਾਂ ਨੂੰ ਵੀ ਤਾਜ਼ਾ ਕਰਦਾ ਹੈ। ਜਿਵੇਂ ਸਵਰਗੀ ਕਾਮੇਡੀਅਨ ਰਾਧਾ-ਕ੍ਰਿਸ਼ਨ, ਭਗਵਾਨ ਦਾਦਾ ਨਾਲ ਜੁੜੀਆਂ ਯਾਦਾਂ। ਉਹ ਆਪਣੇ ਜੀਵਨ ਕਾਲ ਵਿਚ ਰੂਸੀ ਫਿਲਮਾਂ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ। ਇਸੇ ਪ੍ਰਭਾਵ ਨੂੰ ਉਸ ਨੇ ਆਪਣੀ ਫਿਲਮੀ ਆਤਮ ਕਥਾ ਦਾ ਅੰਗ ਬਣਾਇਆ ਹੈ। ਇਕ ਵਿਦਵਾਨ ਨੇ ਠੀਕ ਹੀ ਆਖਿਆ ਹੈ ਕਿ 256 ਪੰਨਿਆਂ ਵਿਚ ਵੰਡੀ ਬਲਰਾਜ ਸਾਹਨੀ ਦੀ ਸੁੰਦਰ ਸਵੈ-ਜੀਵਨੀ 'ਮੇਰੀ ਫਿਲਮੀ ਆਤਮ-ਕਥਾ' ਵਿਚ ਉਸ ਨੇ ਆਪਣੀ ਜ਼ਿੰਦਗੀ ਵਿਚ ਵਾਪਰੇ ਕੁਝ ਅਹਿਮ ਹਾਦਸਿਆਂ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਬਿਆਨ ਕਰਨ ਦਾ ਯਤਨ ਕੀਤਾ ਹੈ। ਜੀਵਨ ਦੇ ਨਿੱਕੇ ਵੱਡੇ ਵੇਰਵਿਆਂ, ਮੋੜਾਂ ਅਤੇ ਹਾਦਸਿਆਂ ਦੀ ਇਹ ਚੋਣ ਬਲਰਾਜ ਸਾਹਨੀ ਨੇ ਬਹੁਤ ਹੀ ਚੇਤੰਨ ਹੋ ਕੇ ਕੀਤੀ ਹੈ ਅਤੇ ਇਹ ਸਵੈ-ਜੀਵਨੀ ਰੂਪਾਕਾਰ ਦੇ ਐਨ ਅਨੁਕੂਲ ਵੀ ਹੈ, ਕਿਉਂਕਿ ਸਵੈ-ਜੀਵਨੀ ਵਿਚ ਲੇਖਕ ਦਾ ਹਰ ਜੀਵਨਗਤ ਵੇਰਵਾ ਸ਼ਾਮਿਲ ਨਹੀਂ ਕੀਤਾ ਜਾ ਸਕਦਾ।

7.2.1 **ਭੂਮਿਕਾ**: 'ਮੇਰੀ ਫ਼ਿਲਮੀ ਆਤਮਕਥਾ' ਦੋ ਭਾਗਾਂ ਵਿਚ ਵੰਡੀ ਗਈ ਹੈ। ਪਹਿਲੇ ਭਾਗ ਦੇ ਦਸ ਉਪਭਾਗ ਅਤੇ ਦੂਜੇ ਭਾਗ ਦੇ ਅੱਠ ਉਪਭਾਗ ਹਨ। ਪਹਿਲਾ ਭਾਗ ਦੰਮੋ ਦੀ ਮੌਤ ਨਾਲ ਮੁੱਕਦਾ ਹੈ। ਇਸ ਵਿਚ ਬਲਰਾਜ ਦੀ ਫ਼ਿਲਮਾਂ ਬਾਰੇ ਮੁੱਢਲੀ ਘਿਰਣਾ, ਬਾਦ ਵਿਚ ਦੋਸ਼ ਭਾਵਨਾ ਮਿਸ਼ਰਤ ਮਨੋਰੰਜਨ ਦਾ ਸਾਧਨ ਅਤੇ ਅੰਤ ਵਿਚ ਸਮਾਜਿਕ ਪ੍ਰਯੋਜਨ ਵਾਲੀਆਂ ਫ਼ਿਲਮਾਂ ਲਈ ਸਤਿਕਾਰ ਭਾਵਨਾ ਅਤੇ ਉਸ ਪ੍ਰਕਾਰ ਦੀਆਂ ਫ਼ਿਲਮਾਂ ਦੇ ਨਿਰਮਾਣ ਲਈ ਅਸਫ਼ਲ ਤਾਣ ਲਾਉਣ ਦੀ ਕਹਾਣੀ ਬਿਆਨ ਕੀਤੀ ਗਈ ਹੈ। ਲੋੜ ਅਨੁਸਾਰ ਇਨ੍ਹਾਂ ਘਟਨਾਵਾਂ ਦੇ ਪਿਛੋਕੜ ਦੇ ਤੌਰ 'ਤੇ ਭਾਰਤ ਵਿਚ ਉਦੋਂ ਚਲ ਰਹੀਆਂ ਸਭਿਆਚਾਰਕ ਅਤੇ ਰਾਜਸੀ ਸਰਗਰਮੀਆਂ, ਦੂਜੀ ਵੱਡੀ ਜੰਗ, ਦੇਸ਼ ਦੀ ਵੰਡ, ਇਪਟਾ ਦੀ ਭੂਮਿਕਾ ਅਤੇ ਧਰਤੀ ਕੇ ਲਾਲ ਵਰਗੀ ਯਥਾਰਥਕ ਫ਼ਿਲਮ ਬਣਾਉਣ ਦਾ ਵੇਰਵਾ ਵੀ ਦਿੱਤਾ ਗਿਆ ਹੈ।

ਬਲਰਾਜ ਸਾਹਨੀ ਇਕ ਅਗਾਂਹਵਧੂ ਵਿਚ ਵਾਲਾ ਸਾਹਿਤਕਾਰ ਸੀ ਜੋ ਨਾਸਤਕ ਹੋਣ ਦੇ ਨਾਲ-ਨਾਲ ਜੀਵਨ ਦੇ ਚੰਗੇ ਆਦਰਸ਼ਾਂ ਦੀ ਕਦਰ ਕਰਦਾ ਸੀ। ਡਾ. ਰਾਜਿੰਦਰ ਸਿੰਘ ਭਸੀਨ ਅਨੁਸਾਰ, ਬਲਰਾਜ ਅਮੀਰ ਮਾਪਿਆਂ ਦਾ ਲਾਡਲਾ ਪੁੱਤਰ ਸੀ, ਪਰ ਜ਼ਿੰਦਗੀ ਵਿਚ ਤੰਗਦਸਤੀ ਦੇ ਦਿਨ ਵੀ ਉਸ ਨੇ ਵੇਖੇ। ਆਰਥਿਕ ਥੁੜ੍ਹਾ ਦਾ ਉਸ ਨੇ ਮਰਦਾਂ ਵਾਂਗ ਮੁਕਾਬਲਾ ਕੀਤਾ। ਜ਼ਿੰਦਗੀ ਦੀਆਂ ਇਨ੍ਹਾਂ ਔਖਿਆਈਆਂ ਤੋਂ ਉਹ ਕਦੇ ਘਬਰਾਇਆ ਨਹੀਂ ਸੀ। ਜਿਸ ਵਿਅਕਤੀ ਨੇ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਵੇਖੇ ਹੋਣ ਉਹ ਹੀ ਜ਼ਿੰਦਗੀ ਵਿਚ ਆਦਰਸ਼ਾਂ ਨੂੰ ਧੀਆਂ-ਪੁੱਤਰਾਂ, ਵਾਂਗ ਪਾਲਦਾ ਹੈ। ਹੇਠਾਂ ਅਸੀਂ ਮੇਰਾ ਰੂਸੀ ਸਫ਼ਰਨਾਮਾ ਦੇ ਆਧਾਰ ਉੱਤੇ ਬਲਰਾਜ ਸਾਹਨੀ ਦੀ ਵਿਚਾਰਧਾਰਾ ਸੰਬੰਧੀ ਵਿਚਾਰ ਕਰ ਰਹੇ ਹਾਂ --

7.2.2 **ਪੰਜਾਬੀਅਤਤਾ**: ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁਦੱਈ ਸੀ। ਡਾ. ਅਤਰ ਸਿੰਘ ਅਨੁਸਾਰ, "ਪੰਜਾਬੀ ਲੇਖਕਾਂ ਦੀਆਂ ਸਾਹਿਤਕ ਅਤੇ ਰੰਗ-ਮੰਚੀ ਸਰਗਰਮੀਆਂ ਵਿੱਚ ਵੀ ਬਲਰਾਜ ਸਾਹਨੀ ਦੀ ਬੜੀ ਰੁਚੀ ਸੀ। ਇਨ੍ਹਾਂ ਵਿੱਚ ਭਾਗ ਲੈਣ ਲਈ ਵੀ ਅਤੇ ਇਨ੍ਹਾਂ ਦੀ ਆਰਥਿਕ ਤੇ ਹੋਰ ਪੱਖਾਂ ਤੋਂ ਸਹਾਇਤਾ ਕਰਨ ਲਈ ਵੀ ਉਹ ਸਦਾ ਤਤਪਰ ਰਹਿੰਦਾ ਸੀ। ਬੰਬਈ ਵਿੱਚ ਇਕ ਪੰਜਾਬੀ ਥੀਏਟਰ ਗਰੁੱਪ ਨੇ ਉਸ ਦੀ ਸਰਪ੍ਰਸਤੀ ਹੇਠਾਂ ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ ਤੇ ਕਈ ਹੋਰ ਪੰਜਾਬੀ ਨਾਟਕਕਾਰਾਂ ਦੀਆਂ ਰਚਨਾਵਾਂ ਸਟੇਜ 'ਤੇ ਪੇਸ਼ ਕੀਤੀਆਂ। ਇਸੇ ਤਰ੍ਹਾਂ ਗੁਰਸ਼ਰਨ ਸਿੰਘ ਦੁਆਰਾ ਅੰਮ੍ਰਿਤਸਰ ਵਿੱਚ ਚਲਾਏ ਜਾ ਰਹੇ ਪੰਜਾਬੀ ਥੀਏਟਰ ਗਰੁੱਪ ਨੂੰ ਵੀ ਉਸ ਨੇ ਸਦਾ ਪੂਰਾ-ਪੂਰਾ ਉਤਸਾਹ ਤੇ ਸਹਾਇਤਾ ਦਿੱਤੀ। ਸ਼ਾਇਦ ਉਸ ਨੂੰ ਇਹ ਖਿਆਲ ਸੀ ਕਿ ਅਜੋਕੀਆਂ

ਪਰਿਸਥਿਤੀਆਂ ਵਿੱਚ ਲਿਖੇ ਹੋਏ ਰੂਪ ਨਾਲੋਂ ਵੱਧ ਪੰਜਾਬੀ ਬੋਲੀ ਆਪਣੇ ਬੋਲੇ ਜਾਂਦੇ ਰੂਪ ਦੀ ਵਧੇਰੇ ਸਾਰਥਿਕ ਵਰਤੋਂ ਦੁਆਰਾ ਪੰਜਾਬੀਆਂ ਵਿੱਚ ਏਕਤਾ ਪੈਦਾ ਕਰਨ ਦਾ ਰੋਲ ਬਿਹਤਰ ਢੰਗ ਨਾਲ ਨਿਭਾ ਸਕਦੀ ਹੈ।

**7.2.3 ਮਾਨਵਵਾਦੀ ਵਿਚਾਰਧਾਰਾ:-** ਉਸ ਦੇ ਜੀਵਨ ਅਤੇ ਸ਼ਖ਼ਸੀਅਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਹ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਸੀ। ਇਕ ਵਿਦਵਾਨ ਨੇ ਉਸ ਬਾਰੇ ਠੀਕ ਹੀ ਕਿਹਾ ਹੈ ਕਿ, ਮਾਨਵਵਾਦ ਉਸ ਦੀਆਂ ਸੋਚਾਂ ਦਾ ਧੁਰਾ ਹੈ ਅਤੇ ਪੰਜਾਬੀਅਤ ਦਾ ਪਿਆਰ ਇਨ੍ਹਾਂ ਸੋਚਾਂ ਨੂੰ ਅਮਲੀ ਰੂਪ ਦੇਣਾ ਹੈ। ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਨਾਲ ਭਰਾਵਾਂ ਵਾਲੀ ਸਾਂਝ ਪਾਣਾ ਹੈ।

ਵਿਦਵਾਨਾਂ ਨੇ ਉਸ ਦੀ ਸ਼ਖ਼ਸੀਅਤ ਬਾਰੇ ਵੱਖ-ਵੱਖ ਵਿਚਾਰ ਦਿੱਤੇ ਹਨ :

ਸ੍ਰ. ਗੁਰਬਖਸ਼ ਸਿੰਘ 'ਪ੍ਰੀਤਲੜੀ' ਦਾ ਕਹਿਣਾ ਹੈ, "ਬਲਰਾਜ ਸਾਹਨੀ ਉੱਚ-ਕੋਟੀ ਦਾ ਐਕਟਰ, ਲੇਖਕ ਤੇ ਵਿਚਾਰਵਾਨ ਤਾਂ ਸੀ ਹੀ, ਪਰ ਮੇਰਾ ਪਿਆਰਾ ਬਹੁਤਾ ਇਸ ਕਰਕੇ ਸੀ ਕਿ ਉਹ ਖ਼ੂਬਸੂਰਤ ਤੇ ਖੁਸ਼ਬੂਦਾਰ ਇਨਸਾਨ ਸੀ"।

ਡਾ. ਅਤਰ ਸਿੰਘ ਉਸ ਬਾਰੇ ਲਿਖਦੇ ਹਨ, "ਬਲਰਾਜ ਇਕ ਬਹੁਪੱਖੀ ਸ਼ਖ਼ਸੀਅਤ ਦਾ ਸਵਾਮੀ ਸੀ। ਇਕ ਪ੍ਰਤਿਸ਼ਠਾਵਾਨ ਫਿਲਮੀ ਕਲਾਕਾਰ ਦੇ ਰੂਪ ਵਿਚ ਉਸ ਨੇ ਜੋ ਮਹਾਨ ਆਤਮ ਪੂਰਤੀ ਦਾ ਵਰਦਾਨ ਪ੍ਰਾਪਤ ਕੀਤਾ, ਉਸ ਦੇ ਬਾਵਜੂਦ ਫਿਲਮੀ ਦੁਨੀਆ ਦੀ ਸਾਰੀ ਚਮਕ ਦਮਕ ਉਸ ਦੀਆਂ ਸਾਰੀਆਂ ਕਰਤਾਰੀ ਉਮੰਗਾਂ ਅਤੇ ਜ਼ਿੰਦਗੀ ਦੇ ਚਾਵਾਂ ਦੀ ਸੰਤੁਸ਼ਟੀ ਨਾ ਕਰ ਸਕੀ"।

ਡਾ. ਨਰੇਸ਼ ਦਾ ਕਹਿਣਾ ਹੈ ਕਿ ਬਤੌਰ ਇਨਸਾਨ ਦੇ, ਬਲਰਾਜ ਇਕ ਸ਼ਾਨਦਾਰ ਆਦਮੀ ਸੀ। ਉਸ ਦੇ ਸੰਪਰਕ ਵਿਚ ਆਏ ਲੋਕ ਉਸ ਦੀ ਨਿਮਰਤਾ, ਉਸ ਦੇ ਸ਼ੀਲ ਸੁਭਾਅ, ਉਸ ਦੀ ਮਿੱਠ ਬੋਲਣੀ, ਉਸ ਦੀ ਨਫ਼ਾਸਤ, ਉਸ ਦੇ ਰੱਖ ਰਖਾਓ ਦੇ ਗਵਾਹ ਹਨ। ਉਹ ਸਿਰੋਂ ਪੈਰ ਤੀਕਰ ਜਜ਼ਬਾਤੀ ਸੀ। ਭਾਵੁਕਤਾ ਉਸ ਦੀ ਨਸ-ਨਸ ਵਿਚ ਵਸੀ ਹੋਈ ਸੀ।

ਪੰਜਾਬੀ ਕਹਾਣੀਕਾਰਾ ਅਜੀਤ ਕੌਰ ਦੀ ਦ੍ਰਿਸ਼ਟੀ ਵਿਚ, "ਬਲਰਾਜ ਦੀ ਸ਼ਖ਼ਸੀਅਤ ਵਿੱਚ ਇਹ ਤਿਲਸ਼ਮ ਸੀ ਕਿ ਦੂਜੇ ਬੰਦੇ ਨੂੰ ਅਹਿਮੀਅਤ ਦੇ ਕੇ ਉਹਨੂੰ ਆਪਣੇ ਬਰਾਬਰ, ਆਪਣੀ ਹਮਸ਼ਾਇਰੀ, ਦੋਸਤੀ ਤੇ ਮੁਹੱਬਤ ਦੀ ਕੋਸੀ ਧੁੱਪ ਵਿਚ ਖਲਾਰ ਲੈਂਦੇ ਸਨ। ਇਹੀ ਉਨ੍ਹਾਂ ਦੀ ਜਾਦੂਗਰੀ ਸੀ"।

ਲੇਖਕ ਬਲਰਾਜ ਸਾਹਨੀ ਨੂੰ ਮਨੁੱਖਤਾ ਵਿਚ ਵਿਸ਼ਵਾਸ ਸੀ। ਉਸ ਦੇ ਜੀਵਨ ਵਿਚ ਜਦੋਂ ਕਦੇ ਵੀ ਮਾਨਵਤਾ ਉੱਤੇ ਮੁਸੀਬਤ ਆਈ। ਤਦ ਉਨ੍ਹਾਂ ਨੇ ਆਪਣੇ ਵਿੱਤ ਅਨੁਸਾਰ ਉਸ ਦੀ ਸਹਾਇਤਾ ਕੀਤੀ। ਸ੍ਰ. ਅਮਰਜੀਤ ਸਿੰਘ ਦੀਪਕ ਅਨੁਸਾਰ, ਬਲਰਾਜ ਨੂੰ ਇਨਸਾਨੀਅਤ 'ਤੇ ਅਮਿੱਟ ਯਕੀਨ ਸੀ। ਉਸ ਦੀ ਜਾਚੇ ਮਨੁੱਖੀ ਪਿਆਰ ਹੀ ਦੁਨੀਆ ਦੀ ਸਭ ਤੋਂ ਕੀਮਤੀ ਅਤੇ ਵੱਡੀ ਚੀਜ਼ ਹੈ, ਬਾਕੀ ਸਭ ਅਡੰਬਰ ਹਨ। ਉਨ੍ਹਾਂ ਦੇ ਜੀਵਨ ਅਧਿਐਨ ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਜਦੋਂ ਭਵਿੰਡੀ ਵਿਚ ਹਿੰਦੂਆਂ, ਮੁਸਲਮਾਨਾਂ ਵਿਚਕਾਰ ਫਿਰਕੂ-ਫਸਾਦ ਹੋਏ ਤਾਂ ਉਹ ਅਹਿਮਦ ਅੱਬਾਸ, ਆਈ. ਐਸ. ਜੌਹਰ ਅਤੇ ਦਲੀਪ ਕੁਮਾਰ ਆਦਿ ਨਾਲ ਲੋਕਾਂ ਦੀ ਸਹਾਇਤਾ ਲਈ ਪਹੁੰਚੇ। ਉਸ ਦਾ ਵਿਚਾਰ ਸੀ ਕਿ ਜੇ ਤੁਸੀਂ ਦੁਖੀ ਲੋਕਾਂ ਕੋਲ ਇਕ ਦਿਨ ਲਈ ਜਾਂਦੇ ਹੋ ਤਦ ਉਹ ਸਮਝਦੇ ਹਨ, ਤੁਸੀਂ ਉਨ੍ਹਾਂ ਦੇ ਦੁਖ ਦੇਖਣ ਹੀ ਆਏ ਹੋ।

ਪੁਸਤਕ 'ਮੇਰੀ ਫ਼ਿਲਮੀ ਆਤਮਕਥਾ' ਦਾ ਅਧਿਐਨ ਵੀ ਦੱਸਦਾ ਹੈ ਕਿ ਬਲਰਾਜ ਸਾਹਨੀ ਦੀ ਮਾਨਵਵਾਦੀ ਵਿਚਾਰਧਾਰਾ ਇਸ ਵਾਰਤਕ ਰਚਨਾ ਵਿਚ ਵੀ ਨਿਹਿਤ ਹੈ।

**7.2.4 ਯਥਾਰਥਵਾਦੀ ਦ੍ਰਿਸ਼ਟੀਕੋਣ :** ਸ੍ਵੈਜੀਵਨੀ ਦੇ ਆਰੰਭ ਵਿਚ ਬਲਰਾਜ ਫ਼ਿਲਮੀ ਜਗਤ ਵਿਚ ਆਪਣੀ ਵਰਤਮਾਨ ਪੋਜ਼ੀਸ਼ਨ ਦਾ ਜ਼ਿਕਰ ਕਰਦਾ ਹੈ ਅਤੇ ਬੜੇ ਗੰਭੀਰ ਲਹਿਜੇ ਵਿਚ ਆਪਣੇ ਭੂਤਕਾਲ ਦੇ ਸਾਥੀਆਂ ਨੂੰ ਯਾਦ ਕਰਦਾ ਹੈ। ਉਹ ਫ਼ਲੈਸ਼ਬੈਕ ਵਿਧੀ ਦਾ ਪ੍ਰਯੋਗ ਕਰਦਾ ਹੋਇਆ ਫ਼ਿਲਮ ਦੀ ਸ਼ੂਟਿੰਗ ਹੋਣ ਤੋਂ ਪਹਿਲਾਂ ਕਲਾਕਾਰਾਂ ਦੀ ਤਿਆਰੀ ਤੇ ਉਹਨਾਂ ਦੇ ਮੇਕਅੱਪ ਦੀ ਗੱਲ ਕਰਦਾ ਹੈ।

"ਹਰ ਸਟੂਡੀਓ ਦਾ ਮੇਕਅਪ ਰੂਮ ਇਕ ਤਰ੍ਹਾਂ ਨਾਲ ਯਾਦਾਂ ਦਾ ਤਾਜ ਮਹੱਲ ਹੀ ਹੈ। ਇਸ ਦੇ ਸ਼ੀਸ਼ੇ ਵਿਚ ਐਕਟਰੈਸ ਜਾਂ ਐਕਟਰ ਦਾ ਚਿਹਰਾ ਹੀ ਨਹੀਂ, ਆਤਮਾ ਵੀ ਅਕਸ ਛੱਡਦੀ ਹੈ"।

ਮੇਕਅੱਪ ਰੂਮ ਫ਼ਿਲਮੀ ਕਲਾਕਾਰ ਦੀ ਦਿੱਖ ਤੇ ਨੁਹਾਰ ਹੀ ਬਦਲ ਦਿੰਦੇ ਹਨ। ਮੇਕਅੱਪ ਰੂਮ ਦੇ ਨਾਲ ਫ਼ਿਲਮੀ ਰਸਾਲਾ ਵੀ ਅਹਿਮ ਸਥਾਨ ਰੱਖਦਾ ਹੈ ਜਿਸ ਨੂੰ ਹਰ ਛੋਟਾ ਵੱਡਾ ਫ਼ਿਲਮ ਸਟਾਰ ਆਪਣੀ ਫ਼ੋਟੋ ਦੇਖਣ ਦੀ ਆਸ ਨਾਲ ਖੋਲ੍ਹਦਾ ਹੈ ਤੇ ਉਹਨਾਂ ਦੀ ਅੰਤਰ ਆਤਮਾ ਆਪਣੀ ਤਸਵੀਰ ਦੇਖ ਕੇ ਖੁਸ਼ ਹੋ ਜਾਂਦੀ ਹੈ ਤੇ ਉਹਨਾਂ ਦਾ ਆਪਾ ਸੰਤੁਸ਼ਟ ਹੋ ਜਾਂਦਾ ਹੈ।

ਬਲਰਾਜ ਬੜੀ ਬੇਬਾਕੀ ਨਾਲ ਸੱਚ ਬਿਆਨ ਕਰਨ ਦਾ ਹੀਆ ਰੱਖਦਾ ਸੀ ਇਸ ਦਾ ਪ੍ਰਗਟਾਵਾ ਸ੍ਵੈਜੀਵਨੀ ਵਿਚ ਦਿੱਤਾ ਹੈ ਕਿ ਫ਼ਿਲਮੀ ਕੈਰੀਅਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਸ ਦੇ ਵਾਲ ਸਫ਼ੈਦ ਹੋ ਚੁੱਕੇ ਸਨ ਭਾਵ ਉਸ ਨੇ ਅਧੇੜ ਉਮਰ ਵਿਚ ਫ਼ਿਲਮੀ ਜਗਤ ਵਿਚ ਪੈਰ ਧਰਿਆ ਸੀ।

"ਕਿਤਨਾ ਜਵਾਨ ਲੱਗ ਰਿਹਾ ਹਾਂ ਮੈਂ ਵਾਲ ਕਾਲੇ ਕਰਕੇ, ਹੋ ਕੀ ਗਿਆ ਜੇ ਹੁਣ ਤੱਕ ਲਗਭਗ ਸਾਰਾ ਹੀ ਝਾਟਾ ਚਿੱਟਾ ਹੋ ਚੁਕਿਆ ਹੈ ਤਾਂ। ਅੱਧਾ ਕੁ ਤਾਂ ਫ਼ਿਲਮਾਂ ਵਿਚ ਦਾਖਲ ਹੋਣ ਵੇਲੇ ਤੋਂ ਹੀ ਚਿੱਟਾ ਸੀ। ਕਿਸੇ ਤੋਂ ਕੀ ਲੁਕਾਉਣਾ, ਮੈਨੂੰ ਵਾਲ ਕਾਲੇ ਕਰਦਿਆਂ ਵੀਹ ਸਾਲ ਤੋਂ ਉੱਪਰ ਹੋ ਚੁਕੇ ਸਨ।

ਸ੍ਵੈਜੀਵਨੀ ਦੀ ਸਫ਼ਲਤਾ ਉਸ ਵਿਚ ਬਿਆਨ ਕੀਤੇ ਗਏ ਨੰਗੇ ਸੱਚ 'ਤੇ ਆਧਾਰਿਤ ਹੁੰਦੀ ਹੈ ਜਦੋਂ ਸ੍ਵੈਜੀਵਨੀ ਲੇਖਕ ਆਪਣੇ ਸੱਚ ਨੂੰ ਨਹੀਂ ਛੁਪਾਉਂਦਾ। ਸਗੋਂ ਪਾਠਕਾਂ ਨਾਲ ਸਾਂਝਾ ਕਰਦਾ ਹੈ। ਬਲਰਾਜ ਦੀ ਸ਼ੁਹਰਤ ਜਵਾਨੀ ਦੇ ਦਿਨਾਂ ਨਾਲੋਂ ਅਧੇੜ ਉਮਰ ਵਿਚ ਜਿਆਦਾ ਸੀ ਤੇ ਉਹ ਜਿਉਂ-ਜਿਉਂ ਉਮਰ ਵਿਚ ਵਧਦਾ ਜਾ ਰਿਹਾ ਸੀ ਵਧੇਰੇ ਹੁਸੀਨ ਤੇ ਜਵਾਨ ਪ੍ਰਤੀਤ ਹੁੰਦਾ ਸੀ ਤੇ ਉਸ ਦੀਆਂ ਫੈਨ ਕੁੜੀਆਂ ਉਸ ਬਾਰੇ ਇਹ ਸੋਚਦੀਆਂ ਸਨ

"ਜਵਾਨੀ ਦੇ ਦਿਨੀ ਪਰਵਾਨਿਆਂ ਨੇ ਆਪਣੇ ਖਤਾਂ ਵਿਚ ਮੇਰੀ ਖ਼ੂਬਸੂਰਤੀ ਦਾ ਕਦੇ ਜ਼ਿਕਰ ਨਹੀਂ ਸੀ ਕੀਤਾ। ਹੁਣ ਕੁੜੀਆਂ ਲਿਖਦੀਆਂ ਹਨ 'ਆਏ ਦਿਨ ਬਹਾਰ ਕੇ' ਮੇਂ ਸਫ਼ੇਦ ਸੂਟ ਪਹਿਨ ਕਰ ਆਪ ਕਿਤਨੇ ਅੱਛੇ ਲਗਤੇ ਹੈਂ। ਕਿਆ ਆਪ ਉਸ ਪੋਜ਼ ਮੇਂ ਮੁਝੇ ਅਪਨਾ ਏਕ ਰੰਗੀਨ ਫ਼ੋਟੋ ਭੇਜ ਸਕੋਗੇ?"

**7.2.5 ਨੈਤਿਕਵਾਦ :** ਮੌੜਾਂ ਰੂਸੀ ਸਫ਼ਰਨਾਮਾ ਅਤੇ ਬਲਰਾਜ ਸਾਹਨੀ ਦੀਆਂ ਲਿਖਤਾਂ ਵਿਚ ਮਨੁੱਖੀ ਕਦਰਾਂ ਕੀਮਤਾਂ ਦਾ ਸਮੱਰਥਨ ਸਾਨੂੰ ਆਮ ਵੇਖਣ ਨੂੰ ਮਿਲਦਾ ਹੈ। ਉਹ ਭਾਵੇਂ ਤੇ ਦੇਸ਼ ਵਿਚ ਵਿਚਰਦੇ ਹੋਣ ਜਾਂ ਪਰਦੇਸਾਂ ਵਿਚ ਉਨ੍ਹਾਂ ਨੇ ਨੈਤਿਕ ਕਦਰਾਂ ਕੀਮਤਾਂ ਦਾ ਪੱਲਾ ਕਦੇ ਨਹੀਂ ਛੱਡਿਆ। ਉਹ ਨੈਤਿਕਤਾ ਨੂੰ ਜੀਵਨ ਦਾ ਇਕ ਮਜ਼ਬੂਤ ਹਥਿਆਰ ਸਮਝਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਿਸ ਮਨੁੱਖ ਵਿਚ ਨੈਤਿਕ ਗੁਣ ਨਹੀਂ ਹਨ, ਉਹ ਇੱਕ ਵਧੀਆ ਅਤੇ ਉੱਚ ਕੋਟੀ ਦਾ ਮਨੁੱਖ ਨਹੀਂ ਬਣ ਕਿਦਾ

**7.2.6 ਮਾਰਕਸਵਾਦੀ ਵਿਚਾਰਧਾਰਾ :-** ਬਲਰਾਜ ਸਾਹਨੀ ਦੀ ਸੋਚ ਮਾਰਕਸਵਾਦੀ ਸੀ। ਉਹ ਹਰ ਚੀਜ਼ ਨੂੰ ਹਰ ਗਤੀਵਿਧੀ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣਾਂ ਤੋਂ ਵੇਖਦਾ ਸੀ। ਮਾਰਕਸਵਾਦ ਦੇ ਅਧਿਐਨ ਵਿਚ ਰੁਚੀ ਨੇ ਉਸ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਉਸ ਦੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਸਾਹਿਤ ਅੰਦਰ ਰੁਚੀ

ਵਧੀ। ਉਸ ਦੇ ਜੀਵਨ ਸੰਬੰਧੀ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਉਸ ਨੇ ਲੰਡਨ ਰਹਿੰਦਿਆਂ ਬ੍ਰਿਟਿਸ਼ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਨਾ ਚਾਹਿਆ, ਪਰ ਉਸ ਵੇਲੇ ਵੀ ਪਾਰਟੀ ਦੇ ਜਨਰਲ ਸੈਕਟਰੀ ਰਜਨੀ ਪਾਮਦੱਤ ਨੇ ਉਸ ਨੂੰ ਮੈਂਬਰ ਬਣਾਉਣ ਤੋਂ ਇਨਕਾਰ ਕਰ ਦਿੱਤਾ। ਉਹ ਕਮਿਊਨਿਸਟ ਪਾਰਟੀ ਦੀਆਂ ਨੀਤੀਆਂ ਨੂੰ ਅਪਣਾ ਕੇ ਆਪਣਾ ਅਗਲਾ ਜੀਵਨ ਹੀ ਗੁਜ਼ਾਰਨਾ ਨਹੀਂ ਸੀ ਚਾਹੁੰਦੇ, ਸਗੋਂ ਲੋਕਾਂ ਵਿਚ ਜਾਗਰੂਕਤਾ ਲਿਆ ਕੇ ਉਨ੍ਹਾਂ ਨੂੰ ਕਾਰਜਸ਼ੀਲ ਬਣਾਉਣਾ ਚਾਹੁੰਦੇ ਸਨ।

ਮਾਰਕਸਵਾਦ ਕੇਵਲ ਇਕ ਰਾਜਨੀਤਿਕ ਪਾਠ ਨਹੀਂ ਉਹ ਇਕ ਸਰਬ ਅੰਗੀ ਫਲਸਫ਼ਾ ਹੈ, ਜੋ ਇਨਸਾਨ ਦੀ ਹਰ ਤਰ੍ਹਾਂ ਦੀ ਕਿਰਤ ਅਤੇ ਸੋਚ ਉਪਰ ਚਾਨਣ ਪਾਉਂਦਾ ਹੈ, ਅੱਜ ਸੰਸਾਰ ਵਿਚ ਅਨੇਕਾਂ ਸਾਇੰਸਦਾਨ ਹਨ ਜੋ ਕਮਿਊਨਿਸਟ ਪਾਰਟੀ ਦੇ ਮੈਂਬਰ ਨਾ ਹੁੰਦਿਆਂ ਵੀ ਮਾਰਕਸਵਾਦ ਨੂੰ ਸ੍ਰਿਸ਼ਟ-ਗਿਆਨ ਦਾ ਇਕ ਵੱਡ-ਮੁੱਲਾ ਦ੍ਰਿਸ਼ਟੀਕੋਣ ਤਸਲੀਮ ਕਰਦੇ ਹਨ। ਹੋ ਸਕਦੇ ਚਰਖਾਸਾਫ ਨੂੰ ਜੀਵਨ ਦੇ ਤਜਰਬੇ ਨੇ ਸਿਖਾ ਦਿੱਤਾ ਹੋਵੇ ਕਿ ਕੋਈ ਵੀ ਇਨਸਾਨ ਨਾ ਪੂਰੀ ਤਰ੍ਹਾਂ ਦੇਵਤਾ ਹੁੰਦਾ ਹੈ ਨਾ ਰਾਖਸ਼।

ਬਲਰਾਜ ਆਪਣੀ ਜੀਵਨੀ ਨੂੰ ਬਚਪਨ ਤੋਂ ਸ਼ੁਰੂ ਕਰਦਾ ਹੈ ਕਿ 7/ 8 ਸਾਲ ਦੀ ਉਮਰ ਵਿਚ ਉਹ ਰਾਵਲਪਿੰਡੀ ਛੱਡ ਕੇ ਭੇਰੇ ਆ ਗਿਆ ਕਿਉਂਕਿ ਉਸ ਸਮੇਂ ਪਲੇਗ ਬਹੁਤ ਫ਼ੈਲ ਗਈ ਸੀ। ਹਿੰਦੋਸਤਾਨ ਅੰਗਰੇਜ਼ਾਂ ਦਾ ਗ਼ੁਲਾਮ ਸੀ ਤੇ ਵਿਦੇਸ਼ੀ ਹਕੂਮਤ ਦਾ ਦਬਦਬਾ ਹੋਣ ਕਰਕੇ ਆਮ ਜਨਤਾ ਨਾਲ ਭੈੜਾ ਵਰਤਾਉ ਕੀਤਾ ਜਾ ਰਿਹਾ ਸੀ। ਅਮੀਰ ਹੋਰ ਅਮੀਰ ਹੋਣ ਲਈ ਵੱਡੇ ਵੱਡੇ ਸ਼ਹਿਰਾਂ ਵੱਲ ਪਲਾਇਨ ਕਰਨ ਲੱਗੇ ਸਨ। ਬਲਰਾਜ ਨੂੰ ਬਚਪਨ ਤੋਂ ਹੀ ਫ਼ਿਲਮਾਂ ਦੇਖਣ ਦਾ ਬੜਾ ਚਾਅ ਸੀ। ਇਸ ਲਈ ਉਹ ਬਹੁਤ ਵਾਰੀ ਘਰਦਿਆਂ ਤੋਂ ਚੋਰੀ ਫ਼ਿਲਮ ਦੇਖਣ ਲਈ ਚਲਾ ਜਾਂਦਾ ਸੀ ਜ਼ਿਆਦਾਤਰ ਫ਼ਿਲਮਾਂ ਅੰਗਰੇਜ਼ੀ ਰੂਸੀ ਜਾਂ ਜਪਾਨੀ ਹੁੰਦੀਆਂ ਸਨ ਤੇ ਉਹ ਉਹਨਾਂ ਦੇ ਹਾਵ ਭਾਵ ਤੇ ਅਦਾਕਾਰੀ ਦੇਖ ਕੇ ਉਹਨਾਂ ਨੂੰ ਸਮਝਦੇ ਸਨ ਜਾਂ ਕਈ ਵਾਰ ਹਿੰਦੀ ਵਿਚ ਦੁਭਾਸ਼ੀਆ ਉਹਨਾਂ ਦਾ ਅਨੁਵਾਦ ਕਰ ਦਿੰਦਾ ਸੀ। ਔਰਤਾਂ ਨੂੰ ਫ਼ਿਲਮਾਂ ਦੇਖਣ ਜਾਂ ਸਿਨੇਮਾ ਜਾਣ ਦੀ ਮਨਾਹੀ ਹੁੰਦੀ ਸੀ। ਬਲਰਾਜ ਦਾ ਘਰੇਲੂ ਮਾਹੌਲ ਬਹੁਤ ਜ਼ਿਆਦਾ ਧਾਰਮਿਕ ਸੀ ਜਿਸ ਕਾਰਨ ਉਸ ਨੂੰ ਫ਼ਿਲਮਾਂ ਦੇਖਣ ਦੀ ਪ੍ਰਵਾਨਗੀ ਬੜੀ ਮੁਸ਼ਕਿਲ ਨਾਲ ਪ੍ਰਾਪਤ ਹੋਈ।

ਮੈਟ੍ਰਿਕ ਪਾਸ ਕਰਨ ਉਪਰੰਤ ਬਲਰਾਜ ਨੇ ਕਈ ਚੀਜ਼ਾਂ ਨੂੰ ਤਿਲਾਂਜਲੀ ਦੇ ਦਿੱਤੀ। ਉਸ ਨੇ ਬੋਦੀ, ਜੰਞ, ਪਜਾਮਾ ਛੱਡ ਦਿੱਤੇ ਤੇ ਉਸ ਦੀ ਥਾਂ ਪਤਲੂਨ ਪਾਉਣੀ ਸ਼ੁਰੂ ਕਰ ਦਿੱਤੀ ਤੇ ਨਾਲ ਹੀ ਉਸ ਨੂੰ ਸਾਈਕਲ ਦੀ ਪ੍ਰਾਪਤੀ ਵੀ ਹੋ ਗਈ।

"ਸਕੂਲ ਦਾ ਜ਼ਮਾਨਾ ਲੰਘਿਆ, ਕਾਲਿਜ ਦਾ ਆਇਆ, ਬੋਦੀ, ਜੰਞੂ ਪਜਾਮਾ ਰੁਖ਼ਸਤ ਹੋਏ, ਪਤਲੂਨ ਆ ਗਈ। ਸਿਰ ਉੱਤੇ ਹੈਟ ਧਰਨ ਦੇ ਦਿਨ ਦੀਆਂ ਉਡੀਕਾਂ ਮਨ ਵਿਚ ਜਾਗਰਤ ਹੋ ਗਈਆਂ।"

ਫ਼ਿਲਮਾਂ ਦੇ ਜਾਂਬਾਜ਼ੀ ਤੇ ਉਤੇਜਕ ਦ੍ਰਿਸ਼ਾਂ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ, ਉਸਨੂੰ ਸ਼ੀਸ਼ਾ ਦੇਖਣ ਦਾ ਵੀ ਬਹੁਤ ਸ਼ੌਂਕ ਸੀ, ਸ਼ੀਸ਼ੇ ਦੇ ਸਾਹਮਣੇ ਉਹੀ ਪੋਜ਼ ਬਣਾਉਣ ਦੀ ਕੋਸ਼ਿਸ਼ ਕਰਦਾ ਜਿਹੜੇ ਉਸ ਨੇ ਨਵੀਂ ਦੇਖੀ ਫ਼ਿਲਮ ਵਿਚ ਹੀਰੋ ਦੇ ਬਣੇ ਹੋਏ ਦੇਖੇ ਹੁੰਦੇ ਸਨ ਤੇ ਆਪਣੀ ਤੁਲਨਾ ਉਹਨਾਂ ਦੇ ਨਾਲ ਕਰਦਾ। ਬਲਰਾਜ ਜਦੋਂ ਐਮ.ਏ. ਅੰਗਰੇਜ਼ੀ ਵਿਚ ਪੁੱਜਾ ਤਾਂ ਉਸ ਦੀ ਸਾਹਿਤਕ ਸੂਝ ਵੀ ਕਾਫ਼ੀ ਨਿਖ਼ਰ ਚੁੱਕੀ ਸੀ ਤੇ ਉਹ ਨਾਟ ਮੰਡਲੀ ਵਿਚ ਵੀ ਹਿੱਸਾ ਲੈਣ ਲੱਗ ਪਿਆ ਸੀ। 1936 ਈ. ਵਿਚ ਉਹ ਘਰੋਂ ਦੌੜ ਕੇ ਕਲਕੱਤੇ ਪੰਡਤ ਸੁਦਰਸ਼ਨ ਜੀ ਕੋਲ ਚਲਾ ਗਿਆ ਤਾਂ ਜੋ ਉਹ ਫ਼ਿਲਮਾਂ ਵਿਚ ਕੰਮ ਕਰ ਸਕੇ ਪਰ ਉਸ ਦੇ ਸੁਪਨੇ ਚਕਨਾਚੂਰ ਹੋ ਗਏ।

"ਉਹਨਾਂ ਥੋੜਾ ਜਿਹਾ ਮੈਨੂੰ ਗਲਤ ਸਮਝਿਆ। ਉਹਨਾਂ ਸਮਝਿਆ ਕਿ ਮੈਂ ਵੀ ਉਹਨਾਂ ਅਣਪੜ੍ਹ ਨੌਜਵਾਨਾਂ ਵਿਚੋਂ ਹਾਂ ਜਿਹੜੇ ਫ਼ਿਲਮਾਂ ਖਾਤਰ ਘਰ-ਬਾਰ ਛੱਡ ਕੇ ਨੱਠ ਤੁਰਦੇ ਹਨ। ਵਾਸਤਵ ਵਿਚ, ਮੈਂ ਸੰਜੀਦਗੀ ਨਾਲ ਜੀਵਨ ਵਿਚ ਰਾਹ

ਟੋਲ ਰਿਹਾ ਸਾਂ। ਮੇਰੀ ਗੱਲ ਸੁਣਦਿਆਂ ਹੀ ਉਹ ਆਵੇਸ਼ ਵਿਚ ਆ ਗਏ ਅਤੇ ਫ਼ਿਲਮ ਲਾਈਨ ਬਾਰੇ ਮੈਨੂੰ ਇਕ ਡਰਾਉਣਾ ਜਿਹਾ ਲੈਕਚਰ ਸੁਣਾਉਣਾ ਸ਼ੁਰੂ ਕਰ ਦਿੱਤਾ"।

ਫ਼ਿਲਮਾਂ ਵਿਚ ਕੰਮ ਨਾ ਮਿਲਣ ਕਾਰਨ ਬਲਰਾਜ ਸ਼ਾਂਤੀ ਨਿਕੇਤਨ ਚਲਾ ਗਿਆ ਤੇ ਉੱਥੇ ਅਧਿਆਪਕ ਦੀ ਨੌਕਰੀ ਕਰਨ ਲੱਗਾ। ਉੱਥੇ ਰਹਿੰਦਿਆਂ ਬਲਰਾਜ ਦਾ ਲਿਖਣ ਦਾ ਸ਼ੌਂਕ ਵੀ ਉਭਰਿਆ ਤੇ ਉਸ ਦੀਆਂ ਕਹਾਣੀਆਂ ਹਿੰਦੀ ਪਤ੍ਰਿਕਾਵਾਂ ਵਿਚ ਛਪਣ ਲੱਗ ਪਈਆਂ। ਦੂਸਰੀ ਆਲਮੀ ਜੰਗ ਛਿੜਨ ਤੋਂ ਬਾਅਦ ਬਲਰਾਜ ਆਪਣੀ ਦੰਮੋ ਨਾਲ ਲੰਦਨ ਚਲਾ ਗਿਆ ਤੇ ਬੀ.ਬੀ.ਸੀ. ਲੰਡਨ ਵਿਚ ਐਨਾਊਂਸਰ ਦਾ ਕੰਮ ਕਰਨ ਲੱਗ ਪਿਆ। ਲੰਡਨ ਰਹਿੰਦਿਆਂ ਬਲਰਾਜ ਨੂੰ ਫ਼ਿਲਮਾਂ ਦੇਖਣ ਦਾ ਮੌਕਾ ਬਹੁਤ ਜ਼ਿਆਦਾ ਮਿਲਿਆ, ਉਸ 'ਤੇ ਰੂਸੀ ਫ਼ਿਲਮਾਂ ਨੇ ਬਹੁਤ ਪ੍ਰਭਾਵ ਪਾਇਆ। ਉਸ ਅੰਦਰ ਮਾਰਕਸਵਾਦੀ ਤੇ ਲੈਨਿਨਵਾਦ ਸਾਮਰਾਜ ਨੂੰ ਜਾਨਣ ਦੀ ਭਾਵਨਾ ਵੀ ਇਹਨਾਂ ਫ਼ਿਲਮਾਂ ਰਾਹੀਂ ਪੈਂਦਾ ਹੋਈ।

"ਇਸ ਤਰ੍ਹਾਂ ਸੋਵੀਅਤ ਯੂਨੀਅਨ ਨਾਲ, ਮਾਰਕਸਵਾਦ ਅਤੇ ਲੈਨਿਨਵਾਦ ਨਾਲ ਮੇਰੀ ਪਛਾਣ ਪਹਿਲਾਂ ਫ਼ਿਲਮਾਂ ਰਾਹੀਂ ਹੀ ਹੋਈ। ਮੈਂ ਉਸ ਦੇਸ਼ ਬਾਰੇ ਜਾਣਨ ਲਈ ਉਤਸੁਕ ਹੋ ਗਿਆ ਜਿਹੜਾ ਇਤਨੀਆਂ ਵਧੀਆਂ ਫ਼ਿਲਮਾਂ ਬਣਾਉਂਦਾ ਸੀ।"

ਬਲਰਾਜ ਨੇ ਇਕ ਕਮਿਊਨਿਸਟ ਹੋਣ ਦੇ ਨਾਤੇ ਆਪਣੀਆਂ ਫ਼ਿਲਮਾਂ ਰਾਹੀਂ ਕਿਸਾਨਾਂ ਮਜ਼ਦੂਰਾਂ ਦੇ ਹੱਕ ਦੀ ਗੱਲ ਕੀਤੀ। ਅਮੀਰੀ ਤੇ ਗਰੀਬੀ ਦੇ ਫ਼ਰਕ ਵਿਰੁੱਧ ਘੋਲ ਕਰਨਾ ਉਸਦੇ ਆਦਰਸ਼ਾਂ ਵਿਚ ਸ਼ਾਮਿਲ ਸੀ। ਪਰ ਇਹ ਰਾਜਨੀਤਕ ਘੋਲ ਉਸ ਦੇ ਇਕੱਲੇ ਦੇ ਵੱਸ ਦਾ ਨਹੀਂ ਸੀ ਪਰ ਉਸ ਕੋਲ ਜਿੰਨਾ ਹੋ ਸਕਦਾ, ਉਹ ਕਰਦਾ ਸੀ।

**7.2.7 ਸਕਾਰਾਤਮਕ ਦ੍ਰਿਸ਼ਟੀਕੋਣ:** ਬੀ.ਬੀ.ਸੀ. ਲਈ ਕੰਮ ਕਰਦਿਆਂ ਉਸ ਦੀ ਪਤਨੀ ਦੰਮੋਂ ਨੇ ਵੀ ਉਸ ਨਾਲ ਕੰਮ ਕੀਤਾ। ਅਪ੍ਰੈਲ 1944 ਵਿਚ ਬਲਰਾਜ ਵਾਪਸ ਹਿੰਦੋਸਤਾਨ ਆ ਗਿਆ। ਬਲਰਾਜ ਦੀ ਫ਼ਿਲਮਾਂ ਵਿਚ ਵਿਸ਼ੇਸ਼ ਰੁਚੀ ਹੋਣ ਕਾਰਨ, ਹਿੰਦੋਸਤਾਨ ਆ ਕੇ ਉਹ ਫ਼ਿਲਮ ਨਗਰੀ ਨਾਲ ਜੁੜ ਗਿਆ। ਉਸ ਨੇ ਪ੍ਰਭਾਤ ਫ਼ਿਲਮ ਕੰਪਨੀ ਅਤੇ ਸ਼ਾਂਤਾਰਾਮ ਜੀ ਦੀ ਫ਼ਿਲਮ ਸੰਕੁਤਲਾ ਦੇਖੀ ਜੋ ਕਿ ਕਲਾ ਪੱਖ ਤੋਂ ਜਿਆਦਾ ਮਹੱਤਵਪੂਰਨ ਨਹੀਂ ਸੀ ਪਰ ਬਾਕਸ ਆਫ਼ਿਸ ਤੇ ਬਹੁਤ ਹਿੱਟ ਰਹੀ। ਫ਼ਿਲਮਾਂ ਵਿਚ ਕੰਮ ਕਰਨ ਵਾਲਾ ਚੇਤਨ ਆਨੰਦ ਉਸ ਦਾ ਦੋਸਤ ਸੀ ਜੋ ਉਸ ਕੋਲੋਂ ਤੇ ਉਸ ਦੀ ਪਤਨੀ ਦੰਮੋ ਕੋਲੋਂ ਫ਼ਿਲਮਾਂ ਵਿਚ ਕੰਮ ਕਰਵਾਉਣਾ ਚਾਹੁੰਦਾ ਸੀ ਤੇ ਮੁਆਵਜ਼ਾ ਸੀ ਵੀਹ ਹਜ਼ਾਰ ਰੁਪਏ। ਬਲਰਾਜ ਦੇ ਪਰਿਵਾਰਕ ਮੈਂਬਰ ਉਸ ਦੇ ਤੇ ਉਸ ਦੀ ਪਤਨੀ ਦੇ ਫ਼ਿਲਮਾਂ ਵਿਚ ਕੰਮ ਕਰਨ ਦੇ ਵਿਰੁੱਧ ਸਨ ਪਰ ਉਹ ਏਨੀ ਵੱਡੀ ਰਕਮ ਹੱਥੋਂ ਨਹੀਂ ਸੀ ਗੁਆਵਣਾ ਚਾਹੁੰਦਾ। ਫ਼ਿਲਮ ਲਈ ਡਬਲਯੂ.ਜੈਡ. ਅਹਿਮਦ ਨੂੰ ਮਿਲਣਾ ਸੀ। ਉਸ ਲਈ ਪਹਿਲਾਂ ਬਲਰਾਜ ਦਾ ਮੇਕਅੱਪ ਕਰਕੇ ਫੋਟੋ ਸ਼ੂਟਿੰਗ ਹੋਈ ਉਸ ਤੋਂ ਬਾਅਦ ਬਲਰਾਜ ਦੀ ਉਹਨਾਂ ਨਾਲ ਮੁਲਾਕਾਤ ਹੋਈ। ਬਲਰਾਜ ਨੂੰ ਇਕ ਹਜ਼ਾਰ ਮਾਹਵਾਰ ਤਨਖਾਹ ਦੀ ਪੇਸ਼ਕਸ਼ ਹੋਈ ਪਰ ਇਹ ਬਹੁਤ ਥੋੜੀ ਹੋਣ ਕਰਕੇ ਉਸ ਨੇ ਨਾਂਹ ਕਰ ਦਿੱਤੀ ਤੇ ਉਸ ਦੇ ਫ਼ਿਲਮੀ ਸੁਪਨੇ ਟੁੱਟ ਗਏ। ਚੇਤਨ ਆਨੰਦ ਨੇ ਆਪਣੀ ਦੋਸਤੀ ਦਾ ਸਬੂਤ ਦਿੰਦਿਆਂ ਆਪਣਾ ਕੰਨਟਰੈਕਟ ਵੀ ਛੱਡ ਦਿੱਤਾ। ਬਲਰਾਜ ਦੇ ਘਰਦਿਆਂ ਨੂੰ ਪਤਾ ਲੱਗ ਗਿਆ ਕਿ ਦੰਮੋ ਵੀ ਫ਼ਿਲਮਾਂ ਵਿਚ ਕੰਮ ਕਰੇਗੀ ਤਾਂ ਉਹਨਾਂ ਦਾ ਘਰੇਲੂ ਮਾਹੌਲ ਇੰਨਾ ਕਸ਼ੀਦ ਹੋ ਗਿਆ ਕਿ ਦੰਮੋ ਨੂੰ ਬੱਚਿਆਂ ਸਮੇਤ ਬੰਬਈ ਆਉਣਾ ਪਿਆ। ਫ਼ਿਲਮਾਂ ਵਿਚ ਆਉਣ ਲਈ ਬਲਰਾਜ ਨੂੰ ਬੜੀ ਜੱਦੋ ਜਹਿਦ ਕਰਨੀ ਪਈ ਤੇ ਉਸ ਤੋਂ ਪਹਿਲਾਂ ਇਕ ਨਾਟਕ ਵਿਚ ਵੀ ਰੋਲ ਅਦਾ ਕੀਤਾ।

ਬਲਰਾਜ ਆਪਣੀ ਪਹਿਲੀ ਫ਼ਿਲਮ ਦੀ ਸ਼ੂਟਿੰਗ ਨੂੰ ਕਦੇ ਨਹੀਂ ਭੁੱਲਦਾ ਜਦੋਂ ਉਹ ਪਹਿਲੀ ਸ਼ੂਟਿੰਗ ਲਈ ਜਾਂਦਾ ਹੈ ਤਾਂ ਉਹ ਸਮੇਂ ਤੋਂ ਪਹਿਲਾਂ ਪੁੱਜ ਜਾਂਦਾ ਹੈ ਤੇ ਬਾਕੀ ਕਲਾਕਾਰ ਆਪਣੇ ਸਮੇਂ ਦੇ ਅਨੁਸਾਰ ਆਉਂਦੇ ਹਨ ਤਾਂ ਉਸ ਨੂੰ ਘੋਰ ਨਿਰਾਸ਼ਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਸ ਦਿਨ ਸ਼ੂਟਿੰਗ ਵੀ ਨਹੀਂ ਹੁੰਦੀ।

"ਮੈਨੂੰ ਸੱਤ ਵਜੇ ਦਾ ਟਾਈਮ ਦਿੱਤਾ ਗਿਆ ਸੀ, ਪਰ ਸਟੂਡੀਉ ਜਾ ਕੇ ਪਤਾ ਲੱਗਾ ਕਿ ਸ਼ਿਫਟ ਨੌਂ ਵਜੇ ਸ਼ੁਰੂ ਹੋਵੇਗੀ। ਇਤਨਾ ਪਹਿਲੇ ਕਿਉਂ ਬੁਲਾ ਲਿਆ ਗਿਆ ਮੈਨੂੰ? ਅੱਠ ਵਜੇ ਤੱਕ ਤਾਂ ਫ਼ਨੀਦਾ ਦੇ ਸਹਾਇਕਾਂ ਨੇ ਵੀ ਦਰਸ਼ਨ ਨਾ ਦਿੱਤੇ।

ਪਰ ਮੈਂ ਇਸ ਗੱਲ 'ਤੇ ਗੌਰ ਨਾ ਕੀਤਾ- ਪਹਿਲੀ ਸ਼ੂਟਿੰਗ ਦਾ ਚਾਅ ਜੋ ਸੀ, ਅਸਲ ਵਿਚ ਅਜਿਹੇ ਅਪਮਾਨ ਛੋਟੇ ਕਲਾਕਾਰਾਂ ਦਾ ਦਿਮਾਗ ਠੀਕ ਥਾਂ ਰੱਖਣ ਲਈ ਕੀਤੇ ਜਾਂਦੇ ਸਨ"।

ਕੈਮਰੇ ਦਾ ਸਾਹਮਣਾ ਕਰਨਾ ਜਿੰਨਾ ਬਲਰਾਜ ਸੌਖਾ ਸਮਝਦਾ ਸੀ ਓਨਾ ਸੌਖਾ ਨਹੀਂ ਸੀ। ਪਹਿਲੀ ਸ਼ੂਟਿੰਗ ਵੇਲੇ ਉਸਨੂੰ ਇਹ ਗੱਲ ਸਮਝ ਆ ਗਈ ਤੇ ਉਸ ਦਿਨ ਉਹ ਸਖ਼ਤ ਸਿਰ ਪੀੜ, ਕਮਰ ਵਿਚ ਦਰਦ ਤੇ ਲੱਤਾਂ ਵਿਚ ਚੀਸਾਂ ਲੈ ਕੇ ਵਾਪਸ ਮੁੜਿਆ ਸੀ ਤੇ ਉਸ ਨੂੰ ਇਹ ਵੀ ਸਮਝ ਆ ਗਈ ਕਿ 'ਤਮਾਸ਼ੇ ਦੀ ਦੁਨੀਆ' ਦਾ ਇਕ ਰਾਜ਼ ਹੈ, ਜੋ ਪਾਠਕਾਂ ਨੂੰ ਹੌਲੀ-ਹੌਲੀ ਸਮਝ ਵਿਚ ਆਵੇਗਾ ਜਿੱਥੇ ਸਾਰੇ ਇਕ ਦੂਜੇ ਦੀ ਝੂਠੀ ਤਾਰੀਫ਼ ਕਰਦੇ ਹਨ।

"ਬੇਸ਼ਕ ਉਹ ਝੂਠੀ ਤਾਰੀਫ਼ ਕਰ ਰਹੇ ਸਨ। ਸਟੂਡੀਓ ਦੀ ਦੁਨੀਆਂ ਵਿਚ ਕੋਈ ਕਿਸੇ ਅੱਗੇ ਸੱਚ ਨਹੀਂ ਬੋਲਦਾ। ਸਭ ਮੂੰਹ ਉੱਤੇ ਇਕ ਦੂਜੇ ਦੀ ਸਿਰਫ਼ ਤਾਰੀਫ਼ ਤੇ ਪਿੱਠ ਪਿੱਛੇ ਸਿਰਫ਼ ਨਿੰਦਿਆ ਕਰਦੇ ਹਨ। ਬਾਹਰ ਵਾਲਿਆਂ ਨੂੰ ਇਹ ਗੱਲ ਸਖ਼ਤ ਬੁਰੀ ਲਗਦੀ ਹੈ, ਪਰ ਅੰਦਰ ਵਾਲਿਆਂ ਨੂੰ ਇਸ ਦਾ ਬਹੁਤ ਆਸਰਾ ਹੈ। ਫ਼ਿਲਮ ਲਾਈਟ ਵਿਚ ਕਿਸੇ ਨੂੰ ਮਾਨਸਿਕ ਸੁਰੱਖਿਆ ਨਸੀਬ ਨਹੀਂ ਸਭ ਛਲਾਵਿਆਂ ਦੇ ਸਹਾਰੇ ਜਿਊਂਦੇ ਹਨ। ਸਭ ਆਪਣੇ-ਆਪਣੇ ਸੁਪਨ ਬੁਲਬੁਲੇ ਵਿਚ ਰਹਿੰਦੇ ਹਨ। ਇਸ ਲਈ ਇਕ ਦੂਜੇ ਦਾ ਬੁਲਬੁਲਾ ਤੋੜਨਾ ਪਸੰਦ ਨਹੀਂ ਕਰਦਾ।

ਬਲਰਾਜ ਨੇ ਸ਼ੁਰੂ ਸ਼ੁਰੂ ਦੀਆਂ ਫ਼ਿਲਮਾਂ ਵਿਚ ਬਹੁਤ ਹੀ ਘਟੀਆ ਪੱਧਰ ਦਾ ਕੰਮ ਕੀਤਾ ਤੇ ਕਿਸੇ ਲਈ ਵੀ ਇਹ ਯਕੀਨ ਕਰਨਾ ਬੜਾ ਮੁਸ਼ਕਿਲ ਸੀ ਕਿ ਉਹ ਇਕ ਵਧੀਆ ਐਕਟਰ ਬਣ ਸਕੇਗਾ। ਬਲਰਾਜ ਨੂੰ ਫ਼ਿਲਮਾਂ ਵਿਚ ਕੰਮ ਨਾ ਮਿਲਣ ਕਰਕੇ ਉਹ ਵਿਹਲਾ ਬਹਿ ਬਹਿ ਕੇ ਤੰਗ ਆ ਗਿਆ। ਉਦੋਂ ਹੀ ਉਸ ਨੂੰ ਮਾਲੂਮ ਹੋਇਆ ਕਿ ਖਵਾਜਾ ਅਹਿਮਦ ਅਬਾਸ ਚਾਈਨੀਜ਼ ਪੀਪਲਜ਼ ਥੀਏਟਰ ਦੀਆਂ ਲੀਹਾਂ 'ਤੇ ਹੀ ਬੰਬਈ ਵਿਚ ਕੰਮ ਕਰ ਰਹੇ ਹਨ। ਬਲਰਾਜ ਅਤੇ ਦਮਯੰਤੀ ਨੂੰ ਜਦੋਂ ਵਲੈਤ ਵਿਚ ਚਾਈਨੀਜ਼ ਪੀਪਲਜ਼ ਥੀਏਟਰ ਬਾਰੇ ਜਾਣਕਾਰੀ ਮਿਲੀ ਸੀ ਉਦੋਂ ਤੋਂ ਹੀ ਆਪਣੇ ਮਨ ਵਿਚ ਖ਼ਾਹਿਸ਼ ਪਾਲ ਰਹੇ ਸਨ ਕਿ ਹਿੰਦੁਸਤਾਨ ਵਿਚ ਵੀ ਇਸ ਤਰ੍ਹਾਂ ਦਾ ਥੀਏਟਰ ਹੋਵੇ। ਹੁਣ ਉਹਨਾਂ ਪਾਸ ਵਿਹਲ ਵੀ ਸੀ ਤੇ ਸੰਜੋਗ ਵੀ ਐਸਾ ਬਣ ਗਿਆ ਕਿ ਖ਼੍ਵਾਜਾ ਅਹਿਮਦ ਅਬਾਸ ਨੇ ਬਲਰਾਜ ਨੂੰ ਜ਼ੁਬੈਦਾਂ ਦੇ ਨਿਰਦੇਸ਼ਨ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਸਵਿਕਾਰ ਕਰ ਲਈ। ਇਹ ਨਾਟਕ ਇਪਟਾ ਵਲੋਂ ਤਿਆਰ ਕੀਤਾ ਜਾ ਰਿਹਾ ਸੀ ਤੇ ਸੁੰਦਰਬਾਈ ਹਾਲ ਵਿਚ ਖੇਡਿਆ ਗਿਆ। ਉਸ ਨੇ ਇਸ ਨਾਟਕ ਵਿਚ ਲੋਕਧਾਰਾ ਦਾ ਕੁਝ ਅੰਸ਼ ਮਿਲਾਉਣ ਦਾ ਤਜ਼ਰਬਾ ਕੀਤਾ। ਲਾੜਾ ਹਾਲ ਦੇ ਬੂਹੇ ਤਕ ਘੋੜੀ 'ਤੇ ਚੜ੍ਹ ਕੇ ਆਇਆ ਅਤੇ ਮਿਲਣੀ ਸਟੇਜ ਦੇ ਸਾਹਮਣੇ ਕਰਵਾਈ ਗਈ। ਮਿਲਣੀ ਉਪਰੰਤ ਲਾੜਾ ਘੋੜੀ ਤੋਂ ਉਤਰ ਕੇ ਹਾਲ ਵਿਚ ਆਇਆ। ਇਸ ਤਰ੍ਹਾਂ ਯਥਾਰਥਵਾਦ ਨੂੰ ਲੋਕਧਾਰਾ ਦੀ ਪੁੱਠ ਦੇ ਕੇ ਰੰਗਮੰਚ ਦੇ ਇਤਿਹਾਸ ਵਿਚ ਬਲਰਾਜ ਨੇ ਆਪਣੇ ਲਈ ਨਵੇਕਲੀ ਥਾਂ ਬਣਾ ਲਈ। ਇਹ ਗੱਲ 1944 ਦੀ ਹੈ, ਜ਼ੁਬੈਦਾਂ ਵਿਚ ਉਸ ਦੀ ਸਫ਼ਲ ਅਦਾਕਾਰੀ ਨੇ ਉਸ ਦੀ ਧਾਕ ਬਿਠਾ ਦਿਤੀ। ਬਾਅਦ ਵਿਚ ਉਸ ਨੇ ਜੁਹੂ ਆਰਟ ਥੇਟਰ ਵੱਲੋਂ ਨਿਕੋਲੀ ਗੋਗਲ ਦੇ ਰੂਸੀ ਨਾਟਕ 'ਇਨਸਪੈਕਟਰ ਜਨਰਲ' ਦਾ ਨਿਰਦੇਸ਼ਨ ਕੀਤਾ। ਇਸ ਵਿਚ ਉਸ ਨੇ ਮੁੱਖ ਪਾਤਰ ਦਾ ਰੋਲ ਅਦਾ ਕੀਤਾ। ਇਸ ਤੋਂ ਬਾਅਦ ਉਸ ਨੇ ਰਾਬਿੰਦਰਨਾਥ ਟੈਗੋਰ ਦੀ ਰਚਨਾ 'ਕਾਬਲੀਵਾਲਾ', 'ਮੁਸਾਫ਼ਿਰੋਂ ਕੇ ਲੀਏ', 'ਫ਼ਰ ਹਤੁੱਲਾ ਬੇਗ ਦਾ ਦਿੱਲੀ ਦਾ ਯਾਦਗਾਰੀ ਮੁਸ਼ਾਇਰਾ' ਨਾਟਕ ਖੇਡੇ। ਇਹ ਸਾਰੇ ਨਾਟਕ ਇਪਟਾ ਵੱਲੋਂ ਖੇਡੇ ਗਏ ਜਦੋਂ ਉਹ ਤਨੋ-ਮਨੋ ਇਪਟਾ ਨਾਲ ਜੁੜਿਆ ਸੀ।

ਬਲਰਾਜ ਦੀ ਆਰਥਿਕ ਹਾਲਤ ਬਹੁਤ ਹੀ ਖਰਾਬ ਸੀ। ਬੀ.ਬੀ.ਸੀ. ਤੋਂ ਜੋ ਥੋੜਾ ਬਹੁਤ ਕਮਾ ਕੇ ਲਿਆਇਆ ਸੀ ਉਹ ਬੰਨੇ ਲੱਗ ਚੁੱਕਾ ਸੀ। ਉਸ ਸਮੇਂ ਉਸ ਦੇ ਲਈ ਦਮਯੰਤੀ ਮੱਦਦਗਾਰ ਸਾਬਿਤ ਹੋਈ, ਉਸਨੂੰ ਪ੍ਰਿਥਵੀ ਥੇਟਰ ਵਿਚ ਚਾਰ ਸੌ ਰੁਪਏ ਮਾਹਵਾਰ 'ਤੇ ਕੰਮ ਮਿਲ ਗਿਆ। ਦੀਵਾਰ ਨਾਟਕ ਵਿਚ ਉਸ ਦੇ ਨਾਲ ਦੰਮੋਂ ਨੇ ਕੰਮ ਕੀਤਾ ਤੇ ਉਸ ਦੇ ਕੰਮ ਦੀਆਂ ਧੁੰਮਾਂ ਚਾਰੇ ਪਾਸੇ ਫੈਲ ਗਈਆਂ। ਦੰਮੋ ਸਟਾਰ ਬਣ ਚੁੱਕੀ ਸੀ ਤੇ ਅਗਲੇ ਹੀ ਦਿਨ ਪ੍ਰੋਡਿਊਸਰਾਂ ਨੇ ਸਾਡੇ ਘਰ ਨੂੰ ਘੇਰਾ ਪਾ ਲਿਆ, ਜੋ ਸਾਡੇ ਲਈ ਅਣੋਖੀ ਤੇ ਅਣਕਿਆਸੀ ਹਾਲਤ ਸੀ। ਇਸ ਪ੍ਰਸਿੱਧੀ ਦੇ ਫਲਸਰੂਪ ਇਪਟਾ ਨੇ

ਜਦੋਂ 'ਧਰਤੀ ਕੇ ਲਾਲ' ਨਾਂ ਦੀ ਫ਼ਿਲਮ ਬਣਾਈ ਤਾਂ ਦਮਯੰਤੀ ਨੇ ਇਸ ਵਿਚ ਅਹਿਮ ਭੂਮਿਕਾ ਨਿਭਾਈ। ਇਸ ਵਿਚ ਬਲਰਾਜ ਤੇ ਦਮਯੰਤੀ ਨੇ ਪਤੀ ਪਤਨੀ ਦਾ ਰੋਲ ਅਦਾ ਕੀਤਾ। ਬਲਰਾਜ ਦੇ ਘਰ ਦੀ ਆਰਥਕ ਹਾਲਤ ਸੁਧਰਨੀ ਸ਼ੁਰੂ ਹੋ ਗਈ ਅਤੇ ਉਹ ਦੋਵੇਂ ਉੱਜਲ ਭਵਿੱਖ ਵੱਲ ਨੀਝ ਲਾਈ ਬੈਠੇ ਸਨ ਕਿ ਅਚਾਨਕ ਬਦਕਿਸਮਤੀ ਨੇ ਉਨ੍ਹਾਂ ਨੂੰ ਦਬੋਚ ਲਿਆ।

"27 ਅਪ੍ਰੈਲ 1947 ਨੂੰ ਦੰਮੋ ਦੀ ਮ੍ਰਿਤੂ ਹੋਈ। 15 ਅਗਸਤ 1947 ਨੂੰ ਪੰਜਾਬ ਟੁਕਿਆ ਗਿਆ। ਸਾਡਾ ਸਾਰਾ ਪਰਿਵਾਰ ਪਿੰਡੀਓਂ ਉਜੜ ਕੇ ਥਾਂ-ਥਾਂ ਬਿਖਰ ਗਿਆ। ਮੇਰਾ ਤਾਸ਼ ਦਾ ਘਰ ਢਹਿ ਕੇ ਢੇਰੀ ਹੋ ਗਿਆ"।

ਇਸ ਮਾਯੂਸੀ ਦੀ ਹਾਲਤ ਵਿਚ ਬਲਰਾਜ ਆਪਣੇ ਦੋਹਾਂ ਬੱਚਿਆਂ ਨੂੰ ਨਾਲ ਲੈ ਕੇ ਰਾਵਲਪਿੰਡੀ ਪਹੁੰਚ ਗਿਆ। ਰਾਵਲਪਿੰਡੀ ਅਤੇ ਪੋਠੋਹਾਰ ਦਾ ਸਾਰਾ ਇਲਾਕਾ ਫਸਾਦਾਂ ਦੀ ਲਪੇਟ ਵਿਚ ਆਇਆ ਹੋਇਆ ਸੀ। ਅੰਗਰੇਜ਼ ਹਕੂਮਤ ਫ਼ਸਾਦਾਂ ਦੀ ਅੱਗ ਤੇਜ਼ ਕਰਨ ਤੇ ਤੁਲੀ ਹੋਈ ਸੀ ਤੇ ਕਾਂਗਰਸ ਤੇ ਮੁਸਲਿਮ ਲੀਗ ਉਸ ਦੇ ਹੱਥਾਂ ਦਾ ਖਿਡੌਣਾ ਬਣੇ ਹੋਏ ਸਨ। ਬਲਰਾਜ ਨੂੰ ਇਸ ਸਮੇਂ 'ਗੁੰਜਨ' ਫ਼ਿਲਮ ਵਿਚ ਕੰਮ ਕਰਨ ਦੀ ਪੇਸ਼ਕਸ਼ ਆਈ 'ਤੇ ਮੁਆਵਜ਼ਾ ਸੀ ਦਸ ਹਜ਼ਾਰ ਰੁਪਏ, ਬਲਰਾਜ ਨੇ ਹਾਂ ਕਰ ਦਿੱਤੀ, ਪਰ ਬਣਨ ਤੋਂ ਬਾਅਦ ਇਹ ਬੁਰੀ ਤਰ੍ਹਾਂ ਫ਼ੇਲ ਹੋਈ। ਬਲਰਾਜ ਇਪਟਾ ਦੀ ਮਾਰਫ਼ਤ ਕਮਿਊਨਿਸਟ ਪਾਰਟੀ ਦਾ ਸਰਗਰਮ ਮੈਂਬਰ ਬਣ ਗਿਆ ਸੀ। ਕਮਿਊਨਿਸਟ ਪਾਰਟੀ ਅਤੇ ਸਰਕਾਰ ਵਿਚਲੀ ਟੱਕਰ ਦੇ ਕਾਰਨ ਉਸ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ।

ਇਸ ਦੌਰਾਨ ਬਲਰਾਜ ਨੇ ਸੰਤੋਸ਼ ਨਾਲ ਸ਼ਾਦੀ ਕਰ ਲਈ। ਇਸ ਤੋਂ ਬਾਅਦ ਉਸ ਨੇ 'ਹਲਚਲ' ਫ਼ਿਲਮ ਦੀ ਸ਼ੂਟਿੰਗ ਕੀਤੀ ਤੇ ਬਹੁਤ ਕੁਝ ਨਵਾਂ ਗ੍ਰਹਿਣ ਕੀਤਾ। ਬਲਰਾਜ ਨੂੰ ਕਈ ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਘਰ ਦਾ ਗੁਜ਼ਾਰਾ ਤੋਰਨ ਲਈ ਕਈ ਪਾਪੜ ਵੇਲਣੇ ਪਏ। ਆਲ ਇੰਡੀਆ ਰੇਡੀਓ ਲਈ ਤਰਜਮੇ ਦਾ ਕੰਮ ਰੂਸੀ ਫ਼ਿਲਮਾਂ ਡਬ ਕਰਨ ਦਾ ਕੰਮ 'ਬਾਜ਼ੀ' ਚਿੱਤਰ ਕਥਾ ਤੇ ਮਕਾਲਮੇ ਲਿਖਣ ਦਾ ਕੰਮ ਵੀ ਉਸ ਨੇ ਕੀਤਾ। ਆਰਥਕ ਤੰਗੀਆਂ ਦੇ ਕਾਰਨ ਉਸਨੇ ਆਪਣੇ ਦਸ ਸਾਲ ਦੇ ਬੱਚੇ ਪਰੀਖਸ਼ਿਤ ਨੂੰ ਵੀ ਛੋਟੀਆਂ-ਛੋਟੀਆਂ ਭੂਮਿਕਾਵਾਂ ਨਿਭਾਉਣ ਲਈ ਤਿਆਰ ਕੀਤਾ। ਪਰ ਸਟੂਡਿਊ ਵਿਚ ਉਸ ਵੱਲ ਵਰਤੀ ਗਈ ਅਣਗਹਿਲੀ ਕਾਰਨ ਬਲਰਾਜ ਨੇ ਪਰੀਖਸ਼ਿਤ ਨੂੰ ਇਸ ਕੰਮ ਤੋਂ ਹਟਾ ਲਿਆ ਅਤੇ ਮਗਰੋਂ ਆਈਆਂ ਕਈ ਦਿਲਕਸ਼ ਪੇਸ਼ਕਸ਼ਾਂ ਵੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਮੰਦਹਾਲੀ ਦੇ ਦਿਨਾਂ ਵਿਚ ਦੋਸਤਾਂ ਯਾਰਾਂ ਦੀ ਸਹਾਇਤਾ ਤੋਂ ਇਲਾਵਾ ਜੇ ਕੋਈ ਆਸ ਸੀ ਤਾਂ ਇਹ ਕਿ ਉਹ ਪੂਰੀ ਤਰ੍ਹਾਂ ਨਿਰਾਸ਼ ਨਹੀਂ ਸੀ ਅਤੇ ਕੰਮ ਸਿੱਖਣ ਦੀ ਲਗਨ ਉਸ ਦੇ ਮਨ ਵਿਚ ਬਣੀ ਹੋਈ ਸੀ। ਡੇਵਿਡ ਤੋਂ ਉਸ ਨੇ ਪੁਛਿਆ, "ਯਾਰ ਦਸ ਤਾਂ ਸਹੀ, ਡਾਇਲਾਗ ਯਾਦ ਕਰਨ ਦਾ ਕੋਈ ਤਰੀਕਾ ਵੀ ਹੈ?" ਡੇਵਿਡ ਨੇ ਉਸ ਨੂੰ ਸਮਝਾਇਆ, "ਵਾਕ ਦੇ ਹਰ ਸ਼ਬਦ ਦੇ ਪਿੱਛੇ ਇਕ ਤਸਵੀਰ ਹੁੰਦੀ ਹੈ, ਜੋ ਇਸ ਵਾਕ ਨੂੰ ਆਪਣੀ ਕਲਪਨਾ ਵਿਚ ਵੇਖੋ, ਤਾਂ ਉਹ ਇਕ ਤਸਵੀਰ ਲੜੀ ਬਣ ਜਾਏਗਾ, ਜੇ ਬੋਲਣ ਵੇਲੇ ਇਸ ਤਸਵੀਰ ਲੜੀ ਵੱਲ ਧਿਆਨ ਕਰੋ, ਤਾਂ ਲਫ਼ਜ ਨਹੀਂ ਭੁੱਲਣਗੇ"॥ ਬਲਰਾਜ ਨੇ ਇਹ ਗੁਰ ਪੱਲੇ ਬੰਨ੍ਹ ਲਿਆ ਅਤੇ ਇਹ ਗੁਰ ਦੱਸਣ ਲਈ ਉਹ ਡੇਵਿਡ ਦਾ ਉਮਰ ਭਰ ਮਸ਼ਕੂਰ ਰਿਹਾ।

ਕੈਮਰੇ ਦਾ ਡਰ ਦੂਰ ਕਰਨ ਲਈ ਬਲਰਾਜ ਨੇ ਇਕ ਹੋਰ ਢੰਗ ਵੀ ਅਪਣਾਇਆ। ਇਸ ਦਾ ਜ਼ਿਕਰ ਭੀਸ਼ਮ ਸਾਹਨੀ ਨੇ ਕੀਤਾ ਹੈ। ਉਸ ਦੇ ਦੱਸਣ ਅਨੁਸਾਰ "ਬਲਰਾਜ ਸਟੂਡਿਊ ਵਿਚ ਕਿਸੇ ਵੱਲ ਧਿਆਨ ਨਹੀਂ ਦੇਂਦੇ ਸਨ ਅਤੇ ਕੈਮਰੇ ਵੱਲ ਵੇਖਦਿਆਂ ਹੋਇਆਂ ਕੁਝ ਚੰਗੀਆਂ ਚੀਜ਼ਾਂ ਬਾਰੇ ਸੋਚਣ ਦੀ ਕੋਸ਼ਿਸ਼ ਕਰਦੇ। ਇਸ ਨਾਲ ਉਹਨਾਂ ਦਾ ਧਿਆਨ ਕੈਮਰੇ ਤੋਂ ਹਟ ਜਾਂਦਾ ਸੀ ਤੇ ਉਹ ਚੰਗਾ ਮਹਿਸੂਸ ਕਰਨ ਲੱਗ ਪੈਂਦੇ ਸਨ। "

ਪਰ ਅਦਾਕਾਰੀ ਦਾ ਸਭ ਤੋਂ ਕਾਰਗਰ ਢੰਗ ਉਸ ਨੂੰ ਜ਼ਿਆ ਸਰਹੱਦੀ ਦੇ ਸਹਾਇਕ ਨੇ ਸੁਝਾਇਆ। "ਹਮਲੋਗ" ਦੀ ਸ਼ੂਟਿੰਗ ਚੱਲ ਰਹੀ ਸੀ। ਬਲਰਾਜ ਦਾ ਮਨੋਬਲ ਟੁੱਟ ਚੁੱਕਾ ਸੀ। ਉਸ ਨੇ ਇਮਾਨਦਾਰੀ ਵਰਤਦਿਆਂ ਹੋਇਆਂ ਡਾਇਰੈਕਟਰ ਜ਼ਿਆ ਸਰਹੱਦੀ ਨੂੰ ਕਿਹਾ ਕਿ ਉਹ ਉਸ ਨੂੰ ਛੱਡ ਕੇ ਉਸ ਦੀ ਥਾਂ ਕਿਸੇ ਹੋਰ ਨੂੰ ਲੈ ਲਵੇ, ਪਰ ਜ਼ਿਆ ਨੇ ਆਈ ਗਈ ਕਰ ਛੱਡੀ। ਬਲਰਾਜ ਦੀ ਤਰਸਯੋਗ ਹਾਲਤ ਦਾ ਬਿਆਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਕ ਦਿਨ ਹਵਾਖੋਰੀ ਲਈ ਉਹ ਬਾਹਰ ਬੈਂਚ 'ਤੇ ਲੇਟਿਆ ਸੀ ਤਾਂ ਉਸ ਦਾ ਪਿਸ਼ਾਬ ਪਤਲੂਨ ਵਿਚ ਨਿਕਲ ਗਿਆ। ਘਰ ਜਾ ਕੇ ਬੱਚਿਆਂ ਵਾਂਗ ਵਿਲਕ ਵਿਲਕ ਕੇ ਰੋਣ ਲੱਗ ਪਿਆ। ਇਹ ਖਿਆਲ ਉਸ ਦੇ ਮਨ ਵਿਚ ਬੈਠ ਗਿਆ ਕਿ ਉਹ ਐਕਟਰ ਕਦੇ ਨਹੀਂ ਬਣ ਸਕਦਾ। ਉਸ ਦੀ ਇਹ ਹਾਲਤ ਦੇਖ ਕੇ ਨਾਗਰਤ ਉਸ ਦੇ ਘਰ ਗਿਆ ਤੇ ਉਸ ਦੀ ਖ਼ੂਬ ਝਾੜ ਝੰਬ ਕੀਤੀ ਕਿ ਉਹ ਦੂਜਿਆਂ ਤੋਂ ਕਿਤੇ ਵੱਧ ਬਿਹਤਰ ਹੈ। ਸਾਰੇ ਵਧੀਆ ਐਕਟਰ ਵਧੀਆ ਨਹੀਂ ਹੁੰਦੇ ਸਗੋਂ ਮਿਹਨਤ ਕਰਕੇ ਬਣਦੇ ਹਨ। ਇਹ ਵਿਚਾਰ ਬਲਰਾਜ ਦੇ ਜ਼ਿਹਨ ਵਿਚ ਬੈਠ ਗਏ ਤੇ ਉਸ ਨੇ ਵਧੀਆ ਕੰਮ ਕਰਨ ਦਾ ਮਨ ਵਿਚ ਦ੍ਰਿੜ੍ਹ ਵਿਸ਼ਵਾਸ ਬਣਾ ਲਿਆ ਜਿਸ ਕਾਰਨ ਉਹ 'ਹਮਲੋਗ' ਵਿਚ ਵਧੀਆ ਐਕਟਿੰਗ ਕਰ ਸਕਿਆ।

ਬਲਰਾਜ ਦੇ ਕਦਮਾਂ ਨੇ ਕਾਮਯਾਬੀ ਦੀ ਸ਼ੁਹਰਤ ਲੱਭ ਲਈ ਸੀ। ਪਰ ਸਫ਼ਰ ਹਾਲੀ ਬਹੁਤ ਲੰਮਾ ਸੀ। ਉਸ ਨੇ ਆਪਣੀ ਕਲਾ ਵਿਚ ਨਿਖਾਰ ਲਿਆਉਣ ਲਈ ਆਪਣੇ ਕੰਨ ਤੇ ਅੱਖਾਂ ਖੁੱਲ੍ਹੀਆਂ ਰੱਖੀਆਂ। ਫ਼ਿਲਮਾਂ ਵਿਚ ਕੰਮ ਕਰਨ ਦੇ ਨਾਲ-ਨਾਲ ਉਸ ਨੇ 'ਬਾਜ਼ੀ' ਫ਼ਿਲਮ ਦੀ ਪਟਕਥਾ ਤੇ ਸੰਵਾਦ ਵੀ ਲਿਖੇ ਜੋ ਬਹੁਤ ਕਾਮਯਾਬ ਰਹੇ। ਉਸ ਵਿਚ ਹਿੱਸਾ ਲੈਣ ਵਾਲੇ ਅਦਾਕਾਰ ਦਿਨਾਂ ਵਿਚ ਸ਼ੁਹਰਤ ਦੀ ਸਿਖ਼ਰ 'ਤੇ ਜਾ ਪਹੁੰਚੇ। ਪਰ ਬਲਰਾਜ ਇੱਥੇ ਵੀ ਪਿਛੋਕੜ ਵਿਚ ਰਿਹਾ। ਬੜੀ ਕੋਸ਼ਿਸ਼ ਨਾਲ ਬਲਰਾਜ ਨੂੰ 'ਬਦਨਾਮ' ਵਿਚ ਭੂਮਿਕਾ ਮਿਲੀ। ਪਰ ਉਹ ਫ਼ਿਲਮ ਵੀ ਅਸਫ਼ਲ ਰਹੀ ਜਿਸ ਕਾਰਨ ਉਸ ਦੀ ਆਰਥਿਕ ਹਾਲਤ ਡਾਵਾਂ ਡੋਲ ਹੋ ਗਈ। ਪਰ 'ਦੋ ਬਿਘਾ ਜ਼ਮੀਨ' ਦੀ ਸਫ਼ਲਤਾ ਨੇ ਉਸ ਨੂੰ ਗੁੰਮਨਾਮੀ ਦੀ ਦਲਦਲ ਵਿਚੋਂ ਇੱਕ ਵਾਰ ਫਿਰ ਸਾਲ 1953 ਵਿਚ ਬਾਹਰ ਕੱਢਿਆ। ਬਿਮਲ ਰਾਏ ਨੇ ਉਸ ਨੂੰ ਇਹ ਰੋਲ ਘਰੋਂ ਬੁਲਾ ਕੇ ਦਿੱਤਾ। ਇਸ ਫ਼ਿਲਮ ਲਈ ਵੀ ਬਲਰਾਜ ਨੇ ਬਹੁਤ ਮਿਹਨਤ ਕੀਤੀ। ਉਸ ਨੇ ਇਸ ਵਿਚ ਰਿਕਸ਼ੇ ਵਾਲੇ ਦਾ ਰੋਲ ਅਦਾ ਕਰਨਾ ਸੀ, ਇਸ ਲਈ ਬਲਰਾਜ ਨੇ ਰਿਕਸ਼ੇ ਵਾਲਿਆਂ ਦੇ ਜੀਵਨ 'ਤੇ ਡੂੰਘਾ ਅਧਿਐਨ ਕੀਤਾ ਤੇ ਰੋਜ਼ਾਨਾ ਖ਼ੁਦ ਰਿਕਸ਼ਾ ਚਲਾ ਕੇ ਆਪਣੇ ਆਪ ਨੂੰ ਇਸ ਰੋਲ ਲਈ ਤਿਆਰ ਕੀਤਾ। ਬਲਰਾਜ ਨੇ ਇਕ ਗੱਲ ਪੱਲੇ ਬੰਨ੍ਹ ਲਈ ਸੀ,

"ਜਿਸ ਕਿਰਦਾਰ ਨੂੰ ਤੁਸੀਂ ਖੇਡਣਾ ਹੈ ਜਿਤਨੇ ਤੁਸੀਂ ਉਸ ਨਾਲ ਇੱਕਮਿੱਕ ਹੋ ਜਾਵੋਗੇ ਉਤਨੇ ਹੀ ਕਾਮਯਾਬ ਹੋਵੋਗੇ"।

ਬਲਰਾਜ ਦੀ ਇਹ ਫ਼ਿਲਮ ਬਹੁਤ ਕਾਮਯਾਬ ਰਹੀ, ਪਰ ਉਸ ਦੀ ਆਰਥਿਕ ਸਥਿਤੀ ਉਸੇ ਤਰ੍ਹਾਂ ਹੀ ਰਹੀ। ਬਲਰਾਜ ਉਸ ਸਮੇਂ ਦੀਆਂ ਫ਼ਿਲਮਾਂ ਦੀ ਵੀ ਗੱਲ ਕਰਦਾ ਹੈ ਕਿ ਫ਼ਿਲਮਾਂ ਬਹੁਤ ਹੀ ਛੋਟੇ ਬਜਟ ਦੀਆਂ ਹੁੰਦੀਆਂ ਸਨ, ਮਸਾਂ ਹੀ ਤਿੰਨ ਚਾਰ ਲੱਖ ਦੀਆਂ, ਆਊਟਡੋਰ ਸ਼ੂਟਿੰਗ ਲਈ ਕੁੱਲੂ-ਕਸ਼ਮੀਰ ਜਾਂ ਲੰਡਨ ਪੈਰਿਸ ਜਾਣ ਦਾ ਰਿਵਾਜ਼ ਨਹੀਂ ਸੀ।

**7.2.8 ਪੂਰਬਲਿਆਂ ਪ੍ਰਤੀ ਸਤਿਕਾਰ :-** ਬਲਰਾਜ ਸਾਹਨੀ ਦਾ ਜੀਵਨ ਫਿਲਾਸਫ਼ੀ ਵਿਚ ਪੁਰਬਲਿਆਂ ਪ੍ਰਤੀ ਸਤਿਕਾਰ ਵੀ ਸ਼ਾਮਿਲ ਹੈ। ਭਾਵੇਂ ਉਹ ਰੱਬ ਵਿਚ ਵਿਸ਼ਵਾਸ ਨਹੀਂ ਸੀ ਕਰਦੇ, ਪਰ ਗੁਰੂ ਸਾਹਿਬਾਨ ਲਈ, ਉਨ੍ਹਾਂ ਦੇ ਦਿਲ ਵਿਚ ਬਹੁਤ ਸ਼ਰਧਾ ਸੀ, ਰਾਬਿੰਦਰ ਨਾਥ ਟੈਗੋਰ ਦੀ ਕਵਿਤਾ, ਟਾਲਸਟਾਏ ਦੀਆਂ ਲਿਖਤਾਂ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਉਹ ਬਹੁਤ ਪ੍ਰੇਮੀ ਅਤੇ ਸ਼ਰਧਾਲੂ ਸਨ। ਉਹਨਾਂ ਅੰਦਰ ਜਵਾਹਰ ਲਾਲ ਨਹਿਰ ਪ੍ਰਤੀ ਵੀ ਅਥਾਹ ਸ਼ਰਧਾ ਸੀ। ਉਹ ਅਕਸਰ ਕਹਿੰਦਾ ਰਹਿੰਦਾ ਸੀ ਕਿ, ਗਾਂਧੀ ਜੀ ਵੀ ਰੱਬ ਨੂੰ ਮੰਨਦੇ ਸਨ। ਮੈਂ ਨਹੀਂ ਮੰਨਦਾ, ਪਰ ਫੇਰ ਵੀ ਉਨ੍ਹਾਂ ਦੀ ਮਹਾਨ ਅਤੇ ਪਵਿੱਤਰ ਸ਼ਖ਼ਸੀਅਤ ਦਾ ਅਤੇ ਉਨ੍ਹਾਂ ਦੇ ਮਨੁੱਖੀ ਪਿਆਰ ਦਾ ਆਸ਼ਕ ਹੀ ਨਹੀਂ ਪੁਜਾਰੀ ਵੀ ਹਾਂ।

"ਉਸ ਸਮੇਂ ਦੀਆਂ ਦੋ ਸਿਖਰ ਹਸਤੀਆਂ ਗਾਂਧੀ ਜੀ ਤੇ ਮਹਾਂਕਵੀ ਟੈਗੋਰ ਸਨ। ਬਲਰਾਜ, ਰੋਸ਼ਨੀ ਦੇ ਜਾਚਕ, ਗਾਂਧੀ ਜੀ ਦੇ ਸੇਵਾ ਗਰਾਮ ਆਸ਼ਰਮ ਵਿਚ ਵੀ ਰਿਹਾ। ਇਹਨਾਂ ਦੋਹਾਂ ਮਹਾਨ ਆਤਮਾਵਾਂ ਦੇ ਅਦੁੱਤੀ ਅਸਰਾਂ ਹੇਠ ਉਸ ਨੇ ਆਪਣੀ ਸ਼ਖ਼ਸੀਅਤ ਨੂੰ ਮਾਲਾਮਾਲ ਕੀਤਾ"।

**7.2.9 ਸਿੱਟਾ:** ਬਲਰਾਜ ਵਰਗੀ ਸ਼ਾਨਦਾਰ ਸ਼ਖ਼ਸੀਅਤ ਸਦੀਆਂ ਵਿੱਚ ਕਦੇ ਆਉਂਦੀ ਹੈ। ਉਹ ਪੰਜਾਬੀ ਦਾ ਨਿਰਾ ਪ੍ਰਤਿਭਾ ਭਰਪੂਰ ਨਿਰਾਲਾ ਲੇਖਕ ਹੀ ਨਹੀਂ, ਉਹ ਪੰਜਾਬੀ ਬੋਲੀ ਤੇ ਪੰਜਾਬੀਅਤ ਦਾ ਅਤਿ ਸੁਹਿਰਦ ਤੇ ਸਮਰੱਥ ਪਰਚਾਰਕ ਵੀ ਸੀ। ਉਹ ਪੱਛਮੀ ਤੇ ਪੂਰਬੀ ਪੰਜਾਬ ਦਾ ਪਿਆਰਾ ਹੋਣ ਕਰਕੇ ਦੋਹਾਂ ਲੋਕ-ਨਦੀਆਂ ਦਾ ਸੰਗਮ ਸੀ। ਉਹ ਹਿੰਦੂ, ਸਿੱਖਾਂ ਵਿਚ ਅਤਿ ਲੋੜੀਂਦੇ ਸਮਝੌਤੇ ਦਾ ਹੋਣਦਾਰ ਪੁਲ ਸੀ। ਉਹ ਨੌਜਵਾਨਾਂ ਦੀਆਂ ਜੀਵਨ ਤਾਂਘਾਂ ਦਾ ਧਰੂ ਸੀ, ਉਹ ਮਨੁੱਖੀ ਚਰਿਤ੍ਰ ਦਾ ਚਮਕਦਾ ਸਿਤਾਰਾ ਸੀ। ਉਹ ਅੱਖਾਂ ਮੀਟ ਕੇ ਕਿਸੇ ਗੱਲ ਨੂੰ ਨਹੀਂ ਸੀ ਮੰਨਦਾ, ਉਹ ਜੀਵਨ ਨੂੰ ਘੋਖਦਾ ਸੀ ਅਤੇ ਦਲੀਲ 'ਤੇ ਖਰਾ ਉਤਾਰਣ ਦਾ ਯਤਨ ਕਰਦਾ ਸੀ। ਜਿਉਂ-ਜਿਉਂ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰਕ ਪ੍ਰਫੁੱਲਤ ਹੋਣਗੇ, ਬਲਰਾਜ ਸਾਹਨੀ ਦੀਆਂ ਰਚਨਾਵਾਂ ਦੀ ਮਹੱਤਤਾ ਹੋਰ ਵੀ ਵੱਧਦੀ ਜਾਵੇਗੀ। ਇਹ ਉਹ ਮਹਾਨ ਪੰਜਾਬੀ ਸੀ ਜੋ ਆਪਣੇ ਆਖ਼ਰੀ ਸਵਾਸ ਤੱਕ ਪੰਜਾਬੀ ਤਹਿਜ਼ੀਬ ਨੂੰ ਰੋਸ਼ਨ ਕਰਨ ਲਈ ਜੂਝਿਆ। ਬਲਰਾਜ ਸਾਹਨੀ ਦਾ ਸਥਾਨ ਪੰਜਾਬੀ ਸਾਹਿਤ ਵਿਚ ਸਦਾ ਲਈ ਨਿਸ਼ਚਿਤ ਹੈ। ਉਹ ਪੰਜਾਬੀ ਸਭਿਆਚਾਰ ਦੇ ਸਰਵੋਤਮ ਅਭਿਵਿਅਕਤੀਕਾਰ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਰਹੇਗਾ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. "'ਮੇਰੀ ਫ਼ਿਲਮੀ ਆਤਮ ਕਥਾ' ਵਿੱਚੋਂ ਬਲਰਾਜ ਸਾਹਨੀ ਦਾ ਸਕਾਰਾਤਮਕ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ"। ਕਿਵੇਂ?
2. "'ਮੇਰੀ ਫ਼ਿਲਮੀ ਆਤਮ ਕਥਾ' ਦੇ ਆਧਾਰ ਤੇ ਬਲਰਾਜ ਸਾਹਨੀ ਦੀ ਮਾਰਕਸਵਾਦੀ ਵਿਚਾਰਧਾਰਾ ਬਾਰੇ ਚਰਚਾ ਕਰੋ।
3. "'ਮੇਰੀ ਫ਼ਿਲਮੀ ਆਤਮ ਕਥਾ' ਵਿੱਚੋਂ ਬਲਰਾਜ ਸਾਹਨੀ ਦਾ ਯਥਾਰਥਵਾਦੀ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ"। ਸਪੱਸ਼ਟ ਕਰੋ।
4. "'ਮੇਰੀ ਫ਼ਿਲਮੀ ਆਤਮ ਕਥਾ' ਦੇ ਆਧਾਰ ਤੇ ਬਲਰਾਜ ਸਾਹਨੀ ਦੀ ਮਾਨਵਵਾਦੀ ਵਿਚਾਰਧਾਰਾ ਬਾਰੇ ਚਰਚਾ ਕਰੋ।

## ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-8**

**ਮੇਰੀ ਫ਼ਿਲਮੀ ਆਤਮ ਕਥਾ: ਅਧਿਐਨ ਦ੍ਰਿਸ਼ਟੀ**

8. ਮੇਰੀ ਫ਼ਿਲਮੀ ਆਤਮ ਕਥਾ: ਅਧਿਐਨ ਦ੍ਰਿਸ਼ਟੀ

8.1 ਭੂਮਿਕਾ

8.2 ਇਸ ਰਚਨਾ ਦੀਆਂ ਬ੍ਰਿਤਾਂਤ ਜੁਗਤਾਂ

8.2.1 ਦ੍ਰਿਸ਼-ਚਿਤਰਣ ਵਿਧੀ

8.2.2 ਪਿੱਛਲ ਝਾਤ

8.2.3 ਟਰੈਕਿੰਗ ਦੀ ਫਿਲਮੀ ਸ਼ੈਲੀ

8.2.4 ਸਵੈ-ਜੀਵਨੀ ਦਾ ਪਾਤਰ

8.2.5 ਉਦੇਸ਼

8.2.6 ਸਾਹਿਤਕ ਤੇ ਠੇਠ ਭਾਸ਼ਾ

8.3 ਕਮਜ਼ੋਰੀਆਂ

# ਮੇਰੀ ਫ਼ਿਲਮੀ ਆਤਮ ਕਥਾ: ਅਧਿਐਨ ਦ੍ਰਿਸ਼ਟੀ

ਪਿਆਰੇ ਵਿਦਆਰਥੀਓ ! 'ਮੇਰੀ ਫ਼ਿਲਮੀ ਆਤਮ ਕਥਾ' ਬਲਰਾਜ ਸਾਹਨੀ ਦੀ ਸੰਪੂਰਨ ਆਤਮ ਕਥਾ ਨਹੀਂ ਹੈ। ਇਸ ਵਿਚ ਉਹਨਾਂ ਨੇ 1955 ਤੱਕ ਦੇ ਆਪਣੇ ਜੀਵਨ ਬਿਉਰੇ ਦਿੱਤੇ ਹਨ। ਜਿਸ ਵਿਚੋਂ ਉਸ ਦਾ ਅਲਬੇਲਾ ਜੀਵਨ ਬਿੰਬ ਉੱਭਰਦਾ ਹੈ ਕਿ ਕਈ ਉਤਰਾਵਾਂ ਤੇ ਚੜ੍ਹਾਵਾਂ ਦਾ ਸਾਹਮਣਾ, ਉਸ ਨੇ ਬੜੀ ਜ਼ਿੰਦਾਦਿਲੀ ਨਾਲ ਕੀਤਾ। ਫ਼ਿਲਮੀ ਆਤਮ ਕਥਾ ਪੜ੍ਹਨ ਉਪਰੰਤ ਇਹ ਵੀ ਪਤਾ ਚਲਦਾ ਹੈ ਕਿ ਬਲਰਾਜ ਜਿੱਥੇ ਵੱਡਾ ਫ਼ਿਲਮ ਅਭਿਨੇਤਾ ਸੀ ਉਸ ਦੇ ਨਾਲ ਸਫ਼ਲ ਲਿਖਾਰੀ ਵੀ। ਉਸ ਦੇ ਉਪਰ ਕਈ ਮਹਾਨ ਹਸਤੀਆਂ ਦਾ ਪ੍ਰਭਾਵ ਵੀ ਸੀ।

ਬਲਰਾਜ ਦੀ ਵਾਰਤਕ ਦੀ ਭਾਸ਼ਾ ਠੇਠ, ਸਰਲ, ਮੁਹਾਵਰੇਦਾਰ, ਭਾਵ ਭਰਪੂਰ, ਸਰਲ ਤੇ ਮਟਕੀਲੀ ਹੁੰਦੀ ਹੈ। ਇਸ ਵਾਰਤਕ ਵਿਚ ਜੋਬਨ ਵੀ ਹੈ ਤੇ ਸਿਆਣਪ ਵੀ, ਰੰਗ ਵੀ ਹੈ ਤੇ ਰਹੱਸ ਵੀ। ਬਲਰਾਜ ਲਿਖਦੇ ਸਮੇਂ ਕਈ ਨਿੱਕੇ ਨਿੱਕੇ ਵਾਕ ਵੀ ਲਿਖਦੇ ਹਨ ਜੋ ਬਹੁਤ ਵੱਡੇ ਵੱਡੇ ਅਰਥ ਰੱਖਦੇ ਹਨ।

8.1 **ਭੂਮਿਕਾ**: ਪਿਆਰੇ ਵਿਦਆਰਥੀਓ ! 'ਮੇਰੀ ਫ਼ਿਲਮੀ ਆਤਮ ਕਥਾ' ਵਾਰਤਕ ਰਚਨਾ ਇਕ ਤਰ੍ਹਾਂ ਨਾਲ ਲੇਖਕ ਦੀ ਸਵੈਜੀਵਨੀ ਦਾ ਉਪ-ਰੂਪ ਹੈ, ਜਿਸ ਵਿਚ ਉਸ ਨੇ ਆਪਣੇ ਫਿਲਮੀ ਜੀਵਨ ਦੇ ਅਨੁਭਵਾਂ ਨੂੰ ਅੰਕਿਤ ਕੀਤਾ ਹੈ। ਇਸ ਰਚਨਾ ਦਾ ਕੈਨਵਸ ਕਾਫ਼ੀ ਵਿਸ਼ਾਲ ਹੈ। ਇਸ ਵਿਚ ਨਾ ਕੇਵਲ ਨਿੱਜੀ ਅਨੁਭਵ ਨੂੰ ਬਿਆਨ ਕੀਤਾ ਗਿਆ ਹੈ, ਸਗੋਂ ਫਿਲਮੀ ਸੰਸਾਰ ਨਾਲ ਵੀ ਕੁਝ ਹੱਦ ਤੱਕ ਪ੍ਰੀਚੈ ਕਰਵਾਇਆ ਹੈ। ਉਹ ਇਸ ਰਚਨਾ ਵਿਚ ਆਪਣੇ ਸਹਿਕਰਮੀਆਂ ਨਾਲ ਹੰਢਾਏ ਦਿਨਾਂ ਦੀਆਂ ਯਾਦਾਂ ਨੂੰ ਵੀ ਤਾਜ਼ਾ ਕਰਦਾ ਹੈ। ਜਿਵੇਂ ਸਵਰਗੀ ਕਾਮੇਡੀਅਨ ਰਾਧਾ-ਕ੍ਰਿਸ਼ਨ, ਭਗਵਾਨ ਦਾਦਾ ਨਾਲ ਜੁੜੀਆਂ ਯਾਦਾਂ। ਉਹ ਆਪਣੇ ਜੀਵਨ ਕਾਲ ਵਿਚ ਰੂਸੀ ਫਿਲਮਾਂ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ। ਇਸੇ ਪ੍ਰਭਾਵ ਨੂੰ ਉਸ ਨੇ ਆਪਣੀ ਫਿਲਮੀ ਆਤਮ ਕਥਾ ਦਾ ਅੰਗ ਬਣਾਇਆ ਹੈ। ਇਕ ਵਿਦਵਾਨ ਨੇ ਠੀਕ ਹੀ ਆਖਿਆ ਹੈ ਕਿ 256 ਪੰਨਿਆਂ ਵਿਚ ਵੰਡੀ ਬਲਰਾਜ ਸਾਹਨੀ ਦੀ ਸੁੰਦਰ ਸਵੈ-ਜੀਵਨੀ 'ਮੇਰੀ ਫਿਲਮੀ ਆਤਮ-ਕਥਾ' ਵਿਚ ਉਸ ਨੇ ਆਪਣੀ ਜ਼ਿੰਦਗੀ ਵਿਚ ਵਾਪਰੇ ਕੁਝ ਅਹਿਮ ਹਾਦਸਿਆਂ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਬਿਆਨ ਕਰਨ ਦਾ ਯਤਨ ਕੀਤਾ ਹੈ। ਜੀਵਨ ਦੇ ਨਿੱਕੇ ਵੱਡੇ ਵੇਰਵਿਆਂ, ਮੋੜਾਂ ਅਤੇ ਹਾਦਸਿਆਂ ਦੀ ਇਹ ਚੋਣ-ਬਲਰਾਜ ਸਾਹਨੀ ਨੇ ਬਹੁਤ ਹੀ ਚੇਤੰਨ ਹੋ ਕੇ ਕੀਤੀ ਹੈ ਅਤੇ ਇਹ ਸਵੈ-ਜੀਵਨੀ ਰੂਪਾਕਾਰ ਦੇ ਐਨ ਅਨੁਕੂਲ ਵੀ ਹੈ, ਕਿਉਂਕਿ ਸਵੈ-ਜੀਵਨੀ ਵਿਚ ਲੇਖਕ ਦਾ ਹਰ ਜੀਵਨਗਤ ਵੇਰਵਾ ਸ਼ਾਮਿਲ ਨਹੀਂ ਕੀਤਾ ਜਾ ਸਕਦਾ।

8.2 **ਇਸ ਰਚਨਾ ਦੀਆਂ ਬ੍ਰਿਤਾਂਤ ਜੁਗਤਾਂ :-** ਬਲਰਾਜ ਸਾਹਨੀ ਦੀ ਰਚਨਾ 'ਮੇਰੀ ਫ਼ਿਲਮੀ ਆਤਮਕਥਾ' ਵਿਚ ਕਿਸੇ ਇਕ ਵਿਸ਼ੇਸ਼ ਜੁਗਤ ਦੀ ਵਰਤੋਂ ਨਹੀਂ ਕੀਤੀ ਗਈ, ਸਗੋਂ ਇਸ ਵਿਚ ਕਈ ਜੁਗਤਾਂ ਦੀ ਵਰਤੋਂ ਦਾ ਮਿਸ਼ਰਣ ਵੇਖਣ ਨੂੰ ਮਿਲਦਾ ਹੈ। ਹੇਠਾਂ ਅਸੀਂ ਇਸ ਬਾਰੇ ਵਿਚਾਰ ਕਰ ਰਹੇ ਹਾਂ :

8.2.1 **ਦ੍ਰਿਸ਼-ਚਿਤਰਣ ਵਿਧੀ :-** ਸਵੈ-ਜੀਵਨੀ ਇਕ ਤਰ੍ਹਾਂ ਨਾਲ ਹੰਢਾਏ ਗਏ ਅਨੁਭਵਾਂ ਦੀ ਐਲਬਮ ਹੁੰਦੀ ਹੈ। ਇਸ ਵਿਚ ਲੇਖਕ ਹੰਢਾਏ ਵਰਤੇ ਗਏ ਅਨੁਭਵਾਂ ਅਤੇ ਔਖੇ ਸਮੇਂ ਦੇ ਸੰਘਰਸ਼ਾਂ , ਸਫ਼ਲਤਾਵਾਂ- ਅਸਫ਼ਲਤਾਵਾਂ ਆਦਿ ਦੀਆਂ ਕਲਮੀ ਤਸਵੀਰਾਂ ਨੂੰ ਇਕੱਠਿਆਂ ਕਰਦਾ ਹੈ।'ਮੇਰੀ ਫ਼ਿਲਮੀ ਆਤਮਕਥਾ' ਵਿਚ ਵੀ ਲੇਖਕ ਨੇ ਇਸ ਬਿਰਤਾਂਤ ਜੁਗਤ ਦੀ ਵਰਤੋਂ ਆਪਣੇ ਬਿਰਤਾਂਤ ਨੂੰ ਉਸਾਰਨ ਲਈ ਬਹੁਤ ਥਾਵਾਂ ਉੱਤੇ ਕੀਤੀ ਹੈ। ਇਕ ਕੈਮਰੇ ਦੀ ਅੱਖ ਵਾਂਗ ਲੇਖਕ ਨੇ ਜੋ ਕੁਝ ਹੰਢਾਇਆ ਹੈ, ਉਸ ਨੂੰ ਕਲਮ ਦੇ ਹਵਾਲੇ ਕੀਤਾ ਹੈ।

"ਚੈਂਬੂਰ ਦਾ ਇਲਾਕਾ। ਸਟੂਡੀਓ ਦਾ ਮੇਕ-ਅੱਪ-ਰੂਮ। ਮੇਕ-ਅੱਪ-ਮੈਨ ਨੇ, ਰੀਤ ਅਨੁਸਾਰ, ਮੇਕ-ਅੱਪ ਦਾ ਪਹਿਲਾ ਟਿੱਕਾ ਸ਼ੀਸ਼ੇ ਨੂੰ ਲਾਇਆ, ਫੇਰ ਮੇਰਾ ਮੇਕ-ਅੱਪ ਸ਼ੁਰੂ ਕੀਤਾ। ਹੁਣ ਇਹ ਖਤਮ ਹੋ ਚੁੱਕਿਆ ਹੈ। ਸਿਰਫ ਵਾਲਾਂ ਨੂੰ

ਕਾਲਾ ਕਰਨਾ ਬਾਕੀ ਰਹਿ ਗਿਆ ਹੈ। ਮਹੀਨੇ ਡੇਢ ਤੋਂ ਮੈਂ ਖਿਜ਼ਾਬ ਇਸਤੇਮਾਲ ਨਹੀਂ ਕੀਤਾ। ਏਸ ਲਈ ਬੁਰਸ਼ ਨਾਲ ਕਾਲੀ ਪੈਨਸਿਲ ਘੂਹ-ਘੂਹ ਕੇ ਵਾਲਾਂ ਉਪਰ ਫੇਰ ਰਿਹਾ ਹਾਂ, ਜੋ ਕਿ ਬੜੇ ਟੰਟੇ ਵਾਲਾ ਕੰਮ ਹੈ"।

ਪਾਤਰਾਂ ਦੇ ਚਰਿੱਤਰ-ਚਿੱਤਰਣ ਸੰਬੰਧੀ ਜੁਗਤ ਦੀ ਵਰਤੋਂ ਵਿਚ ਸ਼ਾਇਦ ਇਸ ਲਈ ਵੀ ਲੇਖਕ ਵੀਨ ਹੈ, ਕਿਉਂਕਿ ਉਸ ਨੇ ਨਾਟਕ ਵੀ ਲਿਖਿਆ ਅਤੇ ਖੁਦ ਨਾਟਕਾਂ ਅਤੇ ਸਿਨੇਮੇ ਵਿਚ ਕਈ ਕਿਸਮ ਦੇ ਕਿਰਦਾਰ ਨਿਭਾਏ ਹਨ। 'ਮੇਰੀ ਫ਼ਿਲਮੀ ਆਤਮਕਥਾ' ਵਿਚੋਂ ਇਸ ਜੁਗਤ ਦੀ ਵਰਤੋਂ ਦੀਆਂ ਬਹੁਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

"ਕਮਰੇ ਦੀ ਇਕ ਦੀਵਾਰ ਨਾਲ, ਉਸ ਦੀ ਪੂਰੀ ਲੰਬਾਈ ਜਿਤਨਾ, ਗੁਦਾਜ਼, ਲਾਲ ਰੰਗ ਦਾ ਦੀਵਾਨ ਲੱਗਾ ਹੋਇਆ ਹੈ, ਜਿਵੇਂ ਏਅਰ ਕੰਡੀਸ਼ੰਡ ਰੇਲਵੇ ਕੰਪਾਰਟਮੈਂਟ ਵਿਚ ਵੇਖੀਦਾ ਹੈ। ਕੰਪਾਰਟਮੈਂਟ ਦੀ ਬਾਰੀ ਵਾਲੀ ਥਾਂ ਵੱਡਾ ਸਾਰਾ ਚੌਰਸ ਸ਼ੀਸ਼ਾ ਲੱਗਾ ਹੋਇਆ ਹੈ, ਜਿਸ ਦੇ ਅਗੇ ਮੈਂ ਵਾਲ ਕਾਲੇ ਕਰਨ ਦਾ ਕੰਮ ਕਰੀਬ-ਕਰੀਬ ਮੁਕੰਮਲ ਕਰ ਚੁੱਕਿਆ ਹਾਂ। ਸ਼ੀਸ਼ੇ ਦੇ ਆਸ-ਪਾਸ, ਉੱਪਰ-ਥੱਲੇ, ਤੇਜ਼ ਬਲਬ ਜਗ ਰਹੇ ਹਨ। ਮੇਕ-ਅੱਪ ਦੇ ਸਾਮਾਨ ਆਦਿ ਲਈ ਸ਼ੈਲਫ ਅਤੇ ਖਾਨੇ ਵੀ ਬਣੇ ਹੋਏ ਹਨ। ਦੀਵਾਨ ਦੇ ਸਾਹਮਣੇ ਵਾਲੀ ਦੂਜੀ ਕੰਧ ਖਾਲੀ ਹੈ- ਸਿਵਾਏ ਕੱਪੜੇ ਟੰਗਣ ਲਈ ਲਗਾਏ ਇਕ ਡੰਡੇ ਅਤੇ ਨਿਕਸੁਕ ਧਰਨ ਵਾਲੇ ਨਿੱਕੇ ਜਿਹੇ ਸ਼ੈਲਫ ਦੇ, ਇਹ ਖਾਲ-ਮੁਖਾਲੀ ਕੰਧ ਕਮਰੇ ਦੀ ਮੌਜੂਦਾ ਤਰਸ-ਯੋਗ ਹਾਲਤ ਨੂੰ ਬਿਆਨ ਕਰ ਰਹੀ ਹੈ। ਗੰਦਗੀ ਤੇ ਮੈਲ ਦੀਆਂ ਤੈਹਾਂ ਇਸ ਤਰ੍ਹਾਂ ਚੜ੍ਹੀਆਂ ਹੋਈਆਂ ਹਨ, ਜਿਵੇਂ ਕਿਸੇ ਗਿੱਲੀ ਕਿਤਾਬ ਦੇ ਸਾਰੇ ਸਫੇ ਜੁੜ ਜਾਣ ਅਤੇ ਹੇਠਲੀ ਇਬਾਰਤ ਉਤਲੀ ਨਾਲ ਰਲਗੱਡ ਹੋ ਜਾਵੇ, ਜਾਂ ਜਿਵੇਂ ਕੋਈ ਅੱਜ-ਕੱਲ੍ਹ ਦੇ ਫੈਸ਼ਨ ਦਾ ਚਿੱਤ੍ਰਕਾਰ ਖਾਹਮਖਾਹ ਕੈਨਵਸ ਉਪਰ ਰੰਗ ਦੇ ਛੱਟੇ ਮਾਰਦਾ ਗਿਆ ਹੋਵੇ ਕਿ ਆਪ-ਮੁਹਾਰੇ ਕੋਈ ਨਾ ਕੋਈ ਸ਼ਕਲ ਉਭਰ ਆਵੇਗੀ"।

**8.2.2 ਪਿੱਛਲ ਝਾਤ :-** ਪਿੱਛਲ ਝਾਤ ਨੂੰ Flash Back ਕਹਿੰਦੇ ਹਨ। ਇਹ ਇਕ ਹੋਰ ਜੁਗਤ ਹੈ ਜਿਸ ਦਾ ਪ੍ਰਯੋਗ ਵੀ ਇਸ 'ਮੇਰੀ ਫ਼ਿਲਮੀ ਆਤਮਕਥਾ' ਦੇ ਬ੍ਰਿਤਾਂਤ ਵਰਣਨ ਸਮੇਂ ਹੋਇਆ ਹੈ। ਇਕ ਆਲੋਚਕ ਨੇ ਤਾਂ ਇੱਥੋਂ ਤਕ ਕਿਹਾ ਹੈ ਕਿ ਉਸ ਦੁਆਰਾ ਥਾਂ-ਥਾਂ 'ਤੇ ਵਰਤੀ ਗਈ ਪਿੱਛਲ-ਝਾਤ (Flash Back) ਵਿਧੀ ਫਿਲਮ ਟੈਕਨੀਕ ਦਾ ਹੀ ਇੱਕ ਹਿੱਸਾ ਹੈ। ਇਸ ਨਾਲ ਕਿਤਾਬ ਦਾ ਆਕਾਰ ਭਾਵੇਂ ਕਾਫ਼ੀ ਵੱਧ ਗਿਆ ਹੈ ਫਿਰ ਵੀ ਇਹ ਪਿਛਲ-ਝਾਤਾਂ ਬਹੁਤ ਜ਼ਰੂਰੀ ਹਨ, ਕਿਉਂਕਿ ਇਸ ਵਿਧੀ ਦੀ ਵਰਤੋਂ ਨਾਲ ਲੇਖਕ ਗੁਜਰੇ ਜਾਂ ਬੀਤੇ ਜ਼ਮਾਨੇ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੰਦਾ ਹੈ।

"27 ਅਪ੍ਰੈਲ 1947 ਨੂੰ ਦੰਮੋ ਦੀ ਮ੍ਰਿਤੂ ਹੋਈ। 15 ਅਗਸਤ 1947 ਨੂੰ ਪੰਜਾਬ ਟੁਕਿਆ ਗਿਆ। ਸਾਡਾ ਸਾਰਾ ਪਰਿਵਾਰ ਪਿੰਡੀਓਂ ਉਜੜ ਕੇ ਥਾਂ-ਥਾਂ ਬਿਖਰ ਗਿਆ। ਮੇਰਾ ਤਾਸ਼ ਦਾ ਘਰ ਢਹਿ ਕੇ ਢੇਰੀ ਹੋ ਗਿਆ"।

"ਫਿਲਮਾਂ ਵਿਚ ਇਕ ਚੀਜ਼ ਨੂੰ 'ਫਲੈਸ਼-ਬੈਕ' ਆਖਦੇ ਹਨ, ਅਰਥਾਤ ਵਰਤਮਾਨ ਤੋਂ ਭੂਤਕਾਲ ਵਿਚ ਛਾਲ ਮਾਰ ਜਾਣਾ। ਅਤੇ 'ਫਲੈਸ਼-ਬੈਕ' ਤਾਂ ਹੀ ਸਫਲ ਹੁੰਦਾ ਹੈ, ਜੇ ਵਰਤਮਾਨ ਦੇ ਡਰਾਮੇ ਦਾ ਦਰਸ਼ਕਾਂ ਨੂੰ ਚੋਖਾ ਅਹਿਸਾਸ ਕਰਾ ਦਿੱਤਾ ਜਾਏ। ਫੇਰ, ਉਹਨਾਂ ਨੂੰ ਉਂਗਲੀ ਲਾ ਕੇ ਭੂਤ, ਭਵਿੱਖ ਕਿਤੇ ਵੀ ਫਿਰਾਇਆ ਜਾ ਸਕਦਾ ਹੈ। ਆਪਣੀ ਫਿਲਮੀ ਜੀਵਨ-ਕਥਾ ਦਾ 'ਫਲੈਸ਼-ਬੈਕ' ਸ਼ੁਰੂ ਕਰਨ ਤੋਂ ਪਹਿਲਾਂ ਆਓ ਜ਼ਰਾ ਵਰਤਮਾਨ ਦੇ ਗੁਲਜ਼ਾਰ ਵਿਚ ਥੋੜਾ ਟਹਿਲ ਲਈਏ"।

**8.2.3 ਟਰੈਕਿੰਗ ਦੀ ਫਿਲਮੀ ਸ਼ੈਲੀ :-** ਕਈ ਥਾਵਾਂ ਉੱਤੇ ਲੇਖਕ ਨੇ ਟਰੈਕਿੰਗ ਦੀ ਫਿਲਮੀ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ । ਅਜਿਹੀ ਵਰਤੋਂ ਨਾਲ ਜਿੱਥੇ ਦ੍ਰਿਸ਼ ਚਿਤਰਣ ਦੀ ਗੱਲ ਚਲਦੀ ਅਨੁਭਵ ਹੁੰਦੀ ਹੈ ਉੱਥੇ ਕੁਝ ਥਾਵਾਂ ਉੱਤੇ ਬੀਤੇ ਦਿਨਾਂ ਦੀਆਂ ਘਟਨਾਵਾਂ ਵੀ ਸਾਕਾਰ ਹੁੰਦੀਆਂ ਹਨ। ਉਹ ਹਰ ਗੱਲ ਵਿੱਚੋਂ ਸਕਾਰਾਤਮਕਤਾ ਲੱਭਦਾ ਸੀ। ਸ਼ੁਰੂਆਤੀ ਸਮੇਂ ਦੇ ਸੰਘਰਸ਼ ਦੌਰਾਨ ਦੀਆਂ ਘਟਨਾਵਾਂ ਅਤੇ ਯਾਦਾਂ ਨੂੰ ਟਰੈਕਿੰਗ ਦੀ ਫਿਲਮੀ ਸ਼ੈਲੀ ਦੀ ਜੁਗਤ ਦੀ ਵਰਤ ਕਰਦਿਆਂ ਦੱਸਿਆ ਹੈ:

"ਮੈਨੂੰ ਸੱਤ ਵਜੇ ਦਾ ਟਾਈਮ ਦਿੱਤਾ ਗਿਆ ਸੀ, ਪਰ ਸਟੂਡੀਉ ਜਾ ਕੇ ਪਤਾ ਲੱਗਾ ਕਿ ਸ਼ਿਫਟ ਨੌਂ ਵਜੇ ਸ਼ੁਰੂ ਹੋਵੇਗੀ। ਇਤਨਾ ਪਹਿਲੇ ਕਿਉਂ ਬੁਲਾ ਲਿਆ ਗਿਆ ਮੈਨੂੰ? ਅੱਠ ਵਜੇ ਤੱਕ ਤਾਂ ਫ਼ਨੀਦਾ ਦੇ ਸਹਾਇਕਾਂ ਨੇ ਵੀ ਦਰਸ਼ਨ ਨਾ ਦਿੱਤੇ। ਪਰ ਮੈਂ ਇਸ ਗੱਲ 'ਤੇ ਗੌਰ ਨਾ ਕੀਤਾ- ਪਹਿਲੀ ਸ਼ੂਟਿੰਗ ਦਾ ਚਾਅ ਜੋ ਸੀ, ਅਸਲ ਵਿਚ ਅਜਿਹੇ ਅਪਮਾਨ ਛੋਟੇ ਕਲਾਕਾਰਾਂ ਦਾ ਦਿਮਾਗ ਠੀਕ ਥਾਂ ਰੱਖਣ ਲਈ ਕੀਤੇ ਜਾਂਦੇ ਸਨ"।

ਉਸਨੇ ਇਹੀ ਜੁਗਤ ਆਪਣੇ ਸਫ਼ਰਨਾਮਿਆਂ ਵਿੱਚ ਵੀ ਵਰਤੀ ਹੈ। ਉਦਾਹਰਨ ਦੇ ਤੌਰ ਤੇ ਉਸਦਾ 'ਮੇਰਾ ਰੂਸੀ ਸਫ਼ਰਨਾਮਾ' ਲਿਆ ਜਾ ਸਕਦਾ ਹੈ। ਬਲਰਾਜ ਸਾਹਨੀ ਪਹਿਲੀ ਵਾਰ 1957 ਵਿਚ ਰੂਸ ਗਿਆ ਸੀ ਇਸ ਲਈ ਉਸ ਸਮੇਂ ਵਾਪਰੀਆਂ ਘਟਨਾਵਾਂ ਅਤੇ ਯਾਦਾਂ ਨੂੰ ਟਰੈਕਿੰਗ ਦੀ ਫਿਲਮੀ ਸ਼ੈਲੀ ਦੀ ਜੁਗਤ ਦੀ ਵਰਤ ਕਰਦਿਆਂ ਦੱਸਿਆ ਹੈ 1947 ਵਿਚ "ਪਰਦੇਸੀ" ਦੀ ਸ਼ੂਟਿੰਗ ਤੇ ਆਉਣ ਵੇਲੇ ਮੈਂ ਫੇਰ ਉਸ ਨੂੰ ਮਿਲਿਆ ਸੀ। ਅਭੁੱਲ ਸ਼ਾਮ ਗੁਜ਼ਾਰੀ ਸੀ ਇਕ, ਨਤਾਸ਼ਾ, ਈਨਾ, ਸ਼ੀਲਾ, ਭੀਸ਼ਮ ਅਤੇ ਮੈਂ ਕਰੈਮਲਿਨ ਦੀਆਂ ਸੁਰਖ ਦੀਵਾਰਾਂ ਹੇਠ। ਮੇਰਾ ਵੀਰ ਉਦੋਂ ਬਦੇਸ਼ੀ ਪ੍ਰਕਾਸ਼ਨ ਗ੍ਰਹਿ ਵਿਚ ਮੁਲਾਜ਼ਮਤ ਕਰਨ ਲਈ ਨਵਾਂ-ਨਵਾਂ ਹਿੰਦੁਸਤਾਨੋਂ ਆਇਆ ਸੀ। ਨਤਾਸ਼ਾ ਨੂੰ ਪ੍ਰੋਫੈਸਰ ਮੋਹਨ ਸਿੰਘ ਦੀਆਂ ਕਿਤਨੀਆਂ ਹੀ ਕਵਿਤਾਵਾਂ ਜ਼ੁਬਾਨੀ ਯਾਦ ਸਨ, ਜੋ ਨਿਰਝੱਕ ਹੋ ਕੇ ਸਾਨੂੰ ਸੁਣਾਉਂਦੀ -ਰਲੀ ਗਈ : "ਸੋਨ ਖੰਭ ਲਾ ਕੇ ਤੇਰੀ ਯਾਦ ਆਈ ....." "ਠਿਪ ਨਿਪ ਤਿਪ ਨਿਪ ਮੈਂ ਤੇ ਖਿਧ ਇਕ ਮਿਕ " ਅਤੇ ਕਿਤਨੀਆਂ ਹੋਰ।

8.2.4 **ਸਵੈ-ਜੀਵਨੀ ਦਾ ਪਾਤਰ :** ਸਵੈ-ਜੀਵਨੀ ਦਾ ਪਾਤਰ ਕੋਈ ਅਧਿਕਾਰੀ ਵਿਅਕਤੀ ਹੀ ਹੋ ਸਕਦਾ ਹੈ ਜੋ ਪ੍ਰਤਿਭਾਸ਼ਾਲੀ ਹੋਵੇ। ਬਹੁਤ ਘੱਟ ਇਨਸਾਨ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਦੀਆਂ ਪੈੜਾਂ ਸਮਾਂ ਬੀਤਣ ਬਾਅਦ ਵੀ ਕਾਇਮ ਰਹਿੰਦੀਆਂ ਹਨ। ਸ੍ਵੈ-ਜੀਵਨੀਕਾਰ ਕੋਈ ਚੇਤੰਨ ਕਲਾਕਾਰ, ਅਨੁਭਵੀ ਅਤੇ ਸੁਹਿਰਦ ਪੁਰਸ਼ ਹੀ ਹੋ ਸਕਦਾ ਹੈ। ਸ੍ਵੈ-ਜੀਵਨੀ ਵਿਚ ਵਿਅਕਤੀ ਤੇ ਉਸ ਦਾ ਵਿਅਕਤਿਤਵ ਪ੍ਰਮੁੱਖ ਹੈ ਅਤੇ ਘਟਨਾਵਾਂ ਪਿੱਛੇ ਰਹਿੰਦੀਆਂ ਹਨ। ਜ਼ਿੰਦਗੀ ਦੇ ਵਿਸ਼ਾਲ ਸਫ਼ਰ ਵਿਚੋਂ ਚੋਣਵੇਂ ਅੰਸ਼ਾਂ ਨੂੰ ਇਕੱਠੇ ਕਰਕੇ ਅਧਿਕਾਰੀ ਸਾਹਿਤਕਾਰ ਵਿਅਕਤਿਤਵ ਦੀ ਰਚਨਾ ਕਰਦਾ ਹੈ ਜੋ ਮਹਾਨ ਜੀਵਨੀ ਦਾ ਵਿਸ਼ਾ ਬਣਦਾ ਹੈ।

ਸਵੈ-ਜੀਵਨੀ ਦੇ ਇਸ ਪੱਖ ਤੋਂ ਵੇਖੀਏ ਤਾਂ ਅਸੀਂ ਵੇਖਦੇ ਹਾਂ ਕਿ ਬਲਰਾਜ ਸਾਹਨੀ ਪੰਜਾਬੀ ਸਾਹਿਤ ਦੀ ਮੰਨੀ ਪ੍ਰਮੰਨੀ ਸ਼ਖ਼ਸੀਅਤ ਹੈ, ਜਿਸ ਨੇ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਉਹਨਾਂ ਦਾ ਅਦਾਕਾਰੀ ਦੇ ਖੇਤਰ ਵਿੱਚ ਵੀ ਵੱਡਾ ਯੋਗਦਾਨ ਹੈ।

8.2.5 **ਉਦੇਸ਼** :- ਜੀਵਨੀ ਦਾ ਮੰਤਵ ਆਪਣੀ ਜ਼ਿੰਦਗੀ ਦੌਰਾਨ ਹੋਈਆਂ ਗ਼ਲਤੀਆਂ ਨੂੰ ਸਵੀਕਾਰ ਕਰਨਾ ਅਤੇ ਪ੍ਰਾਪਤੀਆਂ ਦਾ ਮੁੱਲ ਪਾਉਣਾ ਹੁੰਦਾ ਹੈ ਤਾਂ ਜੋ ਜ਼ਿੰਦਗੀ ਦੀਆਂ ਕਮੀਆਂ ਤੇ ਨਾਕਾਪੀਆਂ ਸਾੜੇ ਲਈ ਸਿੱਖਿਆ ਦਾ ਸ੍ਰੋਤ ਬਣ ਸਕਣ। ਕਈ ਵਾਰ ਮਾਨਸਿਕ ਸੰਤਾਪ ਨੂੰ ਤਸੱਲੀ ਦੇਣ ਲਈ ਵੀ ਮੈ-ਜੀਵਨੀ ਜਨਮ ਲੈਂਦੀ ਹੈ। ਇਹ ਕਿਸੇ ਇਨਸਾਨ ਦੇ ਮਨ ਦੀਆਂ ਡੂੰਘਾਈਆਂ ਨੂੰ ਵੀ ਸਾਕਾਰ ਕਰ ਦਿੰਦੀ ਹੈ। ਬੇ-ਜੀਵਨੀ ਦਾ ਲੇਖਕ ਇਕ ਇਨਸਾਨ ਹੋਣ ਦੇ ਨਾਤੇ ਮਨੁੱਖੀ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦਾ ਇਕ ਹੋਰ ਮੰਤਵ ਗਿਆਨ ਦੇਣਾ ਹੈ। ਅਸੀਂ ਜਾਣਦੇ ਹਾਂ ਕਿ ਹਰ ਕੋਈ ਵਿਅਕਤੀ ਦੂਜਿਆ ਨਾਲ ਜੁੜ ਕੇ ਹੀ ਕੰਮ ਕਰਦਾ ਹੈ ਅਤੇ ਸ੍ਵੈ ਜੀਵਨੀ ਮਨੁੱਖ ਸੰਬੰਧੀ ਮਨੁੱਖ ਦੀ ਸਿਰਜਣਾ ਹੈ।

ਇਸ ਪਖੋਂ ਇਹ ਮਹੱਤਵਪੂਰਣ ਜੀਵਨੀ ਹੈ ਕਿਉਂਕਿ ਇਹ ਸਾਹਿਤ ਦੇ ਗਿਆਨਾਤਮਕ ਉਦੇਸ਼ ਨੂੰ ਸਾਕਾਰ ਕਰਦੀ ਹੈ। ਇਸ ਜੀਵਨੀ ਵਿੱਚ ਲੇਖਕ ਨੇ ਬਹੁਤ ਸਾਰੀਆਂ ਗਿਆਨ ਵਰਧਕ ਘਟਨਾਵਾਂ ਤੇ ਗੱਲਾਂ ਪੇਸ਼ ਕੀਤੀਆਂ ਹਨ ਜਿਹੜੀਆਂ ਪਾਠਕ ਦੇ ਗਿਆਨ ਵਿਚ ਵਾਧਾ ਕਰਦੀਆਂ ਹਨ ਤੇ ਉਸ ਨੂੰ ਚਿੰਤਨਸ਼ੀਲ ਬਣਾਉਂਦੀਆਂ ਹਨ। ਲੇਖਕ ਦਾ ਮੂਲ ਉਦੇਸ਼ ਆਪਣੀ ਜੀਵਨੀ ਦੇ ਸੱਚ ਨੂੰ ਬਹੁਤ ਹੀ ਯਥਾਰਥਕ ਢੰਗ ਨਾਲ ਸ਼ਬਦਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਆਪਣੇ

ਜੀਵਨ ਤੇ ਆਪਣੇ ਜੀਵਨ ਨਾਲ ਜੁੜੇ ਪਾਤਰਾਂ ਦੇ ਅਨੁਭਵਾਂ, ਉਹਨਾਂ ਦੀ ਵੇਦਨਾ ਤੋਂ ਉਹਨਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨਾ ਹੀ ਇਸ ਜੀਵਨੀ ਦਾ ਮੂਲ ਉਦੇਸ਼ ਹੈ।

**8.2.6 ਸਾਹਿਤਕ ਤੇ ਠੇਠ ਭਾਸ਼ਾ :-** ਬਲਰਾਜ ਸਾਹਨੀ ਦੀ ਸਵੈ-ਜੀਵਨੀ 'ਮੇਰੀ ਫ਼ਿਲਮੀ ਆਤਮਕਥਾ' ਦਾ ਪਹਿਲਾ ਉਘੜਵਾਂ ਲੱਛਣ ਇਸ ਪੁਸਤਕ ਵਿਚਲੀ ਸਾਹਿਤਕ ਤੇ ਠੇਠ ਭਾਸ਼ਾ ਦੀ ਵਰਤੋਂ ਹੈ। ਲੇਖਕ ਨੇ ਪੰਜਾਬੀ ਸੱਭਿਆਚਾਰ ਦਾ ਠੇਠ ਮੁਹਾਵਰਾ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਸ ਬੋਲੀ ਵਿੱਚ ਕੋਈ ਬਨਾਵਟੀਪਣ ਨਹੀਂ, ਸਗੋਂ ਕਥਾਤਮਕ ਰੂਪ ਵਿੱਚ ਇਹ ਬੋਲੀ ਆਪਣੇ ਸਹਿਜ ਵਹਾਉ ਵਿੱਚ ਇਕਸਾਰ ਚਲਦੀ ਹੈ। ਕਿਧਰੇ ਵੀ ਜਾਣ ਬੁੱਝ ਕੇ ਕਠਿਨ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ। ਲੇਖਕ ਦੀ ਆਪਣੀ ਭਾਸ਼ਾ ਦੀ ਉਦਾਹਰਣ ਵੇਖੋ :

"ਅਜੀਬ ਨਿਰਾਲੀ ਦੁਨੀਆਂ ਹੈ ਸਾਡੀ ਤਮਾਸ਼ੇ ਵਾਲਿਆਂ ਦੀ ਅਸੀਂ ਜਿਹੜੇ ਦੁਨੀਆਂ ਨੂੰ ਹਸਾਂਦੇ-ਰੁਆਂਦੇ ਹਾਂ, ਲੋਕਾਂ ਦੇ ਤਸੱਵਰ ਨੂੰ ਉਡਾ ਕੇ ਇਕ ਤਲਿਸਮੀ ਸੰਸਾਰ ਵਿਚ ਲੈ ਜਾਂਦੇ ਹਾਂ। ਅਚਿੰਤੇ ਅਸੀਂ ਆਪ ਵੀ ਉਸੇ ਸੰਸਾਰ ਵਿਚ ਜਾ ਵੱਸਦੇ ਹਾਂ। ਆਪਣੀ ਅਸਲੀ ਜ਼ਿੰਦਗੀ ਨੂੰ ਵੀ ਨਾਟਕ ਅਤੇ ਫਿਲਮ ਬਣਾ ਛਡਦੇ ਹਾਂ। ਅਤੇ ਇੰਜ ਸਾਡੇ ਪਰਵਾਨਿਆਂ ਦਾ ਮਜ਼ਾ ਦੂਣਾ-ਚੌਣਾ ਹੋ ਜਾਂਦਾ ਹੈ"।

ਹਰਬਰਟ ਰੀਡ ਅਨੁਸਾਰ, "ਕਿਸੇ ਵਾਰਤਕ ਰਚਨਾ ਦਾ ਅਧਿਐਨ ਦੋ ਦ੍ਰਿਸ਼ਟੀਕੋਣਾਂ ਤੋਂ ਕੀਤਾ ਜਾ ਸਕਦਾ ਹੈ। ਇਹਨਾਂ ਵਿਚੋਂ ਪਹਿਲਾ ਭਾਸ਼ਾ ਦੀ ਬਾਹਰਮੁਖੀ ਵਰਤੋਂ ਨਾਲ ਸੰਬੰਧ ਰੱਖਦਾ ਹੈ ਅਤੇ ਇਸ ਨੂੰ 'ਰਚਨਾ' ਆਖਿਆ ਜਾ ਸਕਦਾ ਹੈ। ਭਾਸ਼ਾ ਦੀ ਦੂਜੀ ਅੰਤਰਮੁਖੀ ਵਰਤੋਂ ਇਸ ਨੂੰ ਪ੍ਰੇਰਣਾ ਭਰਪੂਰ ਬਣਾਉਣ ਦੇ ਆਸ਼ੇ ਤੋਂ ਕੀਤੀ ਜਾਂਦੀ ਹੈ।"

ਡਾ. ਜੀਤ ਸਿੰਘ ਸੀਤਲ ਦਾ ਕਹਿਣਾ ਹੈ ਕਿ, "ਉੱਤਮ ਸ਼ੈਲੀ ਵਿਚ ਸਾਹਿਤਕ ਸ਼ਬਦਾਵਲੀ ਤੋਂ ਛੁੱਟ ਹੋਰ ਕਿਸੇ ਦੀ ਥਾਂ ਨਹੀਂ। ਅਪ੍ਰਚੱਲਿਤ ਬੋਲੀ ਜਾਂ ਸ਼ਬਦਾਵਲੀ ਨੂੰ ਬੋਲਚਾਲ ਦੀ ਬੋਲੀ ਨਹੀਂ ਸਮਝਣਾ ਚਾਹੀਦਾ ਤੇ ਉਸ ਦੀ ਵਰਤੋਂ ਤੋਂ ਸੰਕੋਚ ਕਰਨਾ ਜ਼ਰੂਰੀ ਹੈ ।

ਜਿਸ ਤਰ੍ਹਾਂ ਵਾਰਤਕ ਨੂੰ ਰਸਮਈ ਤੇ ਸੁਆਦਲਾ ਬਣਾਉਣਾ ਔਖਾ ਹੁੰਦਾ ਹੈ, ਉਸੇ ਤਰ੍ਹਾਂ ਮੈਂ ਜੀਵਨੀ ਨੂੰ ਦਿਲਚਸਪ ਤੇ ਰਸਮਈ ਬਣਾਉਣਾ ਔਖਾ ਹੁੰਦਾ ਹੈ। ਇਸ ਦਾ ਲੇਖਕ ਘਟਨਾਵਾਂ ਤੇ ਕਰਮ-ਪ੍ਰਤੀਕਰਮਾਂ ਦੀ ਚੋਣ ਵਿਚ ਬਹੁਤ ਚੇਤੰਨ ਹੁੰਦਾ ਹੈ। ਉਹ ਸ਼ਬਦਾਂ ਮੁਹਾਵਰਿਆਂ ਤੋਂ ਵਾਕਾਂ ਦੀ ਚੋਣ ਬਹੁਤ ਧਿਆਨ ਨਾਲ ਕਰਦਾ ਹੈ। ਉਸ ਦੁਆਰਾ ਭਾਸ਼ਾ ਨੂੰ ਪ੍ਰਵਾਹਮਈ ਤੇ ਹਵਾਨੀ ਭਰਪੂਰ ਬਣਾਉਣ ਲਈ ਯੋਗ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਆਪਣੇ ਵਿਚਾਰ ਪੇਸ਼ ਕਰਨ ਲਈ ਕੋਈ ਵੀ ਸ਼ੈਲੀ ਅਪਣਾ ਸਕਦਾ ਹੈ, ਜੋ ਪਾਠਕ ਵਰਗ ਦਾ ਮਨੋਰੰਜਨ ਅਤੇ ਜੀਵਨ-ਪੰਧ ਰੋਸ਼ਨ ਕਰ ਸਕੇ। ਬਲਰਾਜ ਸਾਹਨੀ ਦੀ ਬੋਲੀ ਸਰਲ, ਸਪਸ਼ਟ ਤੇ ਭਾਵਪੂਰਤ ਹੈ। ਇਸ ਬੋਲੀ ਵਿਚ ਪੇਂਡੂ ਜੀਵਨ ਵਿਚਲੀ ਸਰਲਤਾ, ਸਪਸ਼ਟਤਾ ਤੇ ਸਾਦਗੀ ਹੈ। ਉਦਾਹਰਣ ਵੇਖੀ ਜਾ ਸਕਦੀ ਹੈ :

"ਕਿਤਨਾ ਜਵਾਨ-ਜਵਾਨ ਲਗ ਰਿਹਾ ਹਾਂ ਮੈਂ ਵਾਲ ਕਾਲੇ ਕਰਕੇ! ਹੋ ਕੀ ਗਿਆ ਜੇ ਹੁਣ ਤੱਕ ਲਗਭਗ ਸਾਰਾ ਹੀ ਝਾਟਾ ਚਿੱਟਾ ਹੋ ਚੁਕਿਆ ਹੈ ਤਾਂ! ਅੱਧਾ ਕੁ ਤਾਂ ਫਿਲਮਾਂ ਵਿਚ ਦਾਖਲ ਹੋਣ ਵੇਲੇ ਤੋਂ ਹੀ ਚਿੱਟਾ ਸੀ। ਕਿਸੇ ਤੋਂ ਕੀ ਲੁਕਾਉਣਾ, ਮੈਨੂੰ ਵਾਲ ਕਾਲੇ ਕਰਦਿਆਂ ਵੀਹ ਸਾਲ ਤੋਂ ਉੱਪਰ ਹੋ ਚੁਕੇ ਹਨ। ਕੁਝ ਵਾਲ ਪਿਛਲੀ ਵੱਡੀ ਜੰਗ ਵਿਚ ਬੰਮਾਂ ਦੇ ਧਮਾਕਿਆਂ ਨੇ, ਅਤੇ ਕੁਝ ਮੇਰੀ ਅੱਲੜ੍ਹ ਅਤੇ ਅੱਥਰੀ ਜਵਾਨੀ ਦੇ ਸਿਰ ਚੁੱਕਦਿਆਂ ਹੀ ਧੌਣ ਉੱਪਰ ਵੱਜੇ ਧੱਕਿਆਂ ਤੇ ਹੂਰਿਆਂ ਨੇ ਸਫੈਦ ਕਰ ਸੁੱਟੇ ਸਨ। ਇਕ ਤਰ੍ਹਾਂ ਨਾਲ ਮੇਰਾ ਫਿਲਮਾਂ ਵਿਚ ਆਉਣਾ ਬੁਢਾਪੇ ਵਿਚੋਂ ਜਵਾਨੀ ਵਲ ਕਦਮ ਪੁਟਣ ਬਰਾਬਰ ਸੀ"।

ਇਸੇ ਤਰ੍ਹਾਂ ਆਮ ਲੋਕਾਂ ਦੀ ਭਾਸ਼ਾ ਦਾ ਠੇਠ ਮੁਹਾਵਰਾ ਤੇ ਉਹਨਾਂ ਦੀ ਬੋਲੀ ਦੀ ਅਮੀਰੀ ਹੇਠਲੀ ਵਾਰਤਾਲਾਪ ਵਿਚੋਂ ਵੇਖੀ ਜਾ ਸਕਦੀ ਹੈ:

"ਰਾਵਲਪਿੰਡੀ ਸ਼ਹਿਰ ਵਿਚ ਪਲੇਗ ਦਾ ਖਤਰਾ ਉੱਠ ਪਿਆ ਸੀ। ਮੇਰੀ ਮਾਂ ਨੇ ਘਰ ਵਿਚ ਇਕ ਚੂਹਾ ਟੱਪਦਾ ਵੇਖਿਆ। ਉਸੇ ਦਿਨ ਉਹ ਬੱਚਿਆਂ ਨੂੰ ਨਾਲ ਲੈ ਕੇ ਭੇਰੇ ਚਲੀ ਗਈ, ਜੋ ਸਾਹਨੀਆਂ ਦਾ ਪੁਸ਼ਤੈਨੀ ਟਿਕਾਣਾ ਹੈ। ਇਥੇ ਸਾਹਨੀਆਂ ਦਾ ਆਪਣਾ ਅਲੱਗ ਮਹੱਲਾ ਹੈ, ਸੇਠੀਆਂ ਦਾ ਅਲੱਗ, ਅਤੇ ਇਸੇ ਤਰ੍ਹਾਂ ਹੋਰ ਸਾਰੀਆਂ ਖੁਖਰੈਣ ਖੱਤਰੀ ਜ਼ਾਤਾਂ ਦਾ ਅਲੱਗ। ਇਹ ਕਦੋਂ ਤੇ ਕਿੰਜ ਹੋਇਆ, ਰੱਬ ਜਾਣੇ"।

ਬੋਲੀ ਤੇ ਬੋਲੀ ਦੀਆਂ ਹੋਰ ਉਦਾਹਰਣਾਂ ਵੀ ਵੇਖੀਆਂ ਜਾ ਸਕਦੀਆਂ ਹਨ।

**8.3 ਕਮਜ਼ੋਰੀਆਂ :-** ਸ੍ਵੈ-ਜੀਵਨੀ ਵਿਚ ਕੁਝ ਕਮਜ਼ੋਰੀਆਂ ਤੇ ਕਮੀਆਂ ਵੀ ਵੇਖੀਆਂ ਜਾ ਸਕਦੀਆਂ ਹਨ। ਸਭ ਤੋਂ ਵੱਡੀ ਕਮਜ਼ੋਰੀ ਇਹ ਹੁੰਦੀ ਹੈ ਥੈ-ਜੀਵਨੀਕਾਰ ਦਾ ਜੀਵਨ ਜ਼ਿਆਦਾ ਸਮਾਂ ਨਹੀਂ ਠਹਿਰਦਾ। ਇਸ ਲਈ ਸ੍ਵੈ-ਜੀਵਨੀ ਅਸਥਿਰ ਤੋਂ ਚਲੰਤ ਹੋਣ ਕਾਰਨ ਲੁੜੀਂਦੇ ਨਿਯਮਾਂ ਵਿਚ ਨਹੀਂ ਬੰਨੀ ਜਾ ਸਕਦੀ ਦੂਜੀ ਕਮੀ ਇਹ ਹੈ ਕਿ ਸ੍ਵੈਜੀਵਨੀ ਸੰਪੂਰਨ ਨਹੀਂ ਹੋ ਸਕਦੀ, ਕਿਉਂਕਿ ਵੱਡੇ ਤੋਂ ਵੱਡਾ ਲੇਖਕ ਵੀ ਅਪੂਰਨ ਹੁੰਦਾ ਹੈ । ਤੀਸਰੀ ਕਮੀ ਇਸ ਵਿਚ ਲੇਖਕ ਵਲੋਂ ਸੁਰੱਜੇ ਪੱਖਾਂ ਨੂੰ ਪੇਸ਼ ਕਰਨਾ ਹੈ। ਇਸ ਲਈ ਸ੍ਵੈ-ਜੀਵਨੀ ਲਿਖਣੀ ਬਹੁਤ ਹੀ ਔਖਾ ਕੰਮ ਹੈ।

ਗਿਆਨੀ ਗੁਰਬਚਨ ਸਿੰਘ ਆਪਣੀ ਪੁਸਤਕ 'ਮੇਰੀ ਜੀਵਨ ਕਹਾਣੀ' ਦੀ ਭੂਮਿਕਾ ਵਿਚ ਠੀਕ ਹੀ ਆਖਦਾ ਹੈ ਕਿ ਆਪ ਲਿਖਣ ਵਾਲਾ ਵੀ ਸ਼ਾਇਦ ਜ਼ਿੰਦਗੀ ਦੇ ਸਾਰੇ ਪਹਿਲੂ, ਉਸ ਦੇ ਗੁਣ, ਔਗੁਣ, ਘਟਨਾ ਜਾਂ ਹਾਦਸੇ ਪੂਰੇ ਨਹੀਂ ਲਿਖ ਸਕਦਾ ਜਾਂ ਸ਼ਰਮ ਦਾ ਮਾਰਿਆ ਕਈ ਗੱਲਾ ਛੁਪਾ ਜਾਵੇਗਾ, ਪਰ ਬਲਵੰਤ ਗਾਰਗੀ ਸਵੈ ਜੀਵਨੀਕਾਰ ਲਈ ਕਮਜ਼ੋਰੀਆਂ ਦਾ ਬਿਆਨ ਕਰਨਾ ਲਾਹੇਵੰਦ ਮੰਨਦਾ ਹੈ। ਉਸ ਦੇ ਸ਼ਬਦਾਂ ਵਿਚ ਲਿਖਣ ਲੱਗਿਆ ਲੁਕੇ ਹੋਏ ਰਾਜ ਤੇ ਦੱਬੇ ਹੋਏ ਪਾਪ ਉਜਾਗਰ ਹੋਣ ਤੇ ਉਹਨਾਂ ਅੰਦਰਲੀ ਗਤੀ ਪ੍ਰਤੱਖ ਹੋਵੇ ਤਾਂ ਲੇਖਕ ਨੂੰ ਇਕ ਨਵੀਂ ਸੂਝ ਤੇ ਚਾਨਣ ਮਿਲਦਾ ਹੈ।

### ਹੋਰ ਪੜ੍ਹਨਯੋਗ ਪੁਸਤਕਾਂ:

1. ਗੁਰਬਖਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ: ਜੀਵਨ ਤੇ ਕਲਾ
2. ਰਮਨਦੀਪ ਕੌਰ, ਪੰਜਾਬੀ ਸਾਹਿਤ: ਸੰਵਾਦ ਅਤੇ ਸਮੀਖਿਆ
3. ਪਰਮਜੀਤ ਕੌਰ, ਬਲਰਾਜ ਸਾਹਨੀ ਦੇ ਸਫ਼ਰਨਾਮੇ

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਬਲਰਾਜ ਸਾਹਨੀ ਦੀ ਸਵੈ-ਜੀਵਨੀ 'ਮੇਰੀ ਫ਼ਿਲਮੀ ਆਤਮਕਥਾ' ਦੀ ਭਾਸ਼ਾ- ਸ਼ੈਲੀ ਉੱਤੇ ਨੋਟ ਲਿਖੋ।
2. 'ਪਿੱਛਲ ਝਾਤ' ਵਿਧੀ ਕੀ ਹੈ? 'ਮੇਰੀ ਫ਼ਿਲਮੀ ਆਤਮਕਥਾ' ਵਿੱਚ ਇਸ ਵਿਧੀ ਦੀ ਵਰਤੋਂ ਸੰਬੰਧੀ ਚਰਚਾ ਕਰੋ।
3. ਬਲਰਾਜ ਸਾਹਨੀ ਦੀ ਸਵੈ-ਜੀਵਨੀ 'ਮੇਰੀ ਫ਼ਿਲਮੀ ਆਤਮਕਥਾ' ਵਿਚਲੀ ਦ੍ਰਿਸ਼ ਚਿਤਰਨ ਵਿਧੀ
4. ਉੱਤੇ ਚਰਚਾ ਕਰੋ।
5. "'ਮੇਰੀ ਫ਼ਿਲਮੀ ਆਤਮਕਥਾ' ਵਿੱਚ ਕਈ ਥਾਵਾਂ ਤੇ ਲੇਖਕ ਨੇ ਟਰੈਕਿੰਗ ਦੀ ਫਿਲਮੀ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ"। ਸਪੱਸ਼ਟ ਕਰੋ।
6.

## ਐੱਮ.ਏ. ਪੰਜਾਬੀ
## ਸਮੈਸਟਰ- ਪਹਿਲਾ

# ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-9**

**9.1 ਡਾ. ਅਤਰਜੀਤ ਕੌਰ ਸੂਰੀ : ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ**
**9.2 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ : ਵਿਚਾਰਧਾਰਾਈ ਅਧਿਐਨ**

9.1 ਡਾ. ਅਤਰਜੀਤ ਕੌਰ ਸੂਰੀ : ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ

9.1.1 ਡਾ. ਅਤਰਜੀਤ ਕੌਰ ਸੂਰੀ : ਜਾਣ-ਪਛਾਣ

9.1.2: ਸਫ਼ਰਨਾਮਾ: ਅਰਥ ਅਤੇ ਪਰਿਭਾਸ਼ਾ

9.2 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ : ਵਿਚਾਰਧਾਰਾਈ ਅਧਿਐਨ

9.2.1 ਮਾਨਵੀ ਦ੍ਰਿਸ਼ਟੀਕੋਣ

9.2.2 ਸੱਭਿਅਤਾ ਅਤੇ ਧਰਮ

9.2.3 ਮਾਨਸਿਕਤਾ ਤੇ ਮਨੋਵਿਗਿਆਨਕ ਦਸ਼ਾ

9.2.4 ਪਰਵਾਸ ਦਾ ਦੁਖਾਂਤ

9.2.5 ਨੈਤਿਕਵਾਦ

9.2.6 ਸਿੱਟਾ

## 9.1 ਡਾ. ਅਤਰਜੀਤ ਕੌਰ ਸੂਰੀ : ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ

### 9.1.1 ਡਾ. ਅਤਰਜੀਤ ਕੌਰ ਸੂਰੀ : ਜਾਣ-ਪਛਾਣ

ਪਿਆਰੇ ਵਿਦਿਆਰਥੀਓ ! ਅਤਰਜੀਤ ਕੌਰ ਸੂਰੀ ਪੰਜਾਬੀ ਸਾਹਿਤ ਜਗਤ ਵਿਚ ਇਕ ਸਥਾਪਿਤ ਹਸਤਾਖਰ ਹੈ। ਉਸਦਾ ਸਾਹਿਤਕ ਪਿਛੋਕੜ ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਨਾਲ ਜੁੜਦਾ ਹੈ, ਕਿਉਂਕਿ ਲੇਖਿਕਾ ਨਾਨਕ ਸਿੰਘ ਦੇ ਸਪੁੱਤਰ ਅਤੇ ਉੱਘੇ ਪ੍ਰਕਾਸ਼ਕ ਕੁਲਵੰਤ ਸਿੰਘ ਸੂਰੀ ਦੀ ਧਰਮ ਪਤਨੀ ਹੈ।ਅਤਰਜੀਤ ਸੂਰੀ ਦਾ ਵਾਰਤਕ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਹੈ। ਸਾਹਿਤਕ ਮਾਹੌਲ ਵਿਚ ਰਹਿਣ ਕਾਰਣ ਅਤਰਜੀਤ ਕੌਰ ਸੂਰੀ ਨੇ ਪੰਜਾਬੀ ਸਾਹਿਤ ਜਗਤ ਨੂੰ ਕਹਾਣੀ ਸੰਗ੍ਰਹਿ, ਜੀਵਨੀਆਂ, ਅਨੁਵਾਦ, ਰੇਖਾ ਚਿੱਤਰ ਅਤੇ ਸਫ਼ਰਨਾਮੇ ਦਿੱਤੇ ਹਨ। ਜਿਨ੍ਹਾਂ ਵਿਚ 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ', 'ਮੇਰੀ ਅਮਰੀਕਾ ਫੇਰੀ', 'ਮੇਰੀ ਤਨਜ਼ਾਨੀਆ ਫੇਰੀ', 'ਤੁਧ ਬਿਨ', 'ਮੇਰੀ ਸਾਊਥ ਅਫ਼ਰੀਕਾ ਫੇਰੀ' ਤੇ 'ਮਿਸਰ ਦਾ ਸਫ਼ਰਨਾਮਾ' ਸ਼ਾਮਿਲ ਹਨ। ਅਤਰਜੀਤ ਸੂਰੀ ਦਾ ਸਫ਼ਰਨਾਮਾ 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਇਕ ਅਜਿਹੀ ਰਚਨਾ ਹੈ ਜੋ ਸਾਨੂੰ ਅਰਬ ਦੇਸ਼ਾਂ ਦੇ ਭੂਗੋਲ ਦੀ ਭਰਪੂਰ ਜਾਣਕਾਰੀ ਦਿੰਦਾ ਹੈ। ਇਸ ਵਿਚ ਲੇਖਿਕਾ ਨੇ ਅਰਬ ਦੇਸ਼ਾਂ ਦੇ ਭੂਗੋਲ ਨੂੰ ਇਸ ਰੂਪ ਵਿਚ ਸਾਕਾਰ ਕੀਤਾ ਹੈ ਕਿ ਇਨ੍ਹਾਂ ਥਾਵਾਂ ਨੂੰ ਦੇਖਣ ਦੀ ਇੱਛਾ ਮਨ ਵਿਚ ਆਪ ਮੁਹਾਰੇ ਜਾਗਰਿਤ ਹੋ ਜਾਂਦੀ ਹੈ। ਲੇਖਿਕਾ ਆਪਣੇ ਇਸ ਸਫ਼ਰਨਾਮੇ ਵਿਚ ਜਾਰਡਨ, ਸੀਰੀਆ, ਲੈਬਨਾਨ ਆਦਿ ਅਰਬ ਦੇਸ਼ਾਂ ਦੇ ਭੂਗੋਲਿਕ ਦ੍ਰਿਸ਼ ਨੂੰ ਉਘਾੜਦੀ ਉਨ੍ਹਾਂ ਇਲਾਕਿਆਂ ਦੀ ਇਤਿਹਾਸਿਕ, ਰਾਜਨੀਤਿਕ ਤੇ ਵਪਾਰਕ ਮਹੱਤਤਾ ਉੱਪਰ ਰੌਸ਼ਨੀ ਪਾਉਂਦੀ ਹੈ।

ਅਤਰਜੀਤ ਕੌਰ ਸੂਰੀ ਦੇ ਸਫ਼ਰਨਾਮਿਆਂ ਦੀ ਮਹੱਤਤਾ ਨਾ ਸਿਰਫ ਸਫ਼ਰਨਾਮਾ ਸਾਹਿਤ ਦੀਆਂ ਪੂਰਨ ਰਚਨਾਵਾਂ ਕਰਕੇ ਹੈ, ਬਲਕਿ ਇਨ੍ਹਾਂ ਦੀ ਸਾਰਥਿਕਤਾ ਇਸਤਰੀ ਲੇਖਕਾਂ ਦੁਆਰਾ ਰਚਿਤ ਸਫ਼ਰਨਾਮਿਆਂ ਦੀ ਗਿਣਤੀ, ਦੂਸਰੇ ਸਾਹਿਤ ਰੂਪਾਂ ਵਿਚ ਹੁੰਦਾ ਸਿਰਜਨਾ ਦੇ ਮੁਕਾਬਲੇ ਬਹੁਤ ਘੱਟ ਹੋਣ ਕਰਕੇ ਹੈ। ਵੀਹਵੀਂ ਸਦੀ ਦੇ ਸੱਤਵੇ ਅਤੇ ਅੱਠਵੇ ਦਹਾਕੇ ਵਿਚ ਅੰਮ੍ਰਿਤਾ ਪ੍ਰੀਤਮ ਦੁਆਰਾ ਰਚਿਤ 'ਬਾਰੀਆਂ ਝਰੋਖੇ', 'ਅੱਗ ਦੀਆਂ ਲੀਕਾਂ' ਇਸਤਰੀ ਲੇਖਕ ਦੁਆਰਾ ਲਿਖਿਤ ਸਫ਼ਰਨਾਮੇ ਵੇਖਣ ਨੂੰ ਮਿਲਦੇ ਹਨ। ਇਸ ਤੋਂ ਬਾਅਦ ਕੈਲਾਸ਼ਪੁਰੀ ਦਾ ਇਕ ਸਫ਼ਰਨਾਮਾ ਵੇਖਣ ਨੂੰ ਮਿਲਦਾ ਹੈ। ਅਤਰਜੀਤ ਕੌਰ ਸੂਰੀ ਨੇ ਸਫ਼ਰਨਾਮੇ ਲਿਖ ਕੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣਾ ਨਿਵੇਕਲਾ ਸਥਾਨ ਨਿਰਧਾਰਿਤ ਕਰਦੀ ਨਜ਼ਰ ਆਉਂਦੀ ਹੈ।

### 9.1.2: ਸਫ਼ਰਨਾਮਾ: ਅਰਥ ਅਤੇ ਪਰਿਭਾਸ਼ਾ

'ਸਫ਼ਰਨਾਮਾ' ਵਾਰਤਕ ਦਾ ਇਕ ਪ੍ਰਤੀਨਿਧ ਰੂਪ ਹੈ । ਸਫ਼ਰਨਾਮਾ 'ਸਫ਼ਰ-ਨਾਮਾ' ਸ਼ਬਦਾਂ ਦੀ ਸੰਧੀ ਤੋਂ ਬਣਿਆ ਹੈ । ਸਫ਼ਰ ਤੋਂ ਭਾਵ ਯਾਤਰਾ 'ਨਾਮਾ' ਤੋਂ ਭਾਵ ਵਿਵਰਨ-ਲਿਖਤੀ ਖ਼ਤ ਇੰਝ 'ਸਫ਼ਰਨਾਮਾ' ਦਾ ਅਰਥ ਹੈ ਯਾਤਰਾ ਦਾ ਵਿਵਰਨ ਜਾਂ ਯਾਤਰਾ ਦਾ ਵੇਰਵਾ ਵੱਖ-ਵੱਖ ਕੋਸ਼ਾਂ ਅਤੇ ਵਿਦਵਾਨਾਂ ਨੇ 'ਸਫ਼ਰਨਾਮਾ' ਨੂੰ ਵੱਖ-ਵੱਖ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ ।

ਡਾ. ਜੱਗੀ ਸਫ਼ਰਨਾਮਾ ਸ਼ਬਦ ਦੀ ਵਿਉਂਤਪਤੀ ਬਾਰੇ ਲਿਖਦੇ ਹਨ, "ਸਫ਼ਰਨਾਮਾ ਦੇ ਸ਼ਬਦਾਂ ਦਾ ਮਿਲਵਾਂ ਰੂਪ ਹੈ। ਸਫ਼ਰ ਅਰਬੀ ਸ਼ਬਦ ਹੈ ਅਤੇ ਇਸ ਦਾ ਅਰਥ ਹੈ- ਯਾਤਰਾ, ਮੁਸਾਫ਼ਰੀ। 'ਨਾਮਾ' ਫ਼ਾਰਸੀ ਦੇ 'ਨਾਮਹ' ਸ਼ਬਦ ਦਾ ਵਿਕਸਿਤ ਰੂਪ ਹੈ ਅਤੇ ਇਸ ਦਾ ਅਰਥ ਹੈ ਚਿੱਠੀ ਜਾਂ ਖ਼ਤ, ਪੱਤਰ, ਪਰ ਸਾਹਿਤ ਵਿਚ ਇਹ ਇਨ੍ਹਾਂ ਅਰਥਾਂ ਤੋਂ ਇਲਾਵਾ ਕਿਸੇ ਬ੍ਰਿਤਾਂਤਿਕ ਸਾਹਿਤ-ਰਚਨਾ ਲਈ ਵੀ ਵਰਤਿਆ ਜਾਣ ਲੱਗਿਆ। ਅੰਗਰੇਜ਼ੀ ਵਿਚ ਇਸ ਨੂੰ ਟਰੈਵਲਾਗ (Travelogue) ਆਖਿਆ ਜਾਂਦਾ ਹੈ ।

ਵੱਖ-ਵੱਖ ਵਿਦਵਾਨਾਂ ਨੇ ਸਫ਼ਰਨਾਮੇ ਨੂੰ ਆਪੋ-ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ।

ਮਾਨਕ ਹਿੰਦੀ ਸਾਹਿਤ ਕੋਸ਼, ਅਨੁਸਾਰ ਇਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣ ਦੀ ਕਿਰਿਆ, ਸਫ਼ਰ, ਕਿਤੇ ਜਾਣ ਲਈ ਚਲਣਾ ਜਾਂ ਨਿਕਲਣਾ, ਸਥਾਨ, ਧਾਰਮਿਕ ਭਾਵ ਤੋਂ ਕਿਸੇ ਤੀਰਥ ਜਾਂ ਦੇਵ ਮੰਦਿਰ ਵਲ ਦਰਸ਼ਨ, ਪੂਜਨ ਆਦਿ ਦੇ ਉਦੇਸ਼ ਨਾਲ ਜਾਣ ਦੀ ਕਿਰਿਆ ਉਤਸਵ ਦੇ ਵਿਵਹਾਰ ਆਦਿ ਨੂੰ ਸਫ਼ਰਨਾਮਾ ਆਖਦੇ ਹਨ। ਡਿਕਸ਼ਨਰੀ ਆਫ਼ ਲਿਟਰੇਰੀ ਟਰਮਜ਼ ਅਨੁਸਾਰ, "ਸਫ਼ਰਨਾਮੇ ਵਿਚ ਖੋਜ-ਯਾਤਰਾ ਅਤੇ ਮੁਹਿੰਮ ਸੰਬੰਧੀ ਰਚਨਾ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਾਂ ਵਿਦੇਸ਼ ਵਿਚ ਪ੍ਰਵਾਸ ਦੌਰਾਨ ਦਾ ਵਰਣਨ ਜਾਂ ਇਸ ਤਰ੍ਹਾਂ ਦੀ ਹੋਰ ਰਚਨਾ ਨੂੰ ਰੱਖਿਆ ਜਾ ਸਕਦਾ ਹੈ।"

ਗ੍ਰੇਟ ਸੋਵੀਅਤ ਵਿਸ਼ਵ ਕੋਸ਼ ਵਿਚ ਲਿਖਿਆ ਹੈ ਕਿ, "ਸਫ਼ਰਨਾਮਾ ਕਿਸੇ ਯਾਤਰੂ ਦੇ ਆਪਣੀ ਯਾਤਰਾ ਦੀਆਂ ਘਟਨਾਵਾਂ ਦੇ ਵਰਣਨ ਅਤੇ ਨਿਰੀਖਣ ਦੇ ਪ੍ਰਭਾਵ ਸੰਬੰਧੀ ਲਏ ਗਏ ਨੋਟਸ ਹੁੰਦੇ ਹਨ। ਯਾਤਰਾ ਸਾਹਿਤ ਲੇਖਕ ਦੇ ਨਵੇਂ ਖੋਜੇ ਦੇਸ਼ ਬਾਰੇ ਪਾਠਕਾਂ ਨੂੰ ਜਾਣਕਾਰੀ ਦਿੰਦਾ ਹੈ । ਇਹ ਕਾਲਪਨਿਕ ਯਾਤਰਾ ਦਾ ਇਤਿਹਾਸ ਵੀ ਹੋ ਸਕਦਾ ਹੈ, ਪਰ ਯਥਾਰਥਕ ਰੰਗਣ ਵਿਚ ਪੇਸ਼ ਕੀਤਾ ਜਾਂਦਾ ਹੈ।"

ਪੰਜਾਬੀ ਸਾਹਿਤ ਕੋਸ਼ ਅਨੁਸਾਰ, "ਜਿਸ ਸਾਹਿਤ-ਵਿਧਾ ਵਿਚ ਸਫ਼ਰ ਬਾਰੇ ਵਿਵਰਨ ਦਿੱਤਾ ਗਿਆ ਹੋਵੇ, ਉਸ ਨੂੰ 'ਸਫ਼ਰਨਾਮਾ' ਕਹਿੰਦੇ ਹਨ। ਇਹ ਨਾਂ-ਮਾਤਰ ਯਾਤਰਾ-ਸਾਹਿਤ ਹੈ"।

ਹਿੰਦੀ ਦੇ ਪ੍ਰਸਿੱਧ ਵਿਦਵਾਨ ਰਾਹੁਲ ਸਾਂਕ੍ਰਿਯਾਨ ਦਾ ਕਹਿਣਾ ਹੈ ਕਿ ਯਾਤਰਾ ਸਾਹਿਤ (Travel Literature) ਕਿਸੇ ਯਾਤਰੀ ਦੇ ਆਪਣੀ ਯਾਤਰਾ ਦੀਆਂ ਘਟਨਾਵਾਂ ਅਤੇ ਵਰਣਨ ਸੰਬੰਧੀ ਲਏ ਗਏ ਵੇਰਵੇ ਹੁੰਦੇ ਹਨ। ਯਾਤਰਾ ਸਾਹਿਤ ਲੇਖਕ ਦੇ ਨਵੇਂ ਖੋਜੇ ਗਏ ਦੇਸ਼ ਬਾਰੇ ਪਾਠਕਾਂ ਨੂੰ ਜਾਣਕਾਰੀ ਦਿੰਦਾ ਹੈ । ਇਹ ਕਾਲਪਨਿਕ ਵੀ ਹੋ ਸਕਦਾ ਹੈ, ਪਰ ਇਹ ਯਥਾਰਥਿਕ ਰੰਗਣ ਵਿਚ ਪੇਸ਼ ਕੀਤਾ ਜਾਂਦਾ ਹੈ।

ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਧਾਰਨਾ ਹੈ, "ਇਸ ਵਿਚ ਕਿਸੇ ਵਿਅਕਤੀ ਦੇ ਯਾਤਰਾ ਸਮਾਚਾਰ ਵਰਣਨ ਕੀਤੇ ਜਾਂਦੇ ਹਨ, ਭਾਵੇਂ ਇਸ ਸਾਹਿਤਿਕ ਰੂਪ ਦਾ ਸਮਾਚਾਰ ਘਟਨਾ ਕ੍ਰਮ ਅਨੁਸਾਰ ਚਲਦਾ ਹੈ, ਪਰ ਵਿਸ਼ੇਸ਼ ਉਤਸੁਕਤਾ ਉਸ ਵਿਅਕਤੀ ਬਾਰੇ ਨਹੀਂ ਹੁੰਦੀ, ਸਗੋਂ ਉਸ ਵਿਸ਼ੇਸ਼ ਭੂਮੀ ਜਾਂ ਸਭਿਅਤਾ ਦੀ ਹੁੰਦੀ ਹੈ, ਜੋ ਇਸ ਯਾਤਰਾ ਦਾ ਕੇਂਦਰ ਬਣਦੀ ਹੈ ।"

ਡਾ. ਕੁਲਬੀਰ ਸਿੰਘ ਕਾਂਗ ਦੀ ਦ੍ਰਿਸ਼ਟੀ ਵਿਚ "ਸਫ਼ਰਨਾਮਾ ਨਿੱਜੀ ਘਟਨਾਵਾਂ ਦਾ ਸੰਗ੍ਰਹਿ ਮਾਤਰ ਹੀ ਨਹੀਂ; ਇਹ ਤਾਂ ਇਕ ਕੌਮ ਤੇ ਦੇਸ਼ ਦੇ ਸਭਿਆਚਾਰ ਅਤੇ ਸਭਿਅਤਾ ਦਾ ਇਤਿਹਾਸ ਲਿਖਣਾ ਹੈ ਜੋ ਸਦੀਆਂ ਤਕ ਹਵਾਲਾ ਪੁਸਤਕ ਬਣ ਸਕਦਾ ਹੈ ।"

ਡਾ. ਸੋਹਿੰਦਰ ਬੀਰ ਦੇ ਸ਼ਬਦਾਂ ਵਿਚ, "ਸਫ਼ਰਨਾਮਾ ਵਾਰਤਕ ਦਾ ਉਪ-ਰੂਪ ਹੈ ।....ਸਫ਼ਰਨਾਮੇ ਵਿਚ ਸਫ਼ਰਨਾਮਾ ਲੇਖਕ ਆਪਣੇ ਸਫ਼ਰ ਦਾ ਹਾਲ ਉਲੀਕਣ ਕਰਦਾ ਹੈ ।

ਅੰਮ੍ਰਿਤਾ ਪ੍ਰੀਤਮ ਨੇ ਸਫ਼ਰਨਾਮੇ ਨੂੰ ਆਪਣੇ ਦੇਸ਼ ਦੇ ਬੱਚਿਆਂ ਲਈ ਘਰਾਂ ਵਿਚ ਬਾਰੀਆਂ ਅਤੇ ਝਰੋਖਿਆਂ ਦੇ ਬਰਾਬਰ ਮਹੱਤਵ ਵਾਲਾ ਦੱਸਿਆ ਹੈ ਅਤੇ ਇਨ੍ਹਾਂ ਨੂੰ ਹਮੇਸ਼ਾ ਹੀ ਦੂਸਰਿਆਂ ਦੀ ਜਾਣਕਾਰੀ ਲਈ ਖੁਲ੍ਹੇ ਰੱਖਣ ਦੀ ਪ੍ਰੇਰਨਾ ਦਿੱਤੀ ਹੈ, ਕਿਉਂਕਿ ਇਨ੍ਹਾਂ ਨੂੰ ਪੜ੍ਹਨ ਨਾਲ ਘਰ ਬੈਠਿਆਂ ਹੀ ਹੋਰਨਾਂ ਦੇਸ਼ਾਂ ਬਾਰੇ ਜ਼ਰੂਰੀ ਗਿਆਨ ਪ੍ਰਾਪਤ ਹੋ ਸਕਦਾ ਹੈ।

ਸਫ਼ਰਨਾਮਾ ਤੇ ਹੋਰ ਸਾਹਿਤ ਰੂਪ- ਸਫ਼ਰਨਾਮੇ ਦੀ ਹੋਰ ਵਾਰਤਕ ਰੂਪਾਂ ਨਾਲ ਸਾਂਝ ਸੰਬੰਧੀ ਸੰਕੇਤ ਕਰਦਿਆਂ ਅਤੇ ਸਫ਼ਰਨਾਮੇ ਨੂੰ ਪਰਿਭਾਸ਼ਿਤ ਕਰਦਿਆਂ ਪੰਜਾਬੀ ਦੇ ਸਿੱਧ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਲਿਖਿਆ ਹੈ, "ਸਫ਼ਰਨਾਮਾ ਕਈ ਤਰ੍ਹਾਂ ਦੀਆਂ ਸਾਹਿਤਕ ਵੰਨਗੀਆਂ 'ਤੇ ਉਸਰਿਆ ਇਕ ਸੁਤੰਤਰ ਰੂਪਾਕਾਰ (ਯਾਨਰ) ਹੈ, ਜਿਸ ਵਿਚ ਲੇਖਕ ਆਪਣੇ ਨਿੱਜੀ ਅਨੁਭਵਾਂ ਤੇ ਭੂਗੋਲਿਕ ਸਮਾਚਾਰ ਅਤੇ ਸਭਿਆਚਾਰਕ ਗਿਆਨ ਨੂੰ ਕਲਾਤਮਕ ਸਾਂਚੇ ਵਿਚ ਢਾਲ

ਕੇ ਪੇਸ਼ ਕਰਦਾ ਹੈ ਅਤੇ ਇਕ ਗਿਆਨ-ਮਈ ਪੇਸ਼ਕਾਰੀ ਦੇ ਨਾਲ-ਨਾਲ ਸਾਹਿਤਿਕ ਕਲਾ-ਵਿਧੀਆਂ ਅਪਣਾ ਕੇ ਪਾਠਕ ਨੂੰ ਸੇਧ, ਦਿਸ਼ਾ-ਨਿਰਦੇਸ਼ ਤੇ ਆਨੰਦ ਦੇਣ ਦਾ ਜਤਨ ਵੀ ਕੀਤਾ ਜਾਂਦਾ ਹੈ।"

ਇਵੇਂ ਹੀ ਹਿੰਦੀ ਸਾਹਿਤ ਕੋਸ਼ ਵਿਚ ਵੀ ਲਿਖਿਆ ਹੈ ਕਿ ਸਫ਼ਰਨਾਮਾ ਵਿਚ ਮਹਾਂਕਾਵਿ ਤੇ ਨਾਵਲ ਦੀ ਵਿਸ਼ਾਲਤਾ, ਕਹਾਣੀ ਦੀ ਖਿੱਚ ਤੇ ਕਸ਼ਿਸ਼, ਗੀਤ ਕਾਵਿ ਦਾ ਵੇਗ ਤੇ ਆਵੇਸ਼, ਸੰਸਮਰਨ ਦਾ ਅਪੱਣਤ ਭਾਵ ਨਿਬੰਧ ਦਾ ਮੁਕਤ ਪ੍ਰਗਟਾਵਾ ਆਦਿ ਸਭ ਕੁਝ ਸ਼ਾਮਿਲ ਰਹਿੰਦਾ ਹੈ। ਇਸ ਲਈ ਸਫ਼ਰਨਾਮਾ ਵਾਰਤਕ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਵਾਰਤਕ ਦੇ ਦੂਜੇ ਰੂਪ ਵੀ ਸਮਏ ਹੋਏ ਹੁੰਦੇ ਹਨ।

### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਅਤਰਜੀਤ ਕੌਰ ਸੂਰੀ ਦੇ ਸਾਹਿੱਤਕ ਸਫ਼ਰ ਉੱਤੇ ਨੋਟ ਲਿਖੋ।
2. 'ਸਫ਼ਰਨਾਮਾ' ਦਾ ਅਰਥ ਅਤੇ ਪਰਿਭਾਸ਼ਾ ਸਪੱਸ਼ਟ ਕਰੋ।

## 9.2 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ : ਵਿਚਾਰਧਾਰਾਈ ਅਧਿਐਨ

ਅਤਰਜੀਤ ਕੌਰ ਸੂਰੀ ਦਾ ਸਾਹਿਤਕ ਪਿਛੋਕੜ ਤੇ ਉਸ ਦੁਆਰਾ ਰਚਿਆ ਸਾਹਿਤ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਸਦੀ ਲਿਖਣ ਕਲਾ ਪ੍ਰਬੀਨ ਅਤੇ ਸੁਯੋਗ ਹੈ। 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਲਿਖਣ ਤੋਂ ਇਲਾਵਾ ਉਸਦੀਆਂ ਸਫ਼ਰਨਾਮਾ ਸਾਹਿਤ ਨਾਲ ਸਬੰਧਿਤ ਹੋਰ ਪੁਸਤਕਾਂ ਇਸਦੀ ਪੁਖਤਗੀ ਦਾ ਪ੍ਰਮਾਣ ਹਨ। ਇਸ ਸਫ਼ਰਨਾਮੇ ਨਾਲ ਦੁਨੀਆਂ ਦੇ ਉਸ ਖਿੱਤੇ ਨਾਲ ਜਾਣ ਪਛਾਣ ਹੁੰਦੀ ਹੈ ਜਿਹੜਾ ਆਰਥਿਕ ਹਾਲਾਤਾਂ ਦਾ ਸ਼ਿਕਾਰ ਰਿਹਾ ਹੈ।

ਪਿਆਰੇ ਵਿਦਿਆਰਥੀਓ ! ਅਸੀਂ ਅਤਰਜੀਤ ਕੌਰ ਸੂਰੀ ਦੇ ਸਫ਼ਰਨਾਮੇ 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਦਾ ਵਿਚਾਰਧਾਰਾਈ ਅਧਿਐਨ ਕਰਨ ਲਈ, ਉਸਦੇ ਸਫ਼ਰਨਾਮੇ ਵਿੱਚ ਪੇਸ਼ ਹੇਠ ਲਿਖੇ ਕੁਝ ਪ੍ਰਮੁੱਖ ਨੁਕਤਿਆਂ ਨੂੰ ਆਧਾਰ ਬਣਾਵਾਂਗੇ:

**9.2.1 ਮਾਨਵੀ ਦ੍ਰਿਸ਼ਟੀਕੋਣ:** ਮਨੁੱਖੀ ਨਸਲਾਂ ਦਾ ਆਪਸੀ ਵਿਵਹਾਰ, ਉਨ੍ਹਾਂ ਵਿਚੋਂ ਉਪਜੀਆਂ ਦੁਸ਼ਵਾਰੀਆਂ, ਮਨੁੱਖ ਦੀ ਕਬਜੇ ਦੀ ਭਾਵਨਾ ਤੇ ਹੋਰ ਬਹੁਤ ਕੁਝ ਅਜਿਹੇ ਦੇਸ਼ਾਂ ਵਿਚ ਵਾਪਰਦਾ ਰਿਹਾ ਹੈ। ਜਿਸਦੀ ਗਵਾਹੀ ਇਤਿਹਾਸ ਦੇ ਪੰਨਿਆ ਤੇ ਦਰਜ ਹੈ। ਆਮ ਤੌਰ ਤੇ ਕੈਨੇਡਾ, ਅਮਰੀਕਾ ਇੰਗਲੈਂਡ ਯੂਰਪ ਆਦਿ ਦੇਸ਼ਾਂ ਦੀ ਜ਼ਿੰਦਗੀ ਨੂੰ ਬਿਆਨ ਕਰਦੇ ਸਫ਼ਰਨਾਮੇ ਮਿਲਦੇ ਹਨ, ਪਰ ਮੱਧ ਏਸ਼ੀਆ ਅਤੇ ਅਤੇ ਪੂਰਬੀ ਏਸ਼ੀਆ ਵਿਚਲੇ ਇਨ੍ਹਾਂ ਅਰਬ ਦੇਸਾਂ ਪ੍ਰਤਿ ਮਾਨਵੀ ਦ੍ਰਿਸ਼ਟੀਕੋਣ ਆਪਣੇ ਆਪ ਵਿਚ ਇੱਕ ਵਿਲੱਖਣ ਅਤੇ ਪਛਾਨਣ ਯੋਗ ਕਾਰਜ ਹੈ। ਜਾਰਡਨ ਸੀਰੀਆ ਲਿਬਨਾਨ ਫਲਸਤੀਨ ਈਰਾਨ ਈਰਾਕ ਜਾ ਇਜ਼ਰਾਈਲ ਦੇਸ਼ਾਂ ਦੀ ਆਪਸੀ ਖਹਿਬਾਜੀ, ਮਿਤੱਰਤਾ, ਦੁਸ਼ਮਣੀ, ਸਹਿਯੋਗ ਆਦਿ ਨਾਲ ਆਮ ਪਾਠਕ ਲਈ ਨਵੇਂ ਗਿਆਨ ਦੀ ਸਿਰਜਣਾ ਕਰਦੇ ਅਤੇ ਇਨ੍ਹਾਂ ਦੇਸ਼ਾਂ ਦੀ ਰਾਜਨੀਤਕ, ਭੂਗੋਲਿਕ, ਆਰਥਿਕ, ਇਤਿਹਾਸਿਕ ਅਤੇ ਸਮਾਜਿਕ ਹਾਲਾਤਾਂ ਪ੍ਰਤੀ ਜਾਣਕਾਰੀ ਭਰੂਪਰ ਤੱਥ ਹਨ।

ਇਸ ਸਫ਼ਰਨਾਮੇ ਵਿਚ ਮੁੱਖ ਤੌਰ ਤੇ ਸੀਰੀਆ ਦੇਸ਼ ਦਾ ਵਰਨਣ ਹੈ। ਜਿਸ ਵਿਚ ਉਸਦੀ ਇਤਿਹਾਸਿਕ, ਭੂਗੋਲ, ਅਰਥ ਵਿਵਸਥਾ, ਕਾਨੂੰਨ, ਰਹਿਣ ਸਹਿਣ, ਤੇ ਧਾਰਮਿਕ ਪਹਿਲੂਆਂ ਦਾ ਪ੍ਰਗਟਾਵਾ ਪ੍ਰਮੁੱਖ ਸੰਕਲਪ ਹਨ। ਸੀਰੀਆ ਦਾ ਪੁਰਾਣਾ ਨਾਮ ਸਾਮ ਦੇਸ਼ ਸੀ। ਇਹ ਦੇਸ਼ ਦਸ ਹਜਾਰ ਸਾਲ ਪਹਿਲਾਂ ਉਸਰਿਆ ਦੱਸਿਆ ਗਿਆ ਹੈ। 1936 ਵਿਚ ਇਹ ਦੇਸ਼ ਵਿਦੇਸ਼ੀ ਹਕੂਮਤ ਤੋਂ ਪੂਰੀ ਤਰ੍ਹਾਂ ਮੁਕਤ ਹੋਇਆ। 1958 ਤੋਂ 1966 ਤੱਕ ਇਸ ਦੇਸ਼ ਵਿਚ 19 ਵਾਰ ਰਾਜ ਪਲਟੇ ਹੋਏ। ਫੌਜੀ ਜਰਨੈਲ ਹਾਫ਼ਿਜਦ ਅਲ ਅਸਦ ਨੇ 1967-68 ਵਿਚ ਰਾਜ ਪਲਟ ਕਰਕੇ ਫੌਜੀ ਹਕੂਮਤ ਸਥਾਪਿਤ ਕਰ ਲਈ। ਜਿਸਦੇ ਸਿੱਟੇ ਵਜੋਂ ਇੱਥੇ ਫੌਜੀ ਰਾਜ ਦਾ ਪ੍ਰਚਲਨ ਹੋ ਗਿਆ। ਲੇਖਿਕਾ ਨੇ ਦੱਸਣ ਅਨੁਸਾਰ ਸੀਰੀਆ ਦੇਸ਼ ਆਰੰਭ ਵਿਚ ਬਹੁਤ ਵੱਡਾ ਸੀ। ਰੋਮਨ ਕਾਲ ਸਮੇਂ ਇਸਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਸੀਰੀਆ, ਸੀਰੀਆ ਟੋਨੇਸ਼ੀਆ ਅਤੇ ਸੀਰੀਆ ਪੈਲਸਟਾਈਨ ਅਥਵਾ ਫਲਸਤੀਨ। 1946 ਵਿਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਦੇ ਗਠਜੋੜ ਕਾਰਨ ਸੀਰੀਆ ਦਾ ਮੈਦਾਨੀ ਇਲਾਕਾ ਇੱਕ ਵੱਖਰਾ ਦੇਸ਼ ਅਤੇ ਪਹਾੜੀ ਖੇਤਰ ਨੂੰ ਸੁਤੰਤਰ ਦੇਸ਼ ਲਿਬਨਾਨ ਬਣਾ ਦਿੱਤਾ ਗਿਆ। ਫਲਸਤੀਨ ਤੇ ਅੰਗਰੇਜਾਂ ਦੀ ਹਕੂਮਤ ਸੀ। ਦੂਜੇ ਵਿਸ਼ਵਯੁੱਧ ਵਿਚ ਜਰਮਨੀ ਦੇ ਡਿਕਟੇਟਰ ਹਿਟਲਰ ਦੇ ਯੂਹਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਦੋਂ ਹੀ ਯੂਹਦੀਆਂ ਨੂੰ ਯੂਰਪ ਵਿਚੋਂ ਕੱਢ ਕੇ ਫਲਸਤੀਨ ਦੀ ਧਰਤੀ ਤੇ ਵਸਾਇਆ ਗਿਆ। ਫਲਸਤੀਨ ਵਿਚੋਂ ਇਸਰਾਈਲ ਦੇਸ਼ ਹੋਂਦ ਵਿਚ ਆਇਆ। ਸੀਰੀਆ ਫਿਰ ਤਿੰਨ ਭਾਗਾਂ ਵਿਚ ਵੰਡਿਆ ਗਿਆ। ਸੀਰੀਆ, ਲਿਬਨਾਨ ਅਤੇ ਇਜਰਾਈਲ। ਇੱਥੋਂ ਹੀ ਅਰਬਾਂ ਦੀ ਯਹੂਦੀਆਂ ਨਾਲ ਦੁਸ਼ਮਣੀ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਯਹੂਦੀ ਪੜੇ ਲਿਖੇ, ਮਹਾਜਨੀ ਸੋਚ ਵਾਲੇ ਹੋਣ ਕਾਰਣ ਯੂਰਪ ਵਿਚ ਜਾ ਵੱਸੇ, ਜਿਸ ਕਰਕੇ ਫਲਸਤੀਨ ਵਿਚ ਮੁਸਲਮਾਨਾਂ ਦੀ ਆਬਾਦੀ 93% ਹੋ ਗਈ। ਸੀਰੀਆ ਅਤੇ ਇਜ਼ਰਾਈਲ ਦੀਆਂ ਸਰਹੱਦਾਂ ਸਾਂਝੀਆਂ ਹੋਣ ਕਾਰਨ ਸਦਾ ਟਕਰਾਉ ਵਾਲੀ ਸਥਿਤੀ ਬਣੀ ਰਹਿੰਦੀ ਹੈ। ਹਿਟਲਰ ਦੇ ਰਵੱਈਏ ਤੋਂ ਤੰਗ ਆ ਕੇ ਇੰਗਲੈਂਡ ਅਤੇ ਅਮਰੀਕਾ ਨੇ ਯਹੂਦੀਆਂ ਦੀ ਮੱਦਦ ਕੀਤੀ। ਲੀਗ ਆਫ ਨੇਸ਼ਨਜ ਵਿਚ ਯਹੂਦੀਆਂ ਲਈ ਵਖਰੇ ਹੋਮਲੈਂਡ ਦਾ ਸਮਰਥਨ

ਕੀਤਾ ਜਿਸ ਨਾਲ ਅਰਬ ਦੇਸ਼ ਨਾਖੁਸ਼ ਸਨ। ਪੈਲਸਟਾਈਨ ਵਿਚ ਪੱਛਮੀ ਦੇਸ਼ਾਂ ਵਿਚ ਆ ਕੇ ਵੱਸੇ ਯਹੂਦੀ ਉਨ੍ਹਾਂ ਦੀ ਧਰਤੀ ਨੂੰ ਮਲਕੀਅਤ ਬਣਾ ਬੈਠੇ ਜਿਹੜੇ 93% ਲੋਕਾਂ ਤੇ ਰਾਜ ਕਰਨ ਯੋਗ ਹੋ ਗਏ। ਗੋਰਿਆਂ ਨੇ ਫਿਰ ਚਾਲ ਚੱਲੀ ਜਿਸ ਕਾਰਨ ਪਲਸਟੀਨ ਅਤੇ ਸੀਰੀਆ ਵਿਚੋਂ ਇੱਕ ਹੋਰ ਦੇਸ਼ ਸਥਾਪਿਤ ਹੋ ਗਿਆ। ਜਿਸਦਾ ਨਾਮ ਜਾਰਡਨ ਹੈ। ਇੰਜ ਲੇਖਿਕਾ ਵਲੋਂ ਇਨ੍ਹਾਂ ਦੇਸ਼ਾਂ ਵਿਚਲੇ ਤਣਾਉ ਦਾ ਮੂਲ ਕਾਰਣ ਦੱਸਦਿਆਂ ਇਨ੍ਹਾਂ ਦੇਸ਼ਾਂ ਦੀ ਆਪਸੀ ਰੰਜਿਸ਼ ਦੇ ਕਾਰਣ ਸਮਝ ਆਉਂਦੇ ਹਨ। ਇਸ ਨਾਲ ਆਮ ਪਾਠਕ ਦੇ ਗਿਆਨ ਵਿਚ ਵਾਧਾ ਹੁੰਦਾ ਹੈ ਅਤੇ ਇਸਦੇ ਨਾਲ ਹੀ ਇਨ੍ਹਾਂ ਦੇਸ਼ਾਂ ਦੀ ਸੰਰਚਨਾ ਅਤੇ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਜਿਹੀ ਗਿਆਨ ਭਰਪੂਰ ਜਾਣਕਾਰੀ ਦੀ ਤਵੱਜੋਂ ਸਫ਼ਰਨਾਮੇ ਵਿਚ ਅਵੱਸ਼ ਕੀਤੀ ਜਾਂਦੀ ਹੈ।

ਇਨ੍ਹਾਂ ਪਹਾੜੀਆਂ ਤੇ ਬਣੇ ਸ਼ਹਿਰ ਅਤੇ ਸੱਤਵੀ ਈਸਵੀ ਵਿਚ ਆਏ ਭੁਚਾਲ ਨੇ ਸ਼ਹਿਰ ਨੂੰ ਬਰਬਾਦ ਕਰਨ ਦਾ ਵਰਨਣ ਕਰਨ ਉਪਰੰਤ ਲੇਖਿਕਾ ਕਵਿਊ ਵਿੱਚ ਸ਼ੈਲੀ ਵਿਚ ਆਪਣੇ ਹਾਵ ਭਾਵ ਵਰਨਣ ਕਰਦੀ ਹੋਈ ਕਹਿੰਦੀ ਹੈ, "ਮਨੁੱਖ ਮਨੁੱਖ ਚੋਂ ਹੀ ਜਨਮ ਲੈਂਦਾ ਹੈ ਅਤੇ ਇਸੇ ਮਿੱਟੀ ਵਿਚ ਜਾ ਮਿਲਦਾ ਹੈ। ਉਸਦਾ ਕਣ ਕਣ ਇਸ ਵਿਚ ਸਮਾ ਜਾਂਦਾ ਹੈ। ਮੁੜ ਕਿਤੇ ਉਹੀ ਕਣ ਨਵੇਂ ਰੂਪ ਵਿਚ ਜਨਮਦੇ ਤੇ ਫਿਰ ਬਿਨਸਦੇ ਹਨ"।

ਭਾਰਤ ਵਿਚ ਰਹਿੰਦਿਆਂ ਹਰ ਕੋਈ ਕਸ਼ਮੀਰਨਾਂ ਤੇ ਸੁਹੱਪਣ ਦੀ ਤਾਰੀਫ ਕਰਦਾ ਹੈ। ਕਸ਼ਮੀਰ ਦੀਆਂ ਸੈਰਗਾਹਾਂ ਉਤੇ ਪਿਕਨਿਕ ਕਰਨ ਆਈਆਂ ਕਸ਼ਮੀਰਨਾਂ ਦੇ ਹੁਸਨ ਤੋਂ ਨਜ਼ਰ ਤਿਲਕ ਤਿਲਕ ਜਾਂਦੀ ਹੈ। ਪਰ ਦਮਸ਼ਕ ਦੀਆਂ ਕੋਹ ਕਾਫ ਦੀਆਂ ਪਰੀਆਂ ਵਰਗੀ ਸੁੰਦਰਤਾ ਸ਼ਾਇਦ ਸਮੁੱਚੇ ਸੰਸਾਰ ਵਿਚ ਕਿਤੇ ਨਹੀਂ ਹੋਵੇ। ਨੰਨੇ ਬੱਚੇ, ਕਮਸਿਨ ਬਾਲੜੀਆਂ, ਨੌਜਵਾਨ ਮੁਟਿਆਰਾਂ ਭਰ ਜੋਬਨ ਉਤੇ ਅਪੜੀਆਂ ਅਪਸਰਵਾ ਵਰਗੀਆਂ ਸੁੰਦਰੀਆਂ, ਅੱਧਖੜ ਅਤੇ ਬਜਰੁਗ ਔਰਤਾਂ ਨੂੰ ਵੇਖ ਕੇ ਇਉਂ ਲਗਦਾ ਹੈ ਜਿਵੇਂ ਕਾਦਰ ਨੇ ਪੂਰੀ ਫੁਰਸਤ ਦੇ ਪਲਾਂ ਵਿਚ ਇਨ੍ਹਾਂ ਦੀ ਸਿਰਜਨਾ ਕੀਤੀ ਹੋਵੇ। ਇਨ੍ਹਾਂ ਵਿਚ ਜਾਨ ਭਰਨ ਵੇਲੇ ਸ਼ਾਇਦ ਰੱਬ ਆਪ ਵੀ ਰੋਮਾਂਚਿਕ ਹੋ ਗਿਆ ਹੋਵੇ।

ਇੰਜ ਹੀ ਇੰਗਲੈਂਡ ਦੇ ਲੋਕਾਂ ਦੀ ਦੌੜਦੀ ਹਫਦੀ ਤੇ ਨੀਰਸ ਜ਼ਿੰਦਗੀ ਦਾ ਵਰਨਣ ਕਰਦਿਆਂ ਸੀਰੀਆ ਦੇ ਲੋਕਾਂ ਦੀ ਧੀਰਜ ਨਾਲ ਭਰੀ ਹੋਈ ਜ਼ਿੰਦਗੀ ਦਾ ਵਰਨਣ ਕਰਦੀ ਹੈ। ਕਾਨੂੰਨ ਵਿਵਸਥਾ ਦਾ ਜ਼ਿਕਰ ਇਕ ਘਟਨਾ ਰਾਹੀ ਕਰਦੀ ਹੋਈ ਲੇਖਿਕਾ ਪੰਜਾਬ ਵਿਚਲੇ ਤੰਤਰ ਤੇ ਤਨਜ ਕੱਸਦੀ ਹੈ। ਈਰਾਨ ਦੇ ਵਪਾਰੀ ਨੇ ਵਧੇਰੇ ਮੁਨਾਫਾ ਕਮਾਉਣ ਲਈ ਡਬਲਰੋਟੀ ਦੇ ਨਿਸ਼ਚਿਤ ਵਜਨ ਨਾਲੋਂ ਹਲਕੀ ਰੋਟੀ ਬਣਾਉਣੀ ਸ਼ੁਰੂ ਕਰ ਦਿੱਤੀ। ਸਰਕਾਰ ਕੋਲ ਸ਼ਿਕਾਇਤ ਪਹੁੰਚੀ। ਉਸ ਵਿਅਕਤੀ ਨੂੰ ਜਿੰਦਾ ਉਸਦੀ ਬੇਕਰੀ ਦੀ ਭੱਠੀ ਵਿਚ ਝੋਂਕ ਦਿੱਤਾ ਗਿਆ। ਲੇਖਿਕਾ ਅਨੁਸਾਰ, "ਅਜਿਹੇ ਵੇਲੇ ਮੈਨੂੰ ਆਪਣੇ ਦੇਸ਼ ਦੇ ਵਾਸੀਆਂ ਵਲੋਂ ਭ੍ਰਿਸ਼ਟਾਚਾਰ ਦੀਆਂ ਨਿਤ ਹੁੰਦੀਆਂ ਕਹਾਣੀਆਂ ਯਾਦ ਆਈਆਂ ਜਿੱਥੇ ਕਿਸੇ ਦੀ ਧੀ ਭੈਣ ਸੁਰਖਿਅਤ ਨਹੀਂ। ਕਿਸੇ ਦੇ ਧੰਨ ਦੀ ਜ਼ਿੰਮੇਵਾਰੀ ਕਾਨੂੰਨ ਦੇ ਰਾਖਿਆਂ ਉੱਤੇ ਨਹੀਂ ਆਉਂਦੀ ਔਰਤਾਂ ਨਾਲ ਨਿੱਤ ਹੁੰਦੇ ਪੁਲੀਸ ਕਰਮਚਾਰੀਆਂ ਵਲੋਂ ਬਲਾਤਕਾਰ ਦੇ ਸਮਾਚਾਰਾਂ ਨੇ ਪੂਰੀ ਭਾਰਤੀ ਕੌਮ ਨੂੰ ਲਾਵਾਰਸ ਬਣਾ ਦਿੱਤਾ। ਕਾਨੂੰਨ ਤਾਂ ਜਿਵੇਂ ਮਜਾਕ ਬਣ ਕੇ ਰਹਿ ਗਿਆ ਹੋਵੇ"।

**9.2.2 ਸੱਭਿਅਤਾ ਅਤੇ ਧਰਮ :** ਸਫ਼ਰਨਾਮੇ ਦੇ ਸਮੁੱਚੇ ਬਿਰਤਾਂਤ ਵਿਚ ਹਰੇਕ ਸੰਕਲਪ ਨੂੰ ਆਪਣੇ ਦੇਸ਼ ਦੀ ਸਭਿਅਤਾ ਰਾਜਨੀਤੀ ਇਤਿਹਾਸਿਕ ਘਟਨਾਵਾਂ ਨਾਲ ਜੋੜ ਕੇ ਵੇਖਣ ਤੇ ਉਸ ਪ੍ਰਤਿ ਟਿੱਪਣੀ ਸਾਰਥਿਕ ਸੋਚ ਦੀ ਧਾਰਨੀ ਹੈ। ਨਾਈਟ ਕੈਸੀਉ ਕਿਲ੍ਹੇ ਉੱਪਰ ਅੰਗਰੇਜਾਂ ਦੇ ਕਬਜ਼ੇ ਉਪਰੰਤ ਸਲਾਰਦੀਨ ਦੀ ਫਤਹਿ ਤੇ ਉਸਦਾ ਗਿਰਜੇ ਨੂੰ ਮਸਜਿਦ ਦਾ ਪੂਰ ਦੇਣਾ, ਗਿਰਜੇ ਦੀ ਇਮਾਰਤ ਅੰਦਰ ਬਾਂਗ ਦੇਣ ਲਈ ਪੌੜੀਆਂ ਬਣਾ ਕੇ ਮੀਨਾਰ ਉਸਾਰਨ ਦਾ ਭਾਵ ਇਹ ਦਰਸਾਉਂਦਾ ਹੈ ਕਿ ਲੜਾਈਆਂ ਉਪਰੰਤ ਹੋਈਆਂ ਜਿੱਤਾਂ ਧਰਮ ਦੁਆਰੇ ਵੀ ਬਦਲਣ ਦਾ ਕਾਰਣ ਬਣਦੀਆਂ ਹਨ। ਜਿਵੇਂ ਭਾਰਤ ਵਿਚ ਰਾਮ ਜਨਮ ਭੂਮੀ ਅਤੇ ਬਾਬਰੀ ਮਸਜਿਦ ਦਾ ਝਗੜਾ ਵੀ ਇਸ ਤਰ੍ਹਾਂ ਦਾ ਹੀ ਸੰਕੇਤ ਦਿੰਦਾ ਹੈ। ਅਜਿਹਾ ਵਰਤਾਰਾ ਹਕੂਮਤ ਕਰਨ ਦੀ ਰੁਚੀ ਅਤੇ ਤਾਕਤ ਦਾ ਸਿੱਕਾ ਜਮਾਉਣ ਦੀ ਬਿਰਤੀ ਤੋਂ ਜਨਮ ਲੈਂਦਾ ਹੈ। ਬਹੁਤ ਸਾਰੀਆਂ

ਉਦਾਹਰਣਾਂ ਇਤਿਹਾਸ ਵਿਚੋਂ ਮਿਲ ਜਾਂਦੀਆਂ ਹਨ। ਜਦੋਂ ਆਪਣੇ ਹੀ ਦੇਸ਼ ਵਾਸੀਆਂ ਉਤੇ ਜ਼ੁਲਮ ਢਾਹੇ ਗਏ। ਲੇਖਿਕਾ ਹਾਮਾ ਦੇ ਅਜਾਇਬ ਘਰ ਨੂੰ ਵੇਖਣ ਜਾਣ ਤੋਂ ਪਹਿਲਾਂ ਇਸਦੇ ਅਤੀਤ ਨੂੰ ਘੋਖਦੀ ਹੋਈ, ਜਦੋਂ ਵਿਰੋਧੀਆਂ ਦਾ ਖਾਤਮਾ ਕਰਨ ਲਈ ਸਰਕਾਰ ਨੇ ਉਨ੍ਹਾਂ ਉਤੇ ਟੈਂਕਾਂ ਮਿਜ਼ਾਇਲਾਂ ਅਤੇ ਹਵਾਈ ਹਮਲਿਆਂ ਨਾਲ ਕੁਲ ਵਸੋਂ ਦਾ ਖਾਤਮਾ ਕਰ ਦਿੱਤਾ ਸੀ, ਨਮਾਜ ਪੜ੍ਹਦੇ ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ, ਤਕਰੀਬਨ ਵੀਹ ਹਜਾਰ ਦੇ ਕਰੀਬ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ, ਦਾ ਭਾਰਤੀ ਫੌਜ ਵਲੋਂ 1984 ਵਿਚ ਦਰਬਾਰ ਸਾਹਿਬ ਤੇ ਕੀਤੇ ਹਮਲੇ ਨਾਲ ਤੁਲਨਾਉਂਦੀ ਹੋਈ ਲਿਖਦੀ ਹੈ।

"ਉਸ ਵੇਲੇ ਸੰਨ 1984 ਵਿਚ ਸ਼੍ਰੀ ਦਰਬਾਰ ਸਾਹਿਬ ਉਤੇ ਹੋਈ ਕਾਰਵਾਈ ਦਾ ਅੱਖੀ ਡਿੱਠਾ ਭਿਆਨਕ ਨਜ਼ਾਰਾ ਮੇਰੀਆਂ ਅੱਖਾਂ ਸਾਹਵੇਂ ਸੀ। ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸੈਂਕੜੇ ਬੇਕਸੂਰ ਬੱਚੇ, ਬਜਰੁਗ ਜਵਾਨ ਅਤੇ ਇਸਤਰੀਆਂ ਆਪਣੀ ਹੀ ਫੌਜ ਹੱਥੋਂ ਸ਼ਹਾਦਤ ਦੇ ਜਾਮ ਪੀ ਗਏ ਸਨ। ਇਹ ਹਿਰਦੇ ਵਰਧਕ ਸੱਚ ਸੁਤੰਤਰ ਭਾਰਤ ਦਾ ਸਦੀਵੀ ਕਾਲਾ ਇਤਿਹਾਸ ਹੈ"।

ਇੰਜ ਹੀ ਸੀਰੀਅਨ ਲੋਕਾਂ ਦੀ ਜਿੰਦਗੀ ਨੂੰ ਰੱਜ ਕੇ ਜੀਉਣ ਦੀ ਖਾਹਿਸ਼ ਦਾ ਵਰਨਣ ਮਿਲਦਾ ਹੈ, ਜਿਥੇ ਹਰੇਕ ਸੀਰੀਅਨ ਸ਼ਾਮ ਵੇਲੇ ਆਪਣੇ ਘਰ ਰਹਿਣਾ ਪਸੰਦ ਨਹੀਂ ਕਰਦਾ। ਇੰਜ ਲੱਗਦਾ ਜਿਵੇਂ ਸਾਰਾ ਸ਼ਹਿਰ ਹੀ ਹੁੰਮਾ ਹੁਮਾ ਕੇ ਸੜਕਾਂ ਤੇ ਪਾਰਕਾਂ ਵਿਚ ਆ ਗਿਆ ਹੋਵੇ। ਮੌਸਮ ਦੀ ਰੰਗੀਨੀ ਨੂੰ ਮਾਨਣਾ ਇਹਨਾਂ ਲੋਕਾਂ ਦੇ ਸ਼ੌਕ ਹਨ। ਰਾਤ ਦੇ ਬਾਰਾਂ ਵਜੇ ਤਕ ਹੋਟਲਾਂ ਪਾਰਕਾਂ ਸੜਕਾਂ ਤੇ ਅੱਤ ਦੀ ਰੌਣਕ ਦਾ ਵਰਨਣ ਕਰਦਿਆਂ ਲੇਖਿਕਾ ਪੰਜਾਬ ਵਿਚਲੇ ਕਾਲੇ ਦਿਨਾਂ ਦੀ ਯਾਦ ਨੂੰ ਇਸ ਵਾਤਾਵਰਣ ਨਾਲ ਤੁਲਨਾ ਕਰਦੀ ਹੋਈ ਭਾਵੁਕ ਅੰਦਾਜ਼ ਵਿਚ ਲਿਖਦੀ ਹੈ।

"ਉਦੋਂ ਮੈਨੂੰ ਆਪਣੇ ਪੰਜਾਬ ਦੇ ਸਾਹ ਘੁੱਟਵੇ ਤੇ ਭੈਭੀਤ ਦਿਨ ਯਾਦ ਆ ਗਏ ਜਿਥੇ ਚੈਨ ਦਾ ਸਾਹ ਲੈਣਾ ਮੁਸ਼ਕਿਲ ਹੋ ਗਿਆ ਸੀ। ਹਨੇਰਾ ਪੈਣ ਤੋਂ ਪਹਿਲਾਂ ਹਰ ਕੋਈ ਘਰਾਂ ਵਲੋਂ ਦੌੜਦਾ। ਘਰਾਂ ਦੇ ਬੂਹੇ ਬਾਰੀਆਂ ਬੰਦ। ਕਿਸੇ ਅਜਨਬੀ ਲਈ ਦਰਵਾਜਾ ਖੋਲਣਾ ਵਰਜਿਤ। ਬੱਸਾਂ ਕਾਰਾਂ ਤੇ ਰੇਲ ਗੱਡੀਆਂ ਦਾ ਸਫ਼ਰ ਖਤਰੇ ਤੋਂ ਖਾਲੀ ਨਹੀਂ। ਆਏ ਦਿਨ ਕਿਤੇ ਬੰਬ ਫਟ ਜਾਂਦੇ, ਕਿਤੇ ਗੋਲੀ ਕਾਂਡ ਵਾਪਰ ਜਾਂਦਾ। ਜ਼ਿੰਦਗੀ ਹਰ ਘੜੀ ਮੌਤ ਦੇ ਸਾਏ ਹੇਠ ਨਿਕਲਦੀ ਪ੍ਰਤੀਤ ਹੁੰਦੀ"।

ਸੀਰੀਆ ਅਤੇ ਲਿਬਨਾਨ ਦੋਵੇ ਦੇਸ਼ ਹੱਦਬੰਦੀਆਂ ਦੀ ਸਾਂਝ ਦੇ ਬਾਵਜੂਦ ਆਪਸ ਵਿਚ ਬਹੁਤ ਭਿੰਨਤਾਵਾਂ ਰੱਖਦੇ ਹਨ। ਲੇਖਿਕਾ ਨੇ ਇਥੋਂ ਦੀ ਸਰਕਾਰ, ਕਾਨੂੰਨ ਵਿਵਸਥਾ, ਅਰਥ ਵਿਵਸਥਾ ਤੇ ਪ੍ਰਬੰਧ ਦਾ ਕਾਫੀ ਮਹੀਨ ਲੇਖਾ ਜੋਖਾ ਕਰਨ ਦਾ ਉਪਰਾਲਾ ਕੀਤਾ ਹੈ। ਸੀਰੀਆ ਇਕ ਮੁਸਲਮਾਨ ਦੇਸ਼ ਹੈ। ਲਿਬਨਾਨ ਵਿਚ ਮੁਸਲਮਾਨ ਬਹੁ ਗਿਣਤੀ ਵਿਚ ਹੋਣ ਕਾਰਨ ਸੀਰੀਆ ਉਨ੍ਹਾਂ ਦੀ ਮਦਦ ਦੇ ਬਹਾਨੇ ਅਪ੍ਰਤੱਖ ਰੂਪ ਵਿਚ ਉਸਦੇ ਕੰਮਾਂ ਕਾਰਾਂ ਵਿਚ ਦਖਲ ਅੰਦਾਜ਼ੀ ਕਰਦਾ ਹੈ। 1989 ਤੋਂ ਚਾਲੀ ਹਜਾਰ ਸੀਰੀਅਨ ਫੌਜਾਂ ਲੈਬਨਾਨ ਦੇ ਵੱਖ ਵੱਖ ਥਾਵਾਂ ਤੇ ਡੇਰਾ ਜਮਾਈ ਬੈਠੀਆਂ ਹਨ। ਕਈ ਵਾਰ ਦੂਜੇ ਧੜੇ ਉਤੇ ਸੀਰੀਅਨ ਫੌਜਾਂ ਹਮਲਾ ਕਰਕੇ ਉਨ੍ਹਾਂ ਨੂੰ ਉਖਾੜਨ ਦਾ ਭਰਪੂਰ ਯਤਨ ਕਰਦੀਆਂ ਹਨ। ਸੀਰੀਆ ਦੀ ਲੈਬਨਾਨ ਵਿਚ ਦਖਲ ਅੰਦਾਜ਼ੀ ਤੋਂ ਗੁਆਢੀ ਦੇਸ਼ ਵੀ ਪ੍ਰੇਸ਼ਾਨ ਹਨ।

ਡਾ. ਇਕਬਾਲ ਸਿੰਘ ਭੋਮਾ ਅਨੁਸਾਰ ਇਸ ਸਫ਼ਰਨਾਮਾ ਵਿਚ ਇਤਿਹਾਸਿਕ ਪਿਛੋਕੜ, ਪੰਜਾਬੀਆਂ ਦਾ ਰਹਿਣ ਸਹਿਣ, ਖੁਰਾਕ, ਰਾਜਨੀਤੀ, ਧਰਮ, ਭਾਸ਼ਾ, ਭੂਗੋਲ ਆਦਿ ਹਰੇਕ ਪਹਿਲੂ ਤੋਂ ਤੁਲਨਾਤਮਕ ਅਧਿਐਨ ਕਰਨ ਲਈ ਬਹੁਤ ਸੰਭਾਵਨਾਵਾਂ ਹਨ। ਅਜਿਹੀਆਂ ਸੰਭਾਵਨਾਵਾਂ ਦਾ ਮੁਤਾਲਿਆ ਰਚਨਾ ਦੇ ਬਹੁ ਪਾਸਾਰੀ ਤੇ ਬਹੁ ਅਰਥੀ ਹੋਣ ਦਾ ਸੰਕੇਤ ਹੈ। ਜੀਵਨ ਜਾਂਚ ਹੀ ਮਨੁੱਖੀ ਜ਼ਿੰਦਗੀ ਦਾ ਕੇਂਦਰੀ ਨੁਕਤਾ ਹੈ। ਜਿਸ ਦੁਆਲੇ ਬਾਕੀ ਸਾਰੇ ਸੰਕਲਪ ਘੁੰਮਦੇ ਹਨ। ਸਫ਼ਰਨਾਮੇ ਵਿਚਲੇ ਅਜਿਹੇ ਅੰਸ਼ ਬਹੁਤ ਹਨ ਪਰ ਸੀਮਾ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆ ਉਹਨਾਂ ਉਪਰ ਕੇਵਲ ਸੰਕੇਤ ਮਾਤਰ ਹੀ ਉਦਾਹਰਣਾਂ ਦੇ ਕੇ ਇਸ ਪੱਖ ਨਾਲ ਜਾਣੂ ਕਰਵਾਉਣਾ ਸਾਡੀ ਸੀਮਾ ਨੂੰ ਸਮਝਿਆ ਜਾ ਸਕਦਾ ਹੈ।

ਡਾ. ਕੰਵਲਪ੍ਰੀਤ ਕੌਰ ਅਨੁਸਾਰ, ਅਤਰਜੀਤ ਸੂਰੀ ਆਪਣੇ ਚਿੰਤਨ ਵਿਚ ਨਾ ਭਾਵੁਕ ਹੈ ਨਾ ਉਲਾਰ। ਉਸਦੀ ਵਾਰਤਕ ਸ਼ੈਲੀ ਦਾ ਵੱਡੀ ਸਿਫਤ ਉਸਦੀ ਸਰਲਤਾ ਹੈ। ਉਹ ਗੰਭੀਰ ਤੇ ਸੰਜੀਦਾ ਵਿਸ਼ੇ ਨੂੰ ਸਿਰਜਨਾਤਮਕ ਰੰਗਤ ਦੇਣ ਵਿਚ ਸਮਰੱਥ ਹੈ। ਉਸਦੀ ਸ਼ੈਲੀ ਦਾ ਇਕ ਹੋਰ ਗੁਣ ਸੁਗਮਤਾ ਹੈ। ਸੁਗਮਤਾ ਦਾ ਸਬੰਧ ਪਾਠਕ ਦੀ ਸੂਝ ਬੂਝ ਨਾਲ ਹੁੰਦਾ ਹੈ ਅਤੇ ਸਫਲਤਾ ਦਾ ਵਾਕ ਬਣਤਰ ਨਾਲ। ਸੁਗਮਤਾ ਵਿਸ਼ੈ-ਵਸਤੂ ਨੂੰ ਪਾਠਕ ਤਕ ਸਹਿਜੇ ਹੀ ਸੰਚਾਰਦੀ ਹੈ। ਇਸਦਾ ਸੰਚਾਰ ਇਕ ਰਸ ਹੁੰਦਾ ਰਹਿੰਦਾ ਹੈ। ਇਸ ਸਫ਼ਰਨਾਮੇ ਦੀ ਵਾਰਤਕ ਸਹਿਜ ਚਾਲ (relaxed) ਤੁਰਨ ਵਾਲੀ ਹੈ। ਇਹ ਵਾਰਤਕ ਰਸੀਏ ਮਨ ਦੀ ਸਿਰਜਨਾ ਹੈ। ਸਾਫ ਸੁਥਰੀਆਂ ਗੱਲਾਂ, ਰੋਸ਼ਨ ਜੁਬਾਨ, ਸੰਘਣਾ ਪ੍ਰਭਾਵ ਇਸਦੇ ਵਿਆਪਕ ਗੁਣ ਲੱਛਣ ਹਨ। ਇਥੋਂ ਹੀ ਇਸ ਸ਼ੈਲੀ ਦਾ ਇਕ ਹੋਰ ਪਾਸਾਰ ਸ਼ੁਰੂ ਹੁੰਦਾ ਹੈ, ਜਿਸਨੂੰ ਲੋਕ ਸ਼ੈਲੀ ਕਿਹਾ ਜਾ ਸਕਦਾ ਹੈ। ਜੇ ਲੇਖਿਕਾ ਗਲੀਆਂ ਦਾ ਵਰਣਨ ਕਰਦੀ ਹੈ ਤਾਂ ਉਨ੍ਹਾਂ ਵਿਚ ਰਹਿਣ ਵਾਲਿਆਂ ਦੇ ਬਿਰਤਾਂਤ ਨੂੰ ਵੀ ਪਹਿਤ ਕਰਕੇ ਪੇਸ਼ ਕਰਦੀ ਹੈ। ਇਸ ਸਫ਼ਰਨਾਮੇ ਵਿਚ ਵਰਣਨ ਦੇ ਨਾਲ ਨਾਲ ਬਿਰਤਾਂਤਕ ਰੰਗਤ ਵੀ ਖਾਸੀ ਗੂੜ੍ਹੀ ਹੈ।

"ਲੱਗਦਾ ਸੀ ਕਿ ਪੰਦਰਾ ਸਦੀਆਂ ਪਹਿਲਾਂ ਵੀ ਲੋਕੀਂ ਘਰਾਂ ਦੀ ਸਜਾਵਟ ਅਤੇ ਸੁੰਦਰਤਾ ਉਤੇ ਚੋਖਾ ਸਮਾਂ ਅਤੇ ਪੈਸਾ ਖਰਚ ਕਰਦੇ ਹੋਣਗੇ"।

**9.2.3 ਮਾਨਸਿਕਤਾ ਤੇ ਮਨੋਵਿਗਿਆਨਕ ਦਸ਼ਾ:** ਸਫ਼ਰਨਾਮਾ ਵਿਧਾ ਰਾਹੀਂ ਘੁੰਮਦੀ ਫਿਰਦੀ ਲੇਖਕ ਸ਼ਰੇਣੀ ਦੀ ਮਾਨਸਿਕਤਾ ਤੇ ਮਨੋਵਿਗਿਆਨਕ ਦਸ਼ਾ ਦਾ ਪ੍ਰਗਟਾਵਾ ਹੁੰਦਾ ਹੈ। ਸਫ਼ਰ ਸਬੰਧੀ ਲਿਖੀ ਰਚਨਾ ਇਕ ਅਜ਼ਾਦ ਰੂਹ ਦਾ ਪ੍ਰਤੀਬਿੰਬ ਹੁੰਦੀ ਹੈ। ਲੇਖਿਕਾ ਦੀ ਮਨੋਵਿਗਿਆਨਿਕ ਸਥਿਤੀ ਦਾ ਪ੍ਰਗਟਾਵਾ ਇਸ ਸਫ਼ਰਨਾਮੇ ਵਿਚ ਹੁੰਦਾ ਹੈ ਜਦੋਂ ਉਹ ਜਾਰਡਨ ਦੀ ਸੈਰ ਸਮੇਂ ਪੈਟਰਾਂ ਲੋਕਾਂ ਬਾਰੇ ਆਪਣਾ ਨਿੱਜੀ ਦ੍ਰਿਸ਼ਟੀਕੋਣ ਪ੍ਰਸਤੁਤ ਕਰਦੀ ਹੈ। ਰੌਚਿਕਤਾ ਦੀ ਜੁਗਤ ਵੀ ਸਫ਼ਰਨਾਮੇ ਦਾ ਮਹੱਤਵਪੂਰਣ ਤੱਤ ਹੈ। ਇਸ ਰਾਹੀਂ ਸਫ਼ਰਨਾਮਾਕਾਰ ਆਪਣੇ ਪ੍ਰਭਾਵਾਂ, ਪ੍ਰਤੀਕਿਰਿਆਵਾਂ ਤੇ ਸੰਵੇਦਨਾਵਾਂ ਨੂੰ ਮਹੱਤਵ ਦਿੰਦਾ ਹੈ ਅਤੇ ਦੇਸ਼-ਵਿਦੇਸ਼ ਵਿਚ ਖਿੱਲਰੇ ਇਤਿਹਾਸ ਨੂੰ ਸੰਸਕ੍ਰਿਤੀ ਤੇ ਸਮਾਜ ਨੂੰ ਆਪੋ ਵਿਚ ਸੰਜੋਅ ਕੇ ਉਸਦੀ ਅਭਿਵਿਅਕਤੀ ਕਰਦਾ ਹੈ। ਰੌਚਿਕਤਾ ਤੇ ਰਸਿਕਤਾ ਭਰਨ ਲਈ ਲੇਖਕ ਵਲੋਂ ਦ੍ਰਿਸ਼ ਚਿਤਰਨ, ਹਾਸ-ਰਸੀ ਵੇਰਵੇ, ਕਾਵਿ-ਟੁਕਾਂ, ਚੁਟਕਲੇ, ਸ਼ੇਅਰ ਆਦਿ ਦੀ ਵਰਤੋ ਕੀਤੀ ਜਾਂਦੀ ਹੈ। ਇਨ੍ਹਾਂ ਰਾਹੀਂ ਪਾਠਕ ਦੀ ਬੋਰੀਅਤ ਦੂਰ ਹੁੰਦੀ ਹੈ ਅਤੇ ਰੌਚਿਕ ਵਰਣਨ ਸਦਕਾ ਉਹ ਹੋਰ ਅੱਗੇ ਜਾਣਨ ਲਈ ਉਤਸਕ ਹੁੰਦਾ ਹੈ। ਹਥਲੀ ਰਚਨਾ ਵਿਚ ਲੇਖਿਕਾ ਦਾ ਸਫ਼ਰ ਸਬੰਧੀ ਬਿਰਤਾਂਤ ਰੌਚਿਕ ਅਤੇ ਰਸਿਕ ਹੈ। ਸਥਾਨਕ ਅਤੇ ਤੱਥਾਤਮਕ ਵੇਰਵੇ ਵੀ ਰੌਚਿਕ ਭਰਪੂਰ ਹਨ। ਕਈ ਥਾਂਈਂ ਉਹ ਲੋਕ ਗੀਤਾਂ ਅਤੇ ਸ਼ੇਅਰਾਂ ਰਾਹੀਂ ਵਰਣਨ ਕਰਦੀ ਹੋਈ ਸਥਾਨਕ ਜਾਣਕਾਰੀ ਮਹੁੱਈਆ ਕਰਦੀ ਹੈ। ਜਿਵੇਂ ਸੀਰੀਅਨ ਲੋਕਾਂ ਦੇ ਸੁਭਾਅ ਬਹੁਤ ਚੰਗੇ ਹੋਣ ਕਾਰਨ ਉਸਦਾ ਉਨ੍ਹਾਂ ਨੂੰ ਛੱਡਣ ਨੂੰ ਦਿਲ ਨਹੀਂ ਕਰਦਾ ਤਾਂ ਉਹ ਭਾਰਤੀ ਹਿੰਦੀ ਫ਼ਿਲਮ 'ਹਮ ਦੋਨੋਂ' ਦੇ ਗੀਤ ਦੇ ਇਹ ਬੋਲ ਲਿਖਦੀ ਹੈ

ਅਭੀ ਨਾ ਜਾਉ ਛੋੜ ਕੇ, ਦਿਲ ਅਭੀ ਭਰਾ ਨਹੀਂ

ਸਫ਼ਰਨਾਮਾ ਦੀ ਭਾਸ਼ਾ ਉਸਦੇ ਮਨੋਭਾਵਾਂ ਦੀ ਅਭਿਵਿਅਕਤੀ ਦਾ ਸਾਧਨ ਹੈ ਜਿਸ ਰਾਹੀਂ ਉਹ ਆਪਣੇ ਅਨੁਭਵ, ਪ੍ਰਭਾਵਾਂ ਅਤੇ ਆਪਣੀਆਂ ਭਾਵਨਾਵਾਂ ਨੂੰ ਵਿਚਾਰ ਕਰਕੇ ਪ੍ਰਗਟਾਉਂਦੇ ਹਨ। ਭਾਸ਼ਾ ਸੰਚਾਰ ਤੇ ਵਿਚਾਰ ਪ੍ਰਗਟਾਵੇ ਦਾ ਸਾਧਨ ਹੋਣ ਕਾਰਨ ਮਨੁੱਖੀ ਸਮਾਜ ਦੀ ਸਿਰਜਣਾ ਵੀ ਹੈ। ਇਸ ਲਈ ਲੇਖਕ ਨੂੰ ਭਾਸ਼ਾ ਦਾ ਗਿਆਨ ਤੇ ਸ਼ਬਦ ਯੋਜਨਾ ਦੀ ਜਾਣਕਾਰੀ ਹੋਣੀ ਬਹੁਤ ਜਰੂਰੀ ਹੈ। ਅਤਰਜੀਤ ਕੌਰ ਸੂਰੀ ਨੇ ਹਥਲੀ ਰਚਨਾ ਵਿਚ ਅੰਗਰੇਜ਼ੀ, ਹਿੰਦੀ ਅਤੇ ਅਰਬੀ ਫਾਰਸੀ ਸ਼ਬਦਾਵਲੀ ਦਾ ਵਰਤੋਂ ਕੀਤੀ ਹੈ। ਉਸਨੇ ਕਠਿਨ ਭਾਸ਼ਾ ਦੀ ਬਜਾਇ ਸਰਲ ਅਤੇ ਸਪੱਸ਼ਟ ਭਾਸ਼ਾ ਦਾ ਪ੍ਰਯੋਗ ਕੀਤਾ ਹੈ, ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ। ਗੁੰਝਲਦਾਰ ਭਾਸ਼ਾ ਤਾਂ ਕੇਵਲ ਵਿਦਵਾਨਾਂ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਵਾਕ ਬਣਤਰ ਪੱਖੋਂ ਵੀ ਉਸਦੇ ਵਾਕ ਸਧਾਰਨ, ਸਰਲ ਅਤੇ ਸਪੱਸ਼ਟ ਹਨ। ਲੇਖਿਕਾ ਨੇ ਵਿਆਕਰਣਕ ਨਿਯਮਾਂ ਨੂੰ ਧਿਆਨ ਵਿਚ ਰੱਖਦਿਆਂ, ਵਿਸ਼ਰਾਮ ਚਿੰਨ੍ਹਾਂ ਦੀ ਠੀਕ ਵਰਤੋਂ ਕੀਤੀ ਹੈ ਅਤੇ ਉਚਿਤ ਪੈਰਾ ਵੰਡ ਰਾਹੀਂ

ਵਿਚਾਰਾਂ ਨੂੰ ਲੜੀ ਵਿਚ ਪਰੋ ਕੇ ਸੰਗਠਿਤ ਅਤੇ ਤਰਤੀਬਵਾਰ ਰੂਪ ਵਿਚ ਪੇਸ਼ ਕੀਤਾ ਹੈ। ਕਈ ਥਾਵਾਂ ਤੇ ਸਮਾਸੀ ਸ਼ਬਦਾਵਲੀ ਵੀ ਵਰਤੀ ਗਈ ਹੈ ਅਤੇ ਇਕਹਿਰੇ ਅਤੇ ਦੋਹਰੇ ਕਾਮਿਆਂ ਦੀ ਸਹੀ ਵਰਤੋਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

**9.2.4 ਪਰਵਾਸ ਦਾ ਦੁਖਾਂਤ:** 'ਅਤਰਜੀਤ ਕੌਰ ਸੂਰੀ' ਨੇ ਆਪਣੇ ਸਫ਼ਰਨਾਮੇ ਰਾਹੀਂ ਵਿਦੇਸ਼ ਜਾ ਬੈਠੇ ਆਪਣੇ ਬੱਚਿਆਂ ਨੂੰ ਮਿਲਣ ਦੀ ਤਾਂਘ ਦੀ ਪੇਸ਼ਕਾਰੀ ਕੀਤੀ ਹੈ। ਉਸਦੀ ਪਰਿਵਾਰਿਕ ਮਿਲਣੀ ਦੀ ਤਾਂਘ ਅਤੇ ਇਸ ਵਿਚੋਂ ਪੈਦਾ ਹੋ ਸਕਣ ਵਾਲੀ ਰਚਨਾ ਦੀ ਦੂਰ-ਦ੍ਰਿਸ਼ਟੀ ਸਦਕਾ ਹੀ ਇਹ ਵਿਲੱਖਣ ਕਿਸਮ ਦਾ ਸਫ਼ਰਨਾਮਾ ਸਾਡੇ ਸਨਮੁੱਖ ਹੈ।

'ਦੋਹਾਂ ਬੱਚਿਆਂ ਦੀ ਰੌਣਕ ਪਰਦੇਸ ਜਾ ਬੈਠੀ। ਜਿੰਦਗੀ ਬੇਅਰਥ ਹੋ ਗਈ। ਵੱਡੇ ਬੇਟੇ ਨਵਦੀਪ ਨੇ ਸਾਡੀ ਉਦਾਸੀ ਦੂਰ ਕਰਨ ਲਈ ਡੇਢ ਮਹੀਨੇ ਦੀ ਛੁੱਟੀ ਲੈ ਲਈ।---- ਉਨ੍ਹਾਂ ਦੇ ਵਾਪਸ ਦਮਸ਼ਕ ਜਾਣ ਤੋਂ ਪਹਿਲਾਂ ਸਾਡਾ ਗਰਮੀਆਂ ਦੀਆਂ ਛੁੱਟੀਆਂ ਦਾ ਪ੍ਰੋਗਰਾਮ ਨਿਸਚਿਤ ਹੋ ਚੁੱਕਾ ਸੀ"।

'ਸਾਡੀ ਵਿਦੇਸ਼ ਫੇਰੀ ਸਮੇਂ ਨਵਦੀਪ ਨੂੰ ਹਰ ਸਮੇਂ ਇਸ ਗੱਲ ਦਾ ਅਹਿਸਾਸਾਂ ਰਿਹਾ ਕਿ ਉਸਦੀ ਮੰਮੀ ਨੂੰ ਲਿਖਣ ਦਾ ਮਾੜਾ ਮੋਟਾ ਸ਼ੌਕ ਹੈ। ਇਸ ਲਈ ਮੱਧ ਏਸ਼ੀਆ ਦੇ ਤਿੰਨ ਦੇਸ਼ਾਂ ਦੀ ਫੇਰੀ ਸਮੇਂ ਉਸਨੇ ਸਾਨੂੰ ਵਿਖਾਉਣ ਲਈ ਕੁਝ ਵਿਸ਼ੇਸ਼ ਸਥਾਨਾਂ ਨੂੰ ਚੁਣਿਆ, ਜਿਹੜੀਆਂ ਮੈਨੂੰ ਲਿਖ ਲਈ ਪ੍ਰੇਰਨਾ ਦੇ ਸਕਣ"।

ਇਸ ਸਫ਼ਰਨਾਮੇ ਦਾ ਸਫ਼ਰ ਦਾ ਧਰਾਤਲ ਇਕ ਖਾਸ ਵਰਗ/ ਖਿੱਤੇ ਨਾਲ ਜੁੜਿਆ ਹੋਇਆ ਹੈ। ਉਸ ਵਰਗ /ਖਿੱਤੇ ਨੂੰ ਪਾਠਕ ਜਾਣਦਾ ਤਾਂ ਹੈ ਪਰ ਪੂਰੀ ਤਰ੍ਹਾਂ ਪਹਿਚਾਣਦਾ ਨਹੀਂ ਹੈ। ਰਚਨਾਕਾਰ ਇਸ ਸਫ਼ਰਨਾਮੇ ਰਾਹੀਂ ਪਾਠਕ ਦੀ ਉਸ ਵੱਖਰੇ ਧਰਾਤਲ ਨਾਲ ਸਾਂਝ ਪਵਾਉਣ ਦਾ ਯਤਨ ਕਰਦੀ ਹੈ। ਉਸਨੇ ਪਾਠਕ ਅੱਗੇ ਆਪਣੇ ਅਨੁਭਵ ਕੀਤੇ ਅਤੇ ਮਾਣੇ ਵੱਖਰੇ ਮਾਹੌਲ ਨੂੰ ਕਲਾਤਮਕਤਾ ਸਹਿਤ ਪੇਸ਼ ਕੀਤਾ ਹੈ। ਉਸਦੀ ਕਲਾਤਮਕਤਾ, ਭਾਸ਼ਾ ਅਤੇ ਭਾਸ਼ਾਂ ਤੋਂ ਅੱਗੇ ਬਿੰਬਾਂ ਰਾਹੀਂ ਪੂਰਨ ਭਾਂਤ ਪੇਸ਼ ਹੁੰਦੀ ਹੈ।

ਡਾ. ਜਸਵੀਰ ਕੌਰ ਅਨੁਸਾਰ ਕਿਸੇ ਰਚਨਾਕਾਰ ਦੇ ਸਟਾਇਲ ਤੇ ਉਸਦੇ ਮੰਤਵਾਂ ਦੇ ਬਿੰਬਮਈ ਵਿਸ਼ੇਸ਼ ਵਸਤੂ ਨੂੰ ਉਸਦੀ ਰਚਨਾ/ਕਿਰਤ ਪਿੱਛੇ ਕੰਮ ਕਰਦੇ ਵਿਚਾਰ ਨਾਲੋਂ ਵੱਖ ਕਰਕੇ ਅਧਿਐਨ ਕਰਨਾ ਅਸੰਭਵ ਹੈ। ਇਸ ਸਫ਼ਰਨਾਮੇ ਵਿਚ ਅਤਰਜੀਤ ਕੌਰ ਸੂਰੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਂਝੇ ਦ੍ਰਿਸ਼ਟੀਕੋਣ ਤੇ ਆਧਾਰਿਤ ਸਾਹਿਤਕ ਸ਼ੈਲੀ ਰਾਹੀਂ ਵਿਸ਼ਾ-ਵਸਤੂ ਦੇ ਰੂਪ ਅਤੇ ਵਿਸ਼ੇਸ਼ ਲੱਛਣਾਂ ਵਿੱਚ ਆਪਣੀ ਵਿਚਾਰਧਾਰਾ ਨੂੰ ਅਰਬ ਦੁਸ਼ਾਂ ਨਾਲ ਆਤਮਸਾਤ ਕਰ ਲੈਂਦੀ ਹੈ।

**9.2.5 ਨੈਤਿਕਵਾਦ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਰਚਨਾਕਾਰੀ ਦੀ ਪ੍ਰਤਿਭਾ ਜੋ ਕੁਝ ਜ਼ਿੰਦਗੀ ਵਿਚ ਵਾਪਰਦਾ ਰਿਹਾ ਹੈ ਉਸਨੂੰ ਆਮ ਲੋਕਾਂ ਨਾਲੋਂ ਵਧੇਰੇ ਵਧੇਰੇ ਡੂੰਘਾਈ ਵਿਚ ਵੇਖਣ ਦੀ ਸਮਰੱਥਾ ਰੱਖਦੀ ਹੈ। ਜ਼ਿੰਦਗੀ ਵਲੋਂ ਰਚਨਾਕਾਰ 'ਤੇ ਪਏ ਪ੍ਰਭਾਵ/ ਜਜ਼ਬਾਤੀ ਪ੍ਰਤੀਕਰਮ, ਵਰਤਾਰਿਆਂ ਤੇ ਘਟਨਾਵਾਂ ਦੀ ਤਹਿ ਤੱਕ ਜਾਣ ਦੀ ਸਮਰੱਥਾ, ਉਨ੍ਹਾਂ ਨੂੰ ਵੱਖ ਵੱਖ ਪੱਖਾਂ ਤੋਂ ਸਮਝਣਾ ਇਹ ਸਭ ਕੁਝ ਸਹੀ ਕਲਾਤਮਕ ਪ੍ਰਤਿਭਾ ਦੇ ਬੁਨਿਆਦੀ ਅਧਿਕਾਰ ਦੇ ਹਿੱਸੇ ਆਇਆ ਹੈ। 'ਜਾਰਡਨ ਦੀ ਸੈਰ ਅਧਿਆਇ ਵਿਚ ਪੈਟਰਾਂ ਦੀ ਥੇਹ ਵੇਖ ਕੇ ਜਜਬਾਤੀਪਨ ਵਿਚ ਵਹਿੰਦੀ ਹੋਈ ਲੇਖਿਕਾ ਲਿਖਦੀ ਹੈ :

"ਕੀ ਇਹ ਕਿਸੇ ਕ੍ਰਿਸ਼ਮੇ ਤੋਂ ਘੱਟ ਏ ਕਿ ਅੰਮ੍ਰਿਤਸਰ ਕਿੱਥੇ ਅਤੇ ਜਾਰਡਨ ਦੀ ਤੇਈ ਸੌ ਸਾਲ ਪੁਰਾਣੀ ਥੇਹ ਨਗਰੀ ਕਿੱਥੇ। ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਜਿਉਂਦੇ ਜੀ ਕਦੀ ਏਧਰ ਵੀ ਘੁੰਮਣ ਆਵਾਂਗੇ"।

ਕੁਨੇਤਰਾ ਦਾ ਦੁਖਾਂਤ ਆਧਿਆਇ ਵਿਚ ਉਸਦਾ ਜਜਬਾਤੀਪਨ ਵਹਿ ਹੀ ਜਾਂਦਾ ਹੈ ਜੋ ਉਸਦੇ ਕੁਦਰਤ ਦੀ ਕਰੋਪੀ ਨਾਲੋ ਮਨੁੱਖੀ ਕਰੋਪੀ ਦਾ ਜ਼ਿਕਰ ਨੂੰ ਵਧੇਰੇ ਤਕਲੀਫ ਦੇਹ ਮੰਨਦਾ ਹੈ।

“ਜਾਰਡਨ ਦੇਸ਼ ਵਿਚ ਪੈਟਰਾ ਨਗਰੀ ਕੁਦਰਤ ਦੀ ਕਰੋਪੀ ਦੀ ਪ੍ਰਤੀਕ ਹੈ ਪਰ ਕੁਨੇਤਰਾ ਮਨੁੱਖੀ ਜ਼ੁਲਮ ਦੀ ਅਸੀਮ ਦਾਸਤਾ। ਫਿਰ ਵੀ ਮਨੁੱਖ ਨੇ ਕੁਦਰਤ ਤੋਂ ਕੁਝ ਨਹੀਂ ਸਿੱਖਿਆ। ਸਮੁੱਚੀ ਮਾਨਵ ਜਾਤੀ ਨੂੰ ਇਕ ਸਿਰਜਣਹਾਰ ਦੀ ਸਿਰਜਣਾ ਜਾਣ ਕੇ ਪਰੇਮ ਨਹੀਂ ਕੀਤਾ। ਕੁਨੇਤਰਾ ਦੇ ਥੇਹ ਸਾਨੂੰ ਪ੍ਰੇਰਨਾ ਦਿੰਦੇ ਹਨ। ਕਾਸ਼! ਅਸੀ ਇਸ ਤਬਾਹੀ ਤੋਂ ਕੁਝ ਸਿੱਖੀਏ। ਮਨੁੱਖੀ ਸ਼ਕਤੀ ਨੂੰ ਮਾਨਵ ਹਿੱਤਾਂ ਲਈ ਵਰਤਣ ਦੀ ਜਾਂਚ ਸਿੱਖੀਏ”।

ਇਕ ਰਚਨਾਕਾਰਾਂ ਦੇ ਇਸ ਤਰ੍ਹਾਂ ਦੇ ਵਿਚਾਰ, ਇਕ ਖਾਸ ਸਾਮਾਜਿਕ, ਇਤਿਹਾਸਿਕ ਹਾਲਾਤ ਅਧੀਨ ਜੀਵਨ ਤਜਰਬੇ ਦੇ ਕਾਲ ਦੌਰਾਨ ਬਣਦੇ ਹਨ। ਇਸ ਲਈ ਸੂਰੀ ਦਾ ਸਫ਼ਰਨਾਮਾ ਜ਼ਿੰਦਗੀ ਦੀਆਂ ਤਫਸੀਲਾਂ ਦੀ ਸੂਚੀ ਹੀ ਨਹੀਂ ਬਣਦਾ, ਸਗੋਂ ਅਰਬ ਦੇਸ਼ਾਂ ਦੇ ਸਮਾਜ, ਸਭਿਆਚਾਰ, ਆਰਥਿਕਤਾ, ਇਤਿਹਾਸ, ਪੁਰਾਤਨਤਾ ਅਤੇ ਆਧੁਨਿਕਤਾ ਦਾ ਇੱਕ ਮੁਜੱਸਮਾ ਬਣ ਕੇ ਉਭਰਦਾ ਹੈ ਅਤੇ ਸਾਡੇ ਪੰਜਾਬੀ ਸਮਾਜ ਸਭਿਆਚਾਰਾਂ ਦੇ ਸੰਦਰਭ ਵਿਚ ਪੇਸ਼ ਹੁੰਦਾ ਹੈ। ਹਰ ਰਚਨਾਕਾਰ ਦੀ ਆਪਣੀ ਇਕ ਵੱਖਰੀ ਸ਼ੈਲੀ ਹੁੰਦੀ ਹੈ ਜਿਸਦੇ ਆਧਾਰ ਤੇ ਉਸਦੀ ਰਚਨਾ ਪਾਠਕ ਵਰਗ ਵਿਚ ਵਿਚਰਦੀ ਹੈ। ਵਿਸ਼ਾ ਵਸਤੂ ਅਤੇ ਰੂਪ ਸਭ ਤੋਂ ਪਹਿਲਾਂ ਰਚਨਾ ਦਾ ਅਧਿਕਾਰ ਖੇਤਰ ਹੁੰਦੇ ਹਨ। ਢੰਗ ਅਤੇ ਸਟਾਇਲ ਸ਼ੈਲੀ ਜੋ ਕਿ ਰਚਨਾਕਾਰ ਦੀ ਹਰ ਰਚਨਾ/ਕਿਰਤ ਵਿਚ ਪ੍ਰਗਟ ਹੁੰਦਾ ਹੈ। ਰਚਨਾਕਾਰਾ ਦੇ ਸਮੱਚੇ ਕਲਾਤਮਕ ਵਿਕਾਸ ਦੌਰਾਨ ਅਤੇ ਸਮੁੱਚੇ ਸਾਹਿਤਕ ਅਮਲ ਦੌਰਾਨ ਹੀ ਵੇਖਿਆ ਜਾ ਸਕਦਾ ਹੈ। ਜਿਸ ਵਿਚ ਅਤਰਜੀਤ ਕੌਰ ਸੂਰੀ ਬਹੁਤ ਹੱਦ ਤੱਕ ਸਫਲ ਰਹੀ ਹੈ।

ਕੁਨੇਤਰਾ ਨਾਂ ਦੀ ਖੰਡਰ ਨਗਰੀ ਦੀ ਯਾਤਰਾ ਸਮੇਂ ਉਸਨੂੰ ਦੁਖਦਾਈ ਕਰਦਾ ਹੈ। ਉਹ ਲਿਖਦੀ ਹੈ,

“ਇਜ਼ਰਾਈਲ ਨਾਲ ਸੀਰੀਆ ਦੀ ਲੜਾਈ ਦੌਰਾਨ ਇਜ਼ਰਾਈਲੀ ਫੌਜ ਨੇ ਸੋਚ ਸਮਝ ਕੇ ਇਸ ਨਗਰ ਨੂੰ ਪੂਰੀ ਤਰ੍ਹਾਂ ਤਬਾਹ ਕੀਤਾ। ਦੋਹਾਂ ਦੇਸ਼ਾਂ ਵਿਚਕਾਰ ਦੁਸ਼ਮਣੀ ਦੇ ਕਾਰਨਾਂ ਨੂੰ ਬਿਆਨ ਕਰਦੀ ਹੋਈ ਦੱਸਦੀ ਹੈ ਕਿ ਸੀਰੀਆ ਦੇਸ਼ ਆਰੰਭ ਤੋਂ ਹੀ ਕਾਫੀ ਵੱਡਾ ਦੇਸ਼ ਸੀ। ਰੋਮਨ ਕਾਲ ਸਮੇਂ ਇਸ ਨੂੰ ਤਿੰਨ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ। ਸੀਰੀਆ, ਸੀਰੀਆ ਟੋਨੀਸ਼ੀਆ ਅਤੇ ਸੀਰੀਆ ਪੈਲਸਟਾਈਨ ਅਥਵਾ ਫਲਸਤੀਨ। ਦੂਜੇ ਵਿਸ਼ਵ ਯੁੱਧ ਸਮੇਂ ਹਿਟਲਰ ਨੇ ਸਮੁੱਚੀ ਯੂਹਦੀ ਕੌਮ ਉਤੇ ਅਸਹਿ ਅਤੇ ਅਕਹਿ ਅੱਤਿਆਚਾਰ ਕੀਤੇ। ਲਗਭਗ ਦਸ ਲੱਖ ਯੂਹਦੀਆਂ ਨੂੰ ਜਿੰਦਾ ਗੈਸ ਦੇ ਚੈਂਬਰ ਵਿਚ ਬੰਦ ਕਰਕੇ ਖਤਮ ਕਰ ਦਿੱਤਾ। ਸੂਰੀ ਅਨੁਸਾਰ ਜਦੋਂ ਉਹ ਕੁਨੇਤਰਾ ਦੀ ਧਰਤੀ ਉਤੇ ਚਲ ਰਹੀ ਸੀ ਤਾਂ ਉਸਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਉਸਦੇ ਪੈਰ ਲੂਹੇ ਗਏ ਹੋਣ”।

ਅਤਰਜੀਤ ਕੌਰ ਸੂਰੀ ਮਨੁੱਖ ਦੀ ਵਹਿਸ਼ੀ ਜ਼ਹਿਨੀਅਤ ਪ੍ਰਤੀ ਕੌੜੀ ਪ੍ਰਤਿਕਿਰਿਆ ਅਤੇ ਨਫਰਤ ਦਾ ਇਜ਼ਹਾਰ ਕਰਦੀ ਹੈ। ਸਰਹੱਦਾਂ ਦੇ ਮਸਲਿਆਂ, ਇੱਕ ਦੂਜੇ ਉਤੇ ਜ਼ੋਰ ਜ਼ੁਲਮ, ਸਿਆਸਤ ਦੇ ਚਿਹਰੇ ਮੁਹਰੇ ਨੂੰ ਉਹ ਬਾਖੂਬੀ ਪਛਾਣਦੀ ਹੋਈ ਲਿਖਦੀ ਹੈ।

“ਤਾਕਤਵਾਰ ਦੇਸ਼ ਛੋਟੇ ਦੇਸ਼ਾਂ ਨੂੰ ਲੜਾ ਕੇ ਆਪਣੇ ਹਥਿਆਰ ਦੀ ਸੇਲ ਦੀ ਮਾਰਕੀਟ ਬਣਾਈ ਰੱਖਣ ਦੀ ਰਾਜਨੀਤੀ ਖੇਡ ਰਹੇ ਹਨ। ਜਿੰਨੀ ਦੌਲਤ ਅੱਜ ਅਮਨ ਦੇ ਨਾਂ ਉਤੇ ਮਾਰੂ ਹਥਿਆਰ ਬਣਾਉਣ ਖਰੀਦਣ ਅਤੇ ਵੇਚਣ ਉਤੇ ਖਰਚੀ ਜਾ ਰਹੀ ਹੈ, ਜੇਕਰ ਉਸ ਦਾ ਕੁਝ ਭਾਗ ਵੀ ਸੰਸਾਰ ‘ਚੋਂ ਗਰੀਬੀ ਭੁੱਖਮਰੀ ਅਨਪੜਤਾ ਅਤੇ ਬੀਮਾਰੀ ਨੂੰ ਦੂਰ ਕਰਨ ਲਈ ਹੋਵੇ ਤਾਂ ਦੁਨੀਆ ਇੱਕ ਸਵਰਗ ਬਣ ਜਾਏ”।

**9.2.6 ਸਿੱਟਾ**: ਇਸ ਤਰ੍ਹਾਂ ਅਤਰ ਜੀਤ ਕੌਰ ਸੂਰੀ ਆਦਰਸ਼ਵਾਦੀ ਵਿਚਾਰਧਾਰਾ, ਮਾਨਵੀ ਬਿਰਤੀ, ਮਾਨਵੀ ਭਾਈਚਾਰਾ ਅਤੇ ਸਾਂਝ ਦੀਆਂ ਤੰਦਾਂ ਪੀਢੀਆਂ ਕਰਨ ਵਾਲੀ ਲੇਖਿਕਾ ਹੈ। ਉਹ ਸੰਕੀਰਣਤਾ, ਜੰਗਾਂ ਅਤੇ ਆਪਸੀ ਫਾਸਲੇ ਤਿਆਗ ਕੇ ਮਨੁੱਖੀ ਸਾਂਝ ਤੇ ਅਮਨ ਦਾ ਸੁਨੇਹਾ ਦੇਣਾ ਚਾਹੁੰਦੀ ਹੈ। ਆਪਣੇ ਗਿਆਨ ਮੂਲਕ ਅਨੁਭਵ, ਤੁਲਨਾਤਮਕ ਬਿਰਤੀ ਅਤੇ ਮਾਨਵੀ ਪਾਸਾਰਾਂ ਦੀ ਪੇਸ਼ਕਾਰੀ ਕਰਦੀ ਹੈ। ਅਤਰਜੀਤ ਕੌਰ ਸੂਰੀ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਜਿਸ ਸਥਾਨ ਤੇ

ਵੀ ਗਈ ਉਥੋਂ ਦੇ ਇਤਿਹਾਸ ਨੂੰ ਸਭ ਤੋਂ ਪਹਿਲਾਂ ਫੋਲਿਆ ਅਤੇ ਉਸ ਸਥਾਨ ਦੀ ਆਧੁਨਿਕ ਸਥਿਤੀ ਕੀ ਹੈ, ਕਿਵੇਂ ਉਥੋਂ ਦੇ ਲੋਕ ਸੰਘਰਸ਼ ਕਰਦੇ ਹੋਏ ਵਿਕਸਿਤ ਹੋਏ, ਕਿਸ ਦੇਸ਼ ਨੂੰ ਕਿਸ ਦੇਸ਼ ਨੇ ਦਬਾਇਆ, ਕਿਸ ਹਮਲਾਵਰ ਨੇ ਕਿਸੇ ਕੌਮ ਨੂੰ ਖ਼ਤਮ ਕਰ ਦਿੱਤਾ, ਕਿਵੇਂ ਕੁਦਰਤੀ ਆਫਤਾਂ ਨੇ ਘੁੱਗ ਵਸਦੇ ਦੇਸ਼ਾਂ ਨੂੰ ਥੇਹਾਂ ਵਿਚ ਬਦਲ ਦਿੱਤਾ ਆਦਿ ਵੇਰਵੇ ਪਾਠਕਾਂ ਦੇ ਸਹਿਜੇ ਨਜ਼ਰ ਕਰਦੀ ਹੈ। ਜਿਸ ਕਾਰਣ ਇਹ ਸਫ਼ਰਨਾਮਾ ਪੰਜਾਬੀ ਸਫ਼ਰਨਾਮਿਆਂ ਵਿਚ ਆਪਣਾ ਵਿਸ਼ੇਸ਼ ਸਥਾਨ ਨਿਰਧਾਰਿਤ ਕਰਦਾ ਹੈ ਅਤੇ ਪੰਜਾਬੀ ਸਾਹਿਤ ਜਗਤ ਵਿਚ ਵਾਧਾ ਕਰਦਾ ਹੈ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1. 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਵਿੱਚ ਪੇਸ਼ ਮਾਨਵੀ ਦ੍ਰਿਸ਼ਟੀਕੋਣ ਉੱਤੇ ਚਰਚਾ ਕਰੋ।
2. ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਵਿੱਚ ਲੇਖਿਕਾ ਨੇ ਸੱਭਿਅਤਾ ਅਤੇ ਧਰਮ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ?
3. 'ਲੇਖਿਕਾ ਦੀ ਮਨੋਵਿਗਿਆਨਿਕ ਸਥਿਤੀ ਦਾ ਪ੍ਰਗਟਾਵਾ 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਵਿਚ ਹੁੰਦਾ ਹੈ"। ਸਪੱਸ਼ਟ ਕਰੋ।
4. 'ਅਤਰਜੀਤ ਕੌਰ ਸੂਰੀ' ਨੇ ਆਪਣੇ ਸਫ਼ਰਨਾਮੇ ਵਿੱਚ ਪਰਵਾਸ ਦਾ ਦੁਖਾਂਤ ਕਿਵੇਂ ਉਘਾੜਿਆ ਹੈ?
5. 'ਜਾਰਡਨ ਦੀ ਸੈਰ' ਅਧਿਆਇ ਵਿਚ ਲੇਖਿਕਾ ਦਾ ਆਪਣਾ ਜਜ਼ਬਾਤੀਪਨ ਹਾਵੀ ਰਹਿੰਦਾ ਹੈ"। ਆਪਣੇ ਵਿਚਾਰ ਦਿਓ।

# ਐੱਮ.ਏ. ਪੰਜਾਬੀ
# ਸਮੈਸਟਰ- ਪਹਿਲਾ

## ਆਧੁਨਿਕ ਪੰਜਾਬੀ ਵਾਰਤਕ

**ਯੂਨਿਟ-10**

**10.1 ਡਾ. ਅਤਰਜੀਤ ਕੌਰ ਸੂਰੀ : ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ**
**10.2 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ : ਵਿਚਾਰਧਾਰਾਈ ਅਧਿਐਨ**

10.1 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ: ਅਧਿਐਨ ਦ੍ਰਿਸ਼ਟੀ-1

10.1.1 ਪੰਜਾਬੀ ਸਾਹਿਤ ਵਿੱਚ ਸਫਰਨਾਮਾ

10.1.2 ਅੰਤਰਦ੍ਰਿਸ਼ਟੀ

10.1.3 ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ

10.1 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ: ਅਧਿਐਨ ਦ੍ਰਿਸ਼ਟੀ-2

10.2.1 ਤੁਲਨਾਤਮਕਤਾ

10.2.2 ਸ਼ੈਲੀ ਵਿਗਿਆਨ

10.2.3 ਚੋਣ ਅਤੇ ਸੰਯੋਗ

10.2.4 ਬਿਰਤਾਂਤ

10.2.5 ਸਿੱਟਾ

## 10.1 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ: ਅਧਿਐਨ ਦ੍ਰਿਸ਼ਟੀ-1

ਪਿਆਰੇ ਵਿਦਿਆਰਥੀਓ ! ਜਿਵੇਂ ਕਿ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਸਫ਼ਰਨਾਮਾ ਦੋ ਸ਼ਬਦਾਂ 'ਸਫ਼ਰ+ਨਾਮਾ' ਦਾ ਮਿਲਵਾਂ ਰੂਪ ਹੈ। 'ਸਫ਼ਰ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਯਾਤਰਾ' ਜਾਂ 'ਮੁਸਾਫ਼ਿਰੀ'। 'ਨਾਮਾ' ਫ਼ਾਰਸੀ ਦੇ 'ਨੁਮਾਹਾ' ਸ਼ਬਦ ਦਾ ਵਿਕਸਿਤ ਰੂਪ ਹੈ, ਜਿਸ ਦਾ ਅਰਥ ਹੈ ਚਿੱਠੀ, ਖ਼ਤ, ਪੱਤਰ। ਇਸ ਦੇ ਸਮਾਨਾਰਥਕ ਸ਼ਬਦ ਉਦਾਸੀ, ਸੈਰ-ਸਪਾਟਾ, ਫੇਰੀ, ਚੱਕਰ, ਸੈਰ, ਟ੍ਰੈਵਲਜ਼ ਆਦਿ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਸਫ਼ਰਨਾਮਾ ਤੋਂ ਭਾਵ 'ਯਾਤਰਾ' ਵਿੱਚ ਪ੍ਰਾਪਤ ਕੀਤੇ ਅਨੁਭਵ ਨੂੰ ਜਦੋਂ ਲਿਪੀਬੱਧ ਰੂਪ ਦਿੱਤਾ ਜਾਂਦਾ ਹੈ ਤਾਂ ਸਫ਼ਰਨਾਮੇ ਦੀ ਰਚਨਾ ਹੁੰਦੀ ਹੈ। ਜਾਂ ਇੰਜ ਕਹੋ ਕਿ ਸਫ਼ਰ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਜਦੋਂ ਯਾਦ ਦੇ ਆਧਾਰ ਤੇ ਕਲਾਤਮਕ ਢੰਗ ਨਾਲ ਚਿਤਰਿਆ ਜਾਂਦਾ ਹੈ। ਤਾਂ ਸਫ਼ਰਨਾਮਾ ਹੋਂਦ ਵਿੱਚ ਆਉਂਦਾ ਹੈ"।[1] ਡਾ. ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ, "ਸਫ਼ਰਨਾਮਾ ਵਿਸ਼ੇਸ਼ ਭਾਂਤ ਦੀ ਵਾਰਤਤਕ ਵੰਨਗੀ ਹੈ ਜਿਸ ਵਿੱਚ ਸਫ਼ਰਨਾਮਾ ਆਪਣੇ ਵਿਅਕਤੀਤਵ ਦੇ ਮਾਧਿਅਮ ਰਾਹੀਂ ਵੇਖੀ ਗਈ ਵਿਸ਼ੇਸ਼ ਥਾਂ (ਦੇਸ਼ ਤੇ ਕੋਈ ਭੂ-ਖੰਡ ਆਦਿ) ਦੀ ਸਮੁੱਚੀ ਜੀਵਨ ਪੱਧਤੀ ਨੂੰ 'ਸੁਹਜਾਤਮਕ' ਰੂਪ ਵਿੱਚ ਪੇਸ਼ ਕਰਦਾ ਹੈ"।[2]

### 10.1.1 ਪੰਜਾਬੀ ਸਾਹਿਤ ਵਿੱਚ ਸਫਰਨਾਮਾ

ਪੰਜਾਬੀ ਦੇ ਮੱਧਕਾਲੀ ਸਾਹਿਤ ਵਿੱਚ ਸਫ਼ਰਨਾਮੇ ਦਾ ਵਿਕਾਸ ਇੱਕ ਸੁਤੰਤਰ ਸਾਹਿਤਕ ਰੂਪ ਵਜੋਂ ਨਹੀਂ ਹੋਇਆ ਸਗੋਂ ਇਹ ਦੂਜੇ ਸਾਹਿਤਕ ਰੂਪਾਂ ਦਾ ਹੀ ਇੱਕ ਅੰਗ ਹੁੰਦਾ ਸੀ। ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ ਇਹ ਰੂਪ ਪੱਛਮੀ ਸਾਹਿਤ ਦੇ ਵਿਸ਼ੇਸ਼ ਰੂਪ ਨੂੰ ਅਪਣਾਉਣ ਕਰਕੇ ਹੋਂਦ ਵਿੱਚ ਆਇਆ। ਪੰਜਾਬੀ ਸਾਹਿਤ ਵਿੱਚ ਸਫ਼ਰਨਾਮਾ ਸਾਹਿਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ ਹੈ। ਇਹ ਵੀਹਵੀਂ ਸਦੀ ਦੀ ਦੇਣ ਹੈ ਤੇ ਇਹ ਇਸ ਸਦੀ ਦੇ ਮੁੱਢ ਵਿੱਚ ਸ਼ੁਰੂ ਹੋਈ, ਪ੍ਰੰਤੂ ਬੀਜ ਰੂਪ ਵਿੱਚ ਸਫ਼ਰਨਾਮਾ ਸਾਹਿਤ ਦੇ ਕੁਝ ਅੰਸ਼ ਜਨਮ ਸਾਖੀ ਸਾਹਿਤ ਅਤੇ ਕੁਝ ਹੋਰ ਪੋਥੀਆਂ ਵਿੱਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਬਿਰਤਾਂਤ ਵੱਖ-ਵੱਖ ਜਨਮ ਸਾਖੀਆਂ ਵਿੱਚ ਅੰਕਿਤ ਕੀਤਾ ਗਿਆ ਹੈ। ਭਾਈ ਗੁਰਦਾਸ ਦੀ 'ਪਹਿਲੀ ਵਾਰ' ਵਿੱਚ ਗੁਰੂ ਜੀ ਦੀਆਂ ਉਦਾਸੀਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਜੀ ਤੋਂ ਪਿਛੋਂ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵੇਰਵੇ 'ਮਾਲਵਾ ਦੇਸ਼ ਦਾ ਰਟਨ ਸਾਖੀ ਪੋਥੀ' ਵਿੱਚ ਮਿਲਦੇ ਹਨ ਜੋ ਕਿ 19ਵੀਂ ਸਦੀ ਦੇ ਅੰਤ ਦੀ ਰਚਨਾ ਹੈ। ਗੁਰਪ੍ਰਤਾਪ ਸੂਰਜ ਗ੍ਰੰਥ, ਗੁਰੂ ਤੀਰਥ ਸੰਗ੍ਰਹਿ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿੱਚ ਵੀ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਵਰਵੇ ਦਿੱਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦੂਰ ਤੱਕ ਦੇ ਪ੍ਰਦੇਸ਼ਾਂ ਦੀ ਯਾਤਰਾ ਕੀਤੀ ਜਿਨ੍ਹਾਂ ਦਾ ਵੇਰਵਾ ਕਲਗੀਧਰ ਚਮਤਕਾਰ, ਸਫ਼ਰਨਾਮਾ ਅਤੇ ਜਫ਼ਰਨਾਮਾ ਵਿੱਚ ਅੰਕਿਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਪੰਜਾਬੀ ਦੇ ਮੁੱਢਲੇ ਸਾਹਿਤਕ ਸਫ਼ਰਨਾਮੇ ਹਨ। ਇਸ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਬੀਜ ਪੁਰਾਤਨ ਸਾਹਿਤ ਵਿੱਚ ਵਿਦਮਾਨ ਸੀ। ਪ੍ਰੰਤੂ ਵਿਧੀਗਤ ਢੰਗ ਨਾਲ ਇਹ 20ਵੀਂ ਸਦੀ ਵਿੱਚ ਹੋਦ ਵਿੱਚ ਆਇਆ। ਪੰਜਾਬੀ ਸਾਹਿਤ ਵਿੱਚ ਪੰਜਾਬੀ ਦੇ ਪਹਿਲੇ ਸਫ਼ਰਨਾਮਾ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹਨ। ਪੰਜਾਬੀ ਸਫ਼ਰਨਾਮੇ ਦੇ ਪਹਿਲੀ ਪੁਸਤਕ ਦੇ ਰੂਪ ਵਿੱਚ ਮੁੱਢਲੀ ਕੋਸ਼ਿਸ਼ ਕਿਸੇ ਅਗਿਆਤ ਈਸਾਈ ਮਿਸ਼ਨਰੀ ਵਲੋਂ ਲਿਖੀ 'ਏਸ਼ੀਆ ਦੀ ਸੈਲ' (1898) ਨੂੰ ਮੰਨਿਆ ਹੈ। ਪੁਸਤਕ ਦੇ ਸਿਰਲੇਖ ਵਿਚਲੇ 'ਸੈਲ' ਸ਼ਬਦ ਤੋਂ ਕਈ ਵਿਦਵਾਨਾਂ ਨੇ ਇਸਨੂੰ ਸਫ਼ਰਨਾਮਿਆਂ ਦੀ ਕੋਟੀ ਵਿੱਚ ਰੱਖਿਆ ਹੈ, ਪ੍ਰੰਤੂ ਇਹ ਕੋਈ ਸੈਲ ਜਾਂ ਯਾਤਰਾ ਨਹੀਂ ਕਿਉਂਕਿ ਘਰ ਬੈਠ ਕੇ ਕੀਤੀ ਗਈ ਰਚਨਾ ਹੈ ਇਸ ਲਈ ਇਸਨੂੰ ਪਹਿਲਾ ਸਫ਼ਰਨਾਮਾ ਨਹੀਂ ਮੰਨਿਆ ਜਾ ਸਕਦਾ। ਕੁਝ ਵਿਦਵਾਨ ਪੰਜਾਬੀ ਸਫ਼ਰਨਾਮੇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਅਤੇ ਕੁਝ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋਂ ਮੰਨਦੇ ਹਨ। ਇਸ ਸੰਬੰਧੀ ਕੁਝ ਵਿਦਵਾਨਾਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ:

ਡਾ. ਗੋਬਿੰਦ ਸਿੰਘ ਲਾਂਬਾ ਅਨੁਸਾਰ, "ਵਾਰਤਕ ਵਿੱਚ ਪੰਜਾਬੀ ਸਫ਼ਰਨਾਮੇ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋਂ ਬੱਝਿਆ ਮੰਨਿਆ ਜਾਂਦਾ ਹੈ" ਪਰ ਇਹ ਗੱਲ ਠੀਕ ਨਹੀਂ। ਭਾਵੇਂ ਪ੍ਰਕਾਸ਼ਿਤ ਰੂਪ ਵਿੱਚ ਇਹੋ ਸਫ਼ਰਨਾਮਾ ਪਾਠਕਾਂ ਦੇ ਸਾਹਮਣੇ ਆਇਆ, ਇਹ ਸਫ਼ਰਨਾਮਾ 1927 ਵਿੱਚ ਲਿਖਿਆ ਗਿਆ ਪ੍ਰੰਤੂ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਜੋ 1907-1908 ਈ. ਵਿੱਚ ਵਲੈਤ ਰਾਏ ਤੇ ਉਸ ਤੋਂ ਪਹਿਲਾਂ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਤੋਂ ਕਾਬਲ ਆਦਿ ਥਾਵਾਂ ਦੀ ਯਾਤਰਾ ਕੀਤੀ, ਨੇ ਵੀ ਚਾਰ ਸਫ਼ਰਨਾਮੇ ਉਦੋਂ ਹੀ ਲਿਖੇ।[3]

ਡਾ. ਰਛਪਾਲ ਕੌਰ ਅਨੁਸਾਰ, "ਮੇਰੇ ਵਿਚਾਰ ਅਨੁਸਾਰ ਇਹ ਕਿਸੇ ਪੰਜਾਬੀ ਲੇਖਕ ਦੇ ਲਿਖੇ ਹੋਏ ਪਹਿਲੇ ਸਫ਼ਰਨਾਮੇ ਹਨ ਜਿਸ ਵਿੱਚ ਬਿਆਨ ਉੱਤਮ ਪੁਰਖ ਵਿੱਚ ਹੈ, ਕਿਉ ਜੋ ਕਰਤਾ ਆਪ ਪੱਤਰਾਂ ਰਾਹੀਂ ਯਾਤਰਾ ਸਥਾਨਾਂ ਦੇ ਸਮਾਚਾਰਾਂ ਦੇ ਵੇਰਵਿਆਂ ਦਾ ਉੱਤਮ ਪੁਰਖੀ ਵਰਣਨ ਤੇ ਬਿਰਤਾਂਤ ਦੇ ਰਿਹਾ ਹੈ। ਇਸ ਦਾ ਰਚਨਾ ਕਾਲ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਹੈ।[4]

ਇਹਨਾਂ ਵਿਦਵਾਨਾਂ ਦੇ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਤੋਂ ਪੰਜਾਬੀ ਸਫ਼ਰਨਾਮੇ ਦਾ ਆਰੰਭ ਮੰਨਿਆ ਗਿਆ ਹੈ। ਤੇ ਪਹਿਲਾ ਸਫ਼ਰਨਾਮਾ 'ਪਹਾੜੀ ਰਿਆਸਤ ਦਾ ਸਫ਼ਰਨਾਮਾ' (1906) ਹੈ। ਸਤਿੰਦਰ ਸਿੰਘ ਅਨੁਸਾਰ, "ਮੇਰਾ ਵਲਾਇਤੀ ਸਫ਼ਰਨਾਮਾ ਰਚਿਤ ਲਾਲ ਸਿੰਘ ਕਮਲਾ ਅਕਾਲੀ ਪੰਜਾਬੀ ਦਾ ਪਹਿਲਾ ਮਿਆਰੀ ਸਫ਼ਰਨਾਮਾ ਹੈ।[5] ਡਾ.ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ, "ਪੰਜਾਬੀ ਵਾਰਤਕ ਵਿੱਚ ਸਫ਼ਰਨਾਮੇ ਦਾ ਆਰੰਭ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋ ਮੰਨਦੇ ਹਨ। ਸਭ ਤੋਂ ਵੱਧ ਪ੍ਰਮਾਣਿਤ ਵਿਚਾਰ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਨਾਲ ਹਨ। ਲਾਲ ਸਿੰਘ ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ' ਜੋ ਕਿ 1927 ਤੋਂ 1929 ਤੱਕ ਕਿਸ਼ਤਾਂ ਵਿੱਚ ਮੈਗਜ਼ੀਨ ਵਿੱਚ ਛਪਦਾ ਰਿਹਾ ਅਤੇ 1931 ਵਿੱਚ ਸੰਪੂਰਨ ਰੂਪ 'ਚ ਪ੍ਰਕਾਸ਼ਿਤ ਹੋ ਕੇ ਸਾਹਮਣੇ ਆਇਆ। ਜਦਕਿ ਭਾਈ ਕਾਨ੍ਹ ਸਿੰਘ ਨਾਭਾ ਨੇ 1906 ਈ. ਵਿੱਚ 'ਪਹਾੜੀ ਰਿਆਸਤ ਦਾ ਸਫ਼ਰਨਾਮਾ' ਲਿਖਿਆ ਜੋ ਕਿ 1983-84 ਵਿੱਚ ਹੋਇਆ ਅਤੇ ਭਾਵੇਂ ਕਿ ਇਹ ਚਿੱਠੀ ਰੂਪ ਵਿੱਚ ਹੈ ਤੇ ਸਫ਼ਰਨਾਮੇ ਦੀ ਵਿਧਾ ਵਿੱਚ ਨਹੀਂ ਲਿਖਿਆ। ਜਦੋਂ ਚਿੱਠੀ ਰੂਪ ਵਿੱਚ ਸਫ਼ਰਨਾਮੇ ਦਾ ਜ਼ਿਕਰ ਕੀਤਾ ਜਾਵੇ ਤਾਂ ਇਸਨੂੰ ਇੱਕ ਤਰ੍ਹਾਂ ਦਾ ਸਫ਼ਰਨਾਮਾ ਹੀ ਕਿਹਾ ਜਾਵੇਗਾ। ਭਾਵੇਂ ਕਿ ਲਾਲ ਸਿੰਘ ਕਮਲਾ ਅਕਾਲੀ ਦਾ ਸਫ਼ਰਨਾਮਾ ਪਹਿਲਾਂ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਉਂਦਾ ਹੈ। ਪ੍ਰੰਤੂ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸਫ਼ਰਨਾਮੇ ਦੀ ਰਚਨਾ ਚਿੱਠੀ ਰੂਪ ਵਿੱਚ 1906 ਈ. ਵਿੱਚ ਕਰ ਦਿੱਤੀ ਸੀ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ 'ਪਹਾੜੀ ਰਿਆਸਤ ਦਾ ਸਫ਼ਰਨਾਮੇ' ਨੂੰ ਪੰਜਾਬੀ ਵਾਰਤਕ ਸਾਹਿਤ ਦਾ ਪਹਿਲਾ ਸਫ਼ਰਨਾਮਾ ਮੰਨਿਆ ਜਾਣਾ ਚਾਹੀਦਾ ਹੈ। ਪੰਜਾਬੀ ਵਿੱਚ ਬਹੁਤ ਸਾਰੇ ਸਫ਼ਰਨਾਮੇ ਲਿਖ ਗਏ ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

1) **ਪਹਾੜੀ ਰਿਆਸਤ ਦਾ ਸਫ਼ਰਨਾਮਾ:** ਇਸ ਦੀ ਰਚਨਾ ਭਾਈ ਕਾਨ੍ਹ ਸਿੰਘ ਨਾਭਾ ਨੇ 1906 ਈ. ਵਿੱਚ ਕੀਤੀ ਅਤੇ ਇਹ ਚਿੱਠੀਆਂ ਦੇ ਰੂਪ ਵਿੱਚ ਲਿਖਿਆ ਸਫ਼ਰਨਾਮਾ ਹੈ। ਲਘੂ ਰੂਪ ਵਿੱਚ ਹੋਣ ਦੇ ਬਾਵਜੂਦ ਇਸ ਵਿੱਚ ਪਹਾੜ ਦੀਆਂ ਹਸੀਨ ਵਾਦੀਆਂ, ਕੁਦਰਤੀ ਨਜ਼ਾਰਿਆਂ, ਤਿਉਹਾਰਾਂ ਆਦਿ ਦੇ ਗਿਆਨ ਨੂੰ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਪ੍ਰੰਤੂ ਇਹ 1983 ਵਿੱਚ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਇਆ।
2) **ਵਲਾਇਤ ਦਾ ਸਫ਼ਰਨਾਮਾ:** ਭਾਈ ਕਾਨ੍ਹ ਸਿੰਘ ਨਾਭਾ ਨੇ ਵਲਾਇਤ ਯਾਤਰਾ ਬਾਰੇ ਦੋ ਸਫ਼ਰਨਾਮੇ 1907 ਈ. ਤੇ 1908 ਵਿੱਚ ਲਿਖੇ। ਇਨ੍ਹਾਂ ਵਿੱਚ ਇੰਗਲੈਂਡ ਤੇ ਮਹੱਤਵਪੂਰਨ ਸਥਾਨਾਂ ਦਾ ਯਥਾਰਥਕ ਇਤਿਹਾਸਕ ਵਰਣਨ ਮਿਲਦਾ ਹੈ। ਇਨ੍ਹਾਂ ਵਿੱਚ ਵੀ ਪੱਤਰ, ਡਾਇਰੀ ਰੂਪ ਦੀ ਵਰਤੋਂ ਕੀਤੀ ਗਈ ਹੈ ਅਤੇ ਪਹਿਲੇ ਸਫ਼ਰਨਾਮੇ ਵਿੱਚ ਵਧੇਰੇ ਵਿਸਤਾਰ ਅਤੇ ਦੂਜਾ ਸੰਖੇਪ ਹੈ। ਇਹਨਾਂ ਵਿੱਚ ਅੰਗਰੇਜੀ ਜੀਵਨ ਤੇ ਸੱਭਿਆਚਾਰ ਦੇ ਸੰਪਰਕ ਤੋਂ ਉਪਜੇ ਅਨੁਭਵ ਅਤੇ ਪ੍ਰਤੀਕਰਮ ਆਦਿ ਦੀ ਪ੍ਰਭਾਵਸ਼ਾਲੀ ਜਾਣਕਾਰੀ ਮਿਲਦੀ ਹੈ। ਲੇਖਕ ਦੀ ਨੈਤਿਕ, ਅਧਿਆਤਮਕ

ਬਿਰਤੀ ਅਤੇ ਸ਼ਰਧਾ ਦਾ ਪ੍ਰਭਾਵ ਥਾਂ-ਥਾਂ 'ਤੇ ਮਿਲਦਾ ਹੈ। ਇਹ ਆਪਣੇ ਰਚਨਾ ਕਾਲ ਤੋਂ ਕਾਫ਼ੀ ਬਾਅਦ ਵਿੱਚ ਪ੍ਰਕਾਸ਼ਿਤ ਹੋਏ।

3) **ਬਰਮ੍ਹਾ ਦੀ ਸੈਰ:** ਇਸ ਦੀ ਰਚਨਾ ਸੂਰਜ ਸਿੰਘ ਨੇ 1908 ਈ. ਵਿੱਚ ਕੀਤੀ ਅਤੇ ਇਸ ਵਿੱਚ ਬਰਮ੍ਹਾ ਦੇ ਸਿੱਖਾਂ ਵਿੱਚ ਪੰਥ ਪ੍ਰਚਾਰ ਅਤੇ ਲੇਖਕ ਨੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਸਮਾਚਾਰਾਂ ਦਾ ਸੁੱਚਜੇ ਢੰਗ ਨਾਲ ਵੇਰਵਾ ਦਿੱਤਾ ਹੈ।
4) **ਦੁਨੀਆ ਦੀ ਸੈਰ:** ਗੁਰਬਖਸ਼ ਸਿੰਘ ਨੌਰੰਗ ਨੇ 1929 ਈ. ਵਿੱਚ ਇਸ ਸਫ਼ਰਨਾਮੇ ਦੀ ਰਚਨਾ ਕੀਤੀ ਅਤੇ ਇਸ ਵਿੱਚ ਸੰਸਾਰ ਦੇ ਬਹੁਤੇ ਸਾਰੇ ਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਵਿਸਤ੍ਰਿਤ ਸੈਰ ਦੇ ਆਧਾਰ 'ਤੇ ਵੱਖ-ਵੱਖ ਥਾਵਾਂ ਦੀ ਭੂਗੋਲਿਕ ਅਤੇ ਇਤਿਹਾਸਕ ਜਾਣਕਾਰੀ ਦਾ ਜ਼ਿਕਰ ਕੀਤਾ ਗਿਆ ਹੈ।
5) **ਮੇਰਾ ਵਲਾਇਤੀ ਸਫ਼ਰਨਾਮਾ:** ਲਾਲ ਸਿੰਘ ਕਮਲਾ ਅਕਾਲੀ ਦਾ ਇਹ ਸਫ਼ਰਨਾਮਾ 1931 ਵਿੱਚ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਇਆ। ਇਸ ਤੋਂ ਪਹਿਲਾ ਇਹ 1927 ਤੋਂ 1929 ਦੇ ਸਮੇਂ ਦੌਰਾਨ 'ਫੁਲਵਾੜੀ' ਮਾਸਿਕ ਮੈਗਜ਼ੀਨ ਵਿੱਚ ਕਿਸ਼ਤਾਂ ਵਿੱਚ ਛਪਦਾ ਰਿਹਾ। ਇਸ ਰਚਨਾ ਦਾ ਸੰਬੰਧ ਯੂਰਪੀ ਦੇਸ਼ ਇੰਗਲੈਂਡ, ਫਰਾਂਸ, ਜਰਮਨ, ਸਵਿਟਰਜ਼ਰਲੈਂਡ ਆਦਿ ਨਾਲ ਹੈ। ਇਸ ਰਾਹੀਂ ਪੰਜਾਬੀ ਸਫ਼ਰਨਾਮੇ ਦਾ ਵਿਧੀਗਤ ਢੰਗ ਨਾਲ ਮੁੱਢ ਬੱਝਿਆ ਲੇਖਕ ਨੇ ਧਾਰਮਿਕ ਬਿਰਤੀ ਦੀ ਥਾਂ ਜਿੱਥੇ ਇੰਗਲੈਂਡ ਅਤੇ ਯੂਰਪ ਦੀ ਪਦਾਰਥਵਾਦੀ ਸਭਿਅਤਾ ਬਾਰੇ ਚਰਚਾ ਕਰਦੇ ਹੋਏ ਭਾਰਤ ਦੇ ਦਿਖਾਵੇ ਵਾਲੇ ਢੰਗ ਨੂੰ ਪੇਸ਼ ਕੀਤਾ ਹੈ, ਉਥੇ ਹੀ ਪੱਛਮੀ ਜੀਵਨ ਸ਼ੈਲੀ ਦੀ ਅੰਦਰੂਨੀ ਝਲਕ ਵੀ ਵਿਖਾਈ ਦਿੰਦੀ ਹੈ। ਲੇਖਕ ਨੇ ਮੌਸਮ ਸੱਭਿਆਚਾਰ, ਜੀਵਨ ਕੀਮਤਾਂ ਆਦਿ ਦੇ ਨਾਲ-ਨਾਲ ਯੂਰਪ ਦੀ ਵਿਕਸਿਤ ਤੇ ਉਦਯੋਗਿਕ ਸੱਭਿਅਤਾ ਦੇ ਪਦਾਰਥਕ ਵਿਕਾਸ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਵਿੱਚ ਸੰਬੋਧਨੀ ਸ਼ੇਲੀ ਦੀ ਵਰਤੋਂ ਕੀਤੀ ਹੈ। ਇਨ੍ਹਾਂ ਦਾ ਇੱਕ ਹੋਰ ਸਫ਼ਰਨਾਮਾ 'ਸੈਲਾਨੀ ਦੇਸ਼ ਭਗਤ' (1955) ਹੈ।
6) **ਹਜ਼ੂਰੀ ਸਾਥੀ:** ਅਕਾਲੀ ਕੌਰ ਸਿੰਘ ਨੇ ਇਸ ਦੀ ਰਚਨਾ 1933 ਵਿੱਚ ਕੀਤੀ ਅਤੇ ਇਹ ਧਾਰਮਿਕ ਸਫ਼ਰਨਾਮਾ ਹੈ, ਜਿਸ ਵਿੱਚ ਧਾਰਮਿਕ ਸਥਾਨਾਂ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸ ਵਿੱਚ ਸ਼ਰਧਾਮਈ ਤੇ ਸੰਪ੍ਰਦਾਇਕ ਬਿਰਤੀ ਦਾ ਪ੍ਰਗਟਾਵਾ ਹੋਇਆ। ਇਹ ਰਚਨਾ ਸਿੱਖ ਸੰਗਤਾਂ ਦੀ ਧਾਰਮਿਕ ਭਾਵਨਾ ਨੂੰ ਤ੍ਰਿਪਤ ਕਰਨ ਦੇ ਨਾਲ-ਨਾਲ ਧਾਰਮਿਕ ਵਿਰਸੇ ਦੇ ਮਹੱਤਵ ਨੂੰ ਵੀ ਉਜਾਗਰ ਕਰਦੀ ਹੈ।
7) **'ਆਪਣਾ ਦੇਸ਼' ਅਤੇ 'ਇੱਕ ਝਾਤ ਸੋਵੀਅਤ ਰੂਸ 'ਤੇ':** ਇਹ ਪਿਆਰਾ ਸਿੰਘ ਸਹਿਰਾਈ ਦੇ ਦੋ ਮਹੱਤਵਪੂਰਨ ਸਫ਼ਰਨਾਮੇ ਹਨ। ਆਪਣਾ ਦੇਸ਼ ਸਫ਼ਰਨਾਮੇ ਵਿੱਚ ਲੇਖਕ ਨੇ ਰੂਸ ਦੀ ਯਾਤਰਾ ਅਤੇ ਉੱਥੋਂ ਦੀ ਤਰੱਕੀ ਬਾਰੇ ਵਿਸਤ੍ਰਿਤ ਵਰਣਨ ਕੀਤਾ ਹੈ। ਇਸ ਵਿੱਚ ਉੱਥੋਂ ਦੀ ਦੇਸ਼ ਭਗਤੀ ਅਤੇ ਵਤਨਪ੍ਰਸਤੀ ਬਹੁਤ ਚੰਗੀ ਲੱਗਦੀ ਹੈ ਅਤੇ ਲੇਖਕ ਨੇ ਰੂਸੀ ਸਮਾਜ ਦੇ ਸੱਭਿਆਚਾਰ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਇਹ ਸਫ਼ਰਨਾਮਾ 1942 ਵਿੱਚ ਰਚਿਆ ਗਿਆ। ਦੂਜਾ ਸਫ਼ਰਨਾਮਾ ਜਿਸ ਦੀ ਰਚਨਾ 1943 ਵਿੱਚ ਕੀਤੀ ਗਈ, ਵਿੱਚ ਲੇਖਕ ਪਹਿਲਾਂ ਨਾਲੋਂ ਤੀਬਰ ਰੂਪ ਵਿੱਚ ਰੂਸੀ ਜੀਵਨ ਤੇ ਰਾਜਾ ਪ੍ਰਬੰਧ ਦਾ ਪ੍ਰਚਾਰਕ ਬਣਦਾ ਦਿਖਾਈ ਦਿੰਦਾ ਹੈ।
8) **ਦੇਸ਼ਾਂ ਪ੍ਰਦੇਸ਼ਾਂ ਵਿਚੋਂ:** ਨਰਿੰਦਰਪਾਲ ਸਿੰਘ ਨੇ 1949 ਵਿੱਚ ਇਸ ਦੀ ਰਚਨਾ ਕੀਤੀ ਅਤੇ ਇਸ ਵਿੱਚ ਅਰਬ ਦੇਸ਼ ਅਤੇ ਯੂਰਪੀ ਦੇਸ਼ਾਂ ਵਿੱਚ ਕੀਤੇ ਹੋਏ ਸਫ਼ਰ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ, ਲੇਖਕ ਨੇ ਚਿੱਠੀਆਂ ਦੀ ਵਿਧੀ ਰਾਹੀਂ ਸਫ਼ਰ ਦੇ ਵੇਰਵਿਆਂ ਅਤੇ ਸਮਾਚਾਰਾਂ ਨੂੰ ਇਸ ਵਿੱਚ ਪੇਸ਼ ਕੀਤਾ ਹੈ। ਇਸ ਵਿੱਚ 1944 ਤੋਂ 1948 ਤੱਕ ਦੀ ਦੂਜੀ ਸੰਸਾਰ ਜੰਗ ਦੀ ਯਾਦ ਨੂੰ ਯਥਾਰਥਕ ਅਤੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਮੇਰਾ ਰੂਸੀ ਸਫ਼ਰਨਾਮਾ (1960), ਆਰਿਆਨਾ (1961), ਅਫਗਾਨਿਸਤਾਨ (1977) ਨਰਿੰਦਰਪਾਲ ਦੇ ਮਹੱਤਵਪੂਰਨ ਸਫ਼ਰਨਾਮੇ ਹਨ।
9) **ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ:** ਇਸ ਵਿੱਚ ਲੇਖਕ ਦੀਆਂ ਦੋ ਯਾਤਰਾਵਾਂ, 1937 ਬ੍ਰਿਜ ਭੂਮੀ ਅਤੇ 1938 ਵਿੱਚ ਮਲਾਇਆ ਦੀ ਯਾਤਰਾ ਦਾ ਵਰਣਨ ਹੈ। ਬ੍ਰਿਜ ਭੂਮੀ ਬਾਰੇ ਭਰਪੂਰ ਉਲੇਖ ਦੇ ਨਾਲ-ਨਾਲ ਆਪਣੇ ਗੁਆਂਢੀ ਦੇਸ਼ ਬਾਰੇ ਵੇਰਵੇ ਸਾਹਿਤ ਜਾਣਕਾਰੀ ਦਿੱਤੀ ਹੈ। ਇਸ ਵਿੱਚ ਮਲਾਇਆ ਦੇ ਲੋਕਾਂ ਦੇ ਜੀਵਨ ਅਤੇ ਕੁਦਰਤੀ

ਨਜ਼ਾਰਿਆ ਦੀ ਚੰਗਾ ਵਰਣਨ ਹੈ। ਲੇਖਕ ਦਾ ਬਿਆਨ ਢੰਗ ਰਸਾਤਮਕ, ਸੁਹਿਰਦ ਅਤੇ ਮਾਨਵੀ ਗੁਣਾਂ ਨਾਲ ਭਰਪੂਰ ਹੈ।

10) **ਪਾਤਾਲ ਦੀ ਧਰਤੀ:** ਬਲਵੰਤ ਗਾਰਗੀ ਦੁਆਰਾ 1967 ਵਿੱਚ ਰਚਿਤ ਇਹ ਸਫ਼ਰਨਾਮਾ ਅਮਰੀਕਾ ਦੀ ਫੇਰੀ ਨਾਲ ਸੰਬੰਧਿਤ ਹੈ, ਜਿਸ ਵਿੱਚ ਨਾਟਕੀ ਤੇ ਕਾਵਿਕ ਰੰਗ ਰਾਹੀਂ ਸੁੰਦਰ ਕਥਾ-ਵਰਣਨ ਮਿਲਦਾ ਹੈ। ਉਸਨੇ ਸ਼ਹਿਰਾਂ, ਕੁਦਰਤੀ ਨਜ਼ਾਰਿਆਂ ਅਤੇ ਮਹੱਤਵਪੂਰਨ ਥਾਵਾਂ ਦਾ ਵਰਣਨ ਮਿਲਦਾ ਹੈ। ਗਾਰਗੀ ਨੇ ਕਈ ਮੁਲਕਾਂ ਦੀ ਯਾਤਰਾ ਕੀਤੀ ਪਰ ਉਹਨਾਂ ਨੇ ਸਿਰਫ਼ ਅਮਰੀਕਾ ਯਾਤਰਾ ਨੂੰ ਹੀ ਪੁਸਤਕ ਰੂਪ ਦਿੱਤਾ। ਉਹਨਾਂ ਦਾ ਬਹੁਤ ਧਿਆਨ ਇਥੋਂ ਦੀ ਕਲਾ, ਇਮਾਰਤਸਾਜ਼ੀ, ਦਸਤਕਾਰੀ ਕਲਾਕਾਰ, ਕਲਾ ਵਸਤਾਂ, ਭਾਸ਼ਾ, ਨਾਚ ਆਦਿ ਵੱਲ ਵਧੇਰੇ ਰੁਚਿਤ ਰਿਹਾ ਹੈ।

11) **'ਮੇਰਾ ਰੂਸੀ ਸਫ਼ਰਨਾਮਾ' ਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ':** ਮੇਰਾ ਰੂਸੀ ਸਫ਼ਰਨਾਮੇ ਦੀ ਰਚਨਾ ਬਲਰਾਜ ਸਾਹਨੀ ਨੇ 1967 ਈ: ਵਿੱਚ ਕੀਤੀ ਅਤੇ ਇਹ ਸੋਵੀਅਤ ਰੂਸ ਨਾਲ ਸੰਬੰਧਿਤ ਹੈ। ਰੂਸ ਦੀ ਧਰਤੀ ਨਾਲ ਉਸ ਦਾ ਸਿਧਾਂਤਕ ਇਸ਼ਟ ਤੇ ਚੇਤੰਨ ਲਗਾਉ ਜੁੜੇ ਹੋਏ ਸਨ। ਦੂਜਾ ਸਫ਼ਰਨਾਮਾ 1969 ਈ. ਵਿੱਚ ਰਚਿਆ ਗਿਆ ਅਤੇ ਪਾਕਿਸਤਾਨ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਵਿੱਚ ਉਹ ਪੰਜਾਬੀਆਂ ਦੇ ਜ਼ਜਬੇ ਅਤੇ ਵੰਡ ਦੇ ਦੁਖਾਂਤ ਨੂੰ ਚਿਤਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸੱਭਿਆਚਾਰਕ ਉਦਰੇਵੇਂ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿੱਚ ਚਿਤਰਦਾ ਹੈ। 'ਮੇਰਾ ਰੂਸੀ ਸਫ਼ਰਨਾਮਾ' ਵਿੱਚ ਜਿਥੇ ਉਹ ਯੂਰਪੀ ਦੇਸ਼ਾਂ ਦੀ ਆਰਥਿਕਤਾ, ਆਰਥਿਕ ਬਰਾਬਰੀ, ਸਮਾਜਿਕ ਕਦਰਾਂ ਕੀਮਤਾਂ ਅਤੇ ਰਾਜਨੀਤਿਕਤਾ ਦੀ ਸਿਫ਼ਤ ਕਰਦਾ ਹੈ ਤਾਂ ਉਥੋਂ ਦੇਸ਼ ਦੀ ਆਰਥਿਕ ਕਾਣੀ ਵੰਡ ਉੱਤੇ ਟੀਕਾ ਟਿੱਪਣੀ ਵੀ ਕਰਦਾ ਹੈ। ਇਸ ਦੀ ਸ਼ੈਲੀ ਦਾਰਸ਼ਨਿਕ ਰੰਗ ਵਾਲੀ ਹੋਣ ਕਰਕੇ ਬੜੀ ਰੌਚਕ ਹੈ।

12) **ਅੱਖੀਂ ਡਿਠਾ ਰੂਸ:** ਸਾਧੂ ਸਿੰਘ ਹਮਦਰਦ ਨੇ 1971 ਵਿੱਚ ਇਸ ਦੀ ਰਚਨਾ ਕੀਤੀ। ਇਸ ਵਿੱਚ ਰੂਸ ਦੀ ਸਰਬਪੱਖੀ ਪ੍ਰਗਤੀ ਦਾ ਵਰਣਨ ਕੀਤਾ ਗਿਆ ਹੈ।

13) **ਇੱਕੀ ਪੱਤੀਆਂ ਦਾ ਗੁਲਾਬ:** 1973 ਵਿੱਚ ਅੰਮ੍ਰਿਤਾ ਪ੍ਰੀਤਮ ਨੇ ਇਸ ਦੀ ਰਚਨਾ ਕੀਤੀ ਤੇ ਇਸ ਦਾ ਸੰਬੰਧ ਯੂਰਪ, ਬਲਗਾਰੀਆ, ਤਹਿਰਾਨ ਆਦਿ ਨਾਲ ਹੈ। ਅਕਾਰ ਵਿੱਚ ਛੋਟੀ ਹੋਣ ਦੇ ਬਾਵਜੂਦ ਇਸ ਵਿੱਚ ਵਾਕਫ਼ੀ ਤੇ ਜਾਣਕਾਰੀ ਵਧੇਰੇ ਹੈ। 'ਅੱਗ ਦੀ ਲੀਕਾਂ' 1969 ਲੇਖਿਕਾ ਦਾ ਇੱਕ ਹੋਰ ਮਹੱਤਵਪੂਰਨ ਸਫ਼ਰਨਾਮਾ ਹੈ।

14) **ਮੇਰੀ ਇੰਗਲੈਂਡ ਯਾਤਰਾ:** ਸੰਤੋਖ ਸਿੰਘ ਧੀਰ ਨੇ ਇਹ ਰਚਨਾ 1978 ਵਿੱਚ ਕੀਤੀ ਇਸ ਰਚਨਾ ਵਿੱਚ ਲੇਖਕ ਨੇ ਇੰਗਲੈਂਡ ਸੰਬੰਧੀ ਬਹੁ-ਪੱਖੀ ਜਾਣਾਰੀ ਦਿੱਤੀ ਇਹ ਇਹਨਾਂ ਦਾ ਪਹਿਲਾ ਸਫ਼ਰਨਾਮਾ ਹੈ।

15) **ਕੱਚੇ ਰੰਗਾਂ ਦਾ ਸ਼ਹਿਰ ਲੰਡਨ:** 1985 ਵਿੱਚ ਅਜੀਤ ਕੌਰ ਦੁਆਰਾ ਰਚਿਤ ਇਹ ਸਫ਼ਰਨਾਮਾ ਲੰਡਨ ਦੀ ਸੈਰ ਉਪਰ ਅਧਾਰਿਤ ਹੈ ਅਤੇ ਇਸ ਵਿੱਚ ਅਧੁਨਿਕਤਾਵਾਦੀ ਰੰਗ ਨੂੰ ਉਘਾੜਿਆ ਗਿਆ ਹੈ।

16) **ਪਟਿਆਲੇ ਤੋਂ ਪਟਿਆਲੇ ਤੱਕ:** ਡਾ. ਸੁਰਜੀਤ ਸੇਠੀ ਨੇ ਇਸ ਦੀ ਰਚਨਾ 1990 ਵਿੱਚ ਕੀਤੀ। ਇਸ ਸਫ਼ਰਨਾਮੇ ਨੂੰ ਪੜ੍ਹ ਕੇ ਅਮਰੀਕਾ, ਕੈਨੇਡਾ ਅਤੇ ਸਕਾਟਲੈਂਡ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਹ ਵਿਲੱਖਣ ਭਾਂਤ ਦਾ ਸਫ਼ਰਨਾਮਾ ਹੈ।

17) **ਮੇਰੀ ਅਮਰੀਕਾ ਫੇਰੀ:** ਅਤਰਜੀਤ ਕੌਰ ਸੂਰੀ ਵੱਲੋਂ ਇਸਦੀ ਰਚਨਾ 1998 ਵਿੱਚ ਕੀਤੀ ਗਈ। ਇਸ ਵਿੱਚ ਅਮਰੀਕਾ ਵਿੱਚ ਵਸਦੇ ਦੇਸ਼ ਵਾਸੀਆਂ ਤੇ ਪਰਿਵਾਰ ਦੇ ਲੋਕਾਂ ਨੂੰ ਮਿਲਣ ਦੀ ਸਿੱਕ ਨੂੰ ਤਰਜੀਹ ਦਿੱਤੀ ਗਈ ਹੈ। ਇਸ ਵਿੱਚ ਇਤਿਹਾਸਕ ਸਥਾਨਾਂ, ਅਜਾਇਬ ਘਰਾਂ, ਸੱਭਿਆਚਾਰਕ ਕੇਂਦਰਾਂ ਆਦਿ ਬਾਰੇ ਵੇਰਵਾ ਦਿੱਤਾ ਗਿਆ ਹੈ। ਇਹਨਾਂ ਦਾ ਇੱਕ ਹੋਰ ਸਫ਼ਰਨਾਮਾ 'ਮੇਰਾ ਅਰਬ ਦੇਸ਼ ਦਾ ਸਫ਼ਰਨਾਮਾ' ਹੈ।

ਇਹਨਾਂ ਸਫ਼ਰਨਾਮਿਆਂ ਤੋਂ ਬਿਨ੍ਹਾਂ ਪੰਜਾਬੀ ਸਫ਼ਰਨਾਮੇ ਜਪਾਨ ਦੀ ਝਾਕੀ (1911) ਜੀਵਨ ਸਿੰਘ ਸੇਵਕ, ਕਸ਼ਮੀਰ ਦੀ ਰਿਆਸਤ ਦਾ ਸਫ਼ਰ (1925) ਸੁੰਦਰ ਸਿੰਘ ਨਰੂਲਾ, ਪੰਜਾਬ ਯਾਤਰਾ (1931) ਅਤਰ ਸਿੰਘ ਨੀਰ, ਅਮਰੀਕਾ ਚੱਕਰ (1951) ਹਰਦਿੱਤ ਸਿੰਘ ਢਿਲੋਂ, ਧਰਤੀ ਦਾ ਸਵਰਗ (1962) ਗੁਰਦਿਆਲ ਸਿੰਘ ਫੁੱਲ, ਦੇਖੀ ਤੇਰੀ

ਵਲੈਤ (1917) ਆਈ.ਜੇ ਗੁਲਾਟੀ, ਕਲਕੱਤੇ ਦੀ ਸੈਰ (1980) ਬਲਦੇਵ ਸਿੰਘ, ਅੱਖੀਆਂ ਵੇਖ ਨਾ ਰੱਜੀਆਂ (1991) ਸਵਰਣ ਸਿੰਘ, ਕੰਧ ਉਹਲੇ ਪ੍ਰਦੇਸ਼ (1999) ਹਰਭਜਨ ਸਿੰਘ ਹੁੰਦਲ ਪਾਕਿਸਤਾਨ (2003) ਗੁਰੁਮਖ ਸਿੰਘ ਸਹਿਗਲ, ਮਾਉਂਟ ਆਬੂ ਵਾਇਆ ਪੁਸ਼ਕ (2011) ਸੰਪਾ. ਡਾ.ਜੇ.ਬੀ.ਸੇਖੋਂ, ਗਵਾਂਢੀ (2013) ਰਾਜਵੀਰ ਰੰਧਾਵਾ ਆਦਿ ਮਹੱਤਵਪੂਰਨ ਸਫ਼ਰਨਾਮੇ ਹਨ।

**10.1.2 ਅੰਤਰਦ੍ਰਿਸ਼ਟੀ:** ਉਪਰੋਕਤ ਚਰਚਾ ਕਰਨ ਪਿਛੋਂ ਅਸੀਂ ਇਸ ਸਿੱਟੇ ਉਪਰ ਪੁੱਜਦੇ ਹਾਂ ਕਿ ਵੀਹਵੀਂ ਸਦੀ ਵਿੱਚ ਪੰਜਾਬੀ ਸਫ਼ਰਨਾਮਾ ਕਾਫ਼ੀ ਹਰਮਨ ਪਿਆਰਾ ਬਣਿਆ ਕਿਉਂਕਿ ਇਸ ਸਮੇਂ ਦੌਰਾਨ ਵੱਡੀ ਗਿਣਤੀ ਵਿੱਚ ਲੇਖਕਾਂ ਨੇ ਇਸ ਸਾਹਿਤਕ ਰੂਪ ਵਿੱਚ ਆਪਣੀ ਰੁਚੀ ਦਿਖਾਈ। 1906 ਤੋਂ ਲੈ ਕੇ ਹੁਣ ਤੱਕ ਲਗਭਗ 200 ਤੋਂ ਉਪਰ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ। ਇਹਨਾਂ ਵਿੱਚ ਜਿਥੇ ਵੱਖ ਵੱਖ ਦੇਸ਼ਾ ਦੇ ਸਥਾਨਾਂ ਅਤੇ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ, ਉਥੇ ਹੀ ਉੱਥੋਂ ਦੇ ਸਮਾਜ, ਸੱਭਿਆਚਾਰ ਤੇ ਜੀਵਨ ਜਾਂਚ ਨੂੰ ਅੰਕਿਤ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਸਫ਼ਰਨਾਮਿਆਂ ਵਿੱਚ ਦੇਸ਼ ਨਾਲੋਂ ਵਿਦੇਸ਼ੀ ਯਾਤਰਾਵਾਂ ਦੀ ਰੁਚੀ ਵਧੇਰੇ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵੀਂਹਵੀ ਸਦੀ ਦੇ ਪਿਛਲੇ ਦਹਾਕਿਆਂ ਵਿੱਚ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਵਿਸ਼ੇ ਅਤੇ ਰੂਪ ਪੱਖ ਤੋਂ ਕਾਫ਼ੀ ਵਿਕਾਸ ਹੋਇਆ ਹੈ, ਕਿਉਂਕਿ ਇਹਨਾਂ ਵਿੱਚ ਸਮਾਜਿਕ ਤੇ ਸਭਿਆਚਾਰਕ ਸੱਮਸਿਆਵਾਂ ਦਾ ਅਨੁਭਵੀ ਚਿਤਰਨ ਵੀ ਹੋਇਆ ਮਿਲਦਾ ਹੈ। ਜਿਵੇਂ ਕਿ ਨਸਲੀ ਵਿਤਕਰਾ, ਭੂ ਹੇਰਵਾ, ਪੀੜ੍ਹੀ-ਪਾੜ੍ਹਾ, ਰਿਸ਼ਤਿਆਂ ਦੀ ਟੁੱਟ ਭੱਜ ਆਦਿ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਫ਼ਰਨਾਮਾ ਉਪਰੀਆਂ ਧਰਤੀਆਂ ਬਾਰੇ ਗਿਆਨ ਪ੍ਰਦਾਨ ਕਰਨ ਵਾਲਾ ਇੱਕ ਮਹੱਤਵਪੂਰਨ ਵਾਰਤਕ ਸਾਹਿਤ ਰੂਪ ਹੈ।

### 10.1.3 ਮੇਰਾ ਅਰਬ ਦੇਸਾਂ ਦਾ ਸਫ਼ਰਨਾਮਾ

ਪਿਆਰੇ ਵਿਦਿਆਰਥੀਓ ! ਅਸੀਂ ਉਪਰੋਕਤ ਚਰਚਾ ਵਿੱਚ ਪੰਜਾਬੀ ਸਫ਼ਰਨਾਮਾ ਦੀ ਹੁਣ ਤੱਕ ਦੀ ਸਾਰੀ ਇਬਾਰਤ ਉੱਤੇ ਪੰਛੀ ਝਾਤ ਮਾਰ ਆਏ ਹਾਂ। ਅਤਰਜੀਤ ਕੌਰ ਸੂਰੀ ਦੇ 'ਮੇਰਾ ਅਰਬ ਦੇਸ਼ ਦਾ ਸਫ਼ਰਨਾਮਾ' ਸੰਬੰਧੀ ਅਧਿਐਨ ਦ੍ਰਿਸ਼ਟੀ ਅਪਨਾਉਣ ਲਈ ਪੰਜਾਬੀ ਸਫ਼ਰਨਾਮਾ ਵਿਧਾ ਸੰਬੰਧੀ ਮੁੱਢਲੀ ਜਾਣਕਾਰੀ ਬਹੁਤ ਜ਼ਰੂਰੀ ਹੈ। ਹੁਣ ਅਸੀਂ ਅਗਲੇ ਅਧਿਆਇ ਵਿੱਚ ਅਤਰਜੀਤ ਕੌਰ ਸੂਰੀ ਦੇ 'ਮੇਰਾ ਅਰਬ ਦੇਸ਼ ਦਾ ਸਫ਼ਰਨਾਮਾ' ਦਾ ਅਧਿਐਨ ਕਰਾਂਗੇ।

### ਪੁਸਤਕ ਸੂਚੀ


1) ਜੱਗੀ ਰਤਨ ਸਿੰਘ (ਡਾ.), ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ ਪਟਿਆਲਾ, 2011 ਪੰਨਾ 107.
2) ਜਸਵਿੰਦਰ ਸਿੰਘ (ਡਾ.) ਤੇ ਢੀਂਡਸਾ ਮਾਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ ਪਟਿਆਲਾ 2008, ਪੰਨਾ 148
3) ਲਾਂਬਾ ਗੋਬਿੰਦ ਸਿੰਘ (ਡਾ.) ਪੰਜਾਬੀ ਸਾਹਿਤ ਦੀਆਂ ਮੁੱਖ ਧਾਰਾਵਾਂ (ਭਾਗ ਦੂਜਾ), ਅਮਰਜੀਤ ਬੁੱਕ ਸਟੋਰ, ਪਟਿਆਲਾ, 1980, ਪੰਨਾ ਨੰ: 103.
4) ਰਛਪਾਲ ਕੌਰ (ਡਾ.) ਪੰਜਾਬੀ ਸਫ਼ਰਨਾਮਾ ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ ਪਟਿਆਲਾ 1997, ਪੰਨਾ 48
5) ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2006, ਪੰਨਾ. 68
6) ਜਸਵਿੰਦਰ ਸਿੰਘ (ਡਾ.) ਢੀਂਡਸਾ ਮਾਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ ਪਟਿਆਲਾ, 2008 ਪੰਨਾ 148.
7) ਰਾਜਬੀਰ ਕੌਰ, ਪੁਰਾਤਨ ਤੇ ਨਵੀਨ ਪੰਜਾਬੀ ਵਾਰਤਕ ਸਿਧਾਂਤ ਤੇ ਵਿਹਾਰ, ਵਾਰਿਸ਼ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ 209

8) ਪ੍ਰਮਿੰਦਰ ਸਿੰਘ (ਡਾ.) ਕਸੇਲ ਕਿਰਪਾਲ ਸਿੰਘ, ਲਾਂਬਾ ਗੋਬਿੰਦ ਸਿੰਘ, ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ 14ਵੀਂ ਵਾਰ 2011.
9) ਜੁਗਿੰਦਰ ਸਿੰਘ (ਡਾ.) ਆਧੁਨਿਕ ਪੰਜਾਬੀ ਸਾਹਿਤ ਦੀ ਰੂਪ ਰੇਖਾ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ**

1) ਪੰਜਾਬੀ ਸਫ਼ਰਨਾਮੇ ਦਾ ਆਰੰਭ ਕਿੱਥੋਂ ਮੰਨਿਆ ਗਿਆ ਹੈ? ਚਰਚਾ ਕਰੋ।
2) “ਪੰਜਾਬੀ ਸਾਹਿਤ ਵਿੱਚ ਸਫ਼ਰਨਾਮਾ ਸਾਹਿਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ ਹੈ”। ਆਪਣੇ ਵਿਚਾਰ ਦਿਓ।

## 10.2 ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ: ਅਧਿਐਨ ਦ੍ਰਿਸ਼ਟੀ-2

ਪਿਆਰੇ ਵਿਦਿਆਰਥੀਓ ! ਲੇਖਿਕਾ ਦੀ ਲਿਖਣ ਸ਼ੈਲੀ ਸਰਲ ਅਤੇ ਬਿਰਤਾਂਤ ਵਾਲੀ ਹੈ, ਕਿਧਰੇ ਕਿਧਰੇ ਉਪਦੇਸ਼ਾਤਮਕ ਸੁਰ ਵੀ ਉਭਰਦੀ ਹੈ। ਜਿਸ ਨਾਲ ਲੇਖਿਕਾ ਦਾ ਆਪਣਾ ਦ੍ਰਿਸ਼ਟੀਕੋਣ ਕਿਸੇ ਮਸਲੇ ਪ੍ਰਤੀ ਉਸਦੀ ਪਹੁੰਚ ਨੂੰ ਪ੍ਰਗਟਾਉਂਦਾ ਹੈ। ਨਿੱਜੀ ਵੇਰਵੇ ਅਤੇ ਕਥਨ ਸਫ਼ਰਨਾਮੇ ਨੂੰ ਰੌਚਿਕ ਬਣਾਉਣ ਦੇ ਨਾਲ-ਨਾਲ ਮਾਨਵੀ ਜਗਤ ਦੀਆਂ ਉਨ੍ਹਾਂ ਵਿੱਥਾਂ, ਵਿਰਲਾਂ ਅਤੇ ਸਾਂਝਾਂ ਪ੍ਰਤੀ ਟਿੱਪਣੀ, ਬਿਰਤਾਂਤ ਦੇ ਘੇਰੇ ਨੂੰ ਵਿਸ਼ਾਲ ਵੀ ਕਰਦੀ ਹੈ ਅਤੇ ਰਾਇ ਪ੍ਰਗਟਾਉਣ ਦਾ ਹੱਕ ਵੀ ਦਿੰਦੀ ਹੈ। ਇਸ ਵਿਚਲਾ ਗਿਆਨ ਅਤੇ ਜਾਣਕਾਰੀ ਪ੍ਰਤਿ ਵਿਭਿੰਨ ਵੇਰਵੇ ਨਵੇਂ ਦਿਸਹੱਦਿਆਂ ਵੱਲ ਝਾਤੀ ਪਵਾਉਣ ਦਾ ਕਾਰਜ ਕਰਦੇ ਹਨ।

ਸਫ਼ਰ ਦੌਰਾਨ ਨਿੱਕੇ ਨਿੱਕੇ ਵੇਰਵੇ ਅਕਸਰ ਛੁੱਟ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਮਹੱਤਤਾ ਨੂੰ ਲੇਖਕ ਦੁਆਰਾ ਅੱਖੋਂ ਪ੍ਰੋਖੇ ਕੀਤਾ ਜਾਣਾ ਸੁਭਾਵਿਕ ਹੈ ਪਰ ਅਰਬ ਦੇਸ਼ਾਂ ਦੇ ਸਫ਼ਰਨਾਮਾ ਲੇਖਿਕਾ ਨੇ ਬਹੁਤ ਬਾਰੀਕ ਵੇਰਵੇ ਸਹਿਜ ਦੇ ਕੇ ਇਸ ਸਫ਼ਰਨਾਮੇ ਨੂੰ ਬਹੁ-ਪੱਖੀ ਬਣਾਇਆ ਹੈ। ਇਸ ਵਿਚ ਕਿੱਸਾ ਕਵੀਆਂ ਵਾਂਗ ਕਵਿਉਵਾਚ ਵੀ ਹੈ ਅਤੇ ਨਸੀਹਤਨੁਮਾ ਸੰਵਾਦ ਵੀ। ਲੇਖਿਕਾ ਦੁਆਰਾ ਜਾਰਡਨ ਦੀ ਸੈਰ ਸਮੇਂ ਬਦਰਾਂ ਦੀਆਂ ਪਥਰੀਲੀਆਂ ਪਹਾੜੀਆਂ ਦੀ ਖੂਬਸੂਰਤੀ ਦਾ ਵਰਨਣ ਵੇਖਣ ਯੋਗ ਹੈ।

"ਬਦਰਾ ਦੇ ਸਾਰੇ ਰਸਤੇ ਦੋਵੇਂ ਪਾਸੇ ਪਥਰੀਲੀਆਂ ਪਹਾੜੀਆਂ। ਇਨ੍ਹਾਂ ਪਹਾੜੀਆਂ ਦਾ ਅਨੋਖਾ ਰੂਪ ਵੇਖ ਕੇ ਬੁੱਧੀ ਚਕ੍ਰਿਤ ਰਹਿ ਗਈ। ਅਸੀਂ ਅਜਬ ਵਿਸਮਾਦ ਦੀ ਅਵਸਥਾ ਵਿਚ ਆ ਪਹੁੰਚੇ। ਸਾਰੀਆਂ ਪਹਾੜੀਆਂ ਆਪਣੇ ਵੱਖੋ ਵੱਖਰੇ ਆਕਾਰ ਵਿਚ ਅਹਿਲ ਖਲੋਤੀਆਂ ਜਿਵੇਂ ਮਨੁੱਖ ਨੂੰ ਉਸਦੇ ਮਹਾਨ ਕਲਾਕਾਰ ਹੋਣ ਤੇ ਮੂੰਹ ਚਿੜਾ ਰਹੀਆਂ ਹੋਣ। ਇੱਥੇ ਆ ਕੇ ਲੱਗਿਆ ਕਿ ਰੱਬ ਤੋਂ ਵੱਡਾ ਕਲਾਕਾਰ ਕੋਈ ਨਹੀਂ। ਹਰ ਪਹਾੜੀ ਜਿਵੇਂ ਕਿਸੇ ਬੁੱਤ ਤਰਾਸ਼ ਨੇ ਉਚੇਰੀ ਮਿਹਨਤ ਨਾਲ ਤਰਾਸ਼ੀ ਹੋਵੇ। ਭਾਂਤ ਭਾਂਤ ਦੀਆਂ ਅਕ੍ਰਿਤੀਆਂ ਹਰ ਟੀਸੀ ਤੋਂ ਉਭਰਦੀਆਂ ਦਿਖਾਈ ਦਿੰਦੀਆਂ। ਕੋਈ ਜਾਨਵਰ , ਕੋਈ ਪੰਛੀ , ਕੋਈ ਹਾਥੀ ਕੋਈ ਦਿਉ, ਆਦਮ ਕੱਦ ਮਨੁੱਖ ਕੋਈ ਪਹਾੜੀ ਆਪਣੇ ਵਿਲੱਖਣ ਰੂਪ ਵਿਚ ਦੇਵਤਿਆਂ ਵਾਂਗ ਸਿਰ ਚੁੱਕੀ ਖਲੋਤੀ ਹੈ"।

10.2.1 **ਤੁਲਨਾਤਮਕਤਾ:** ਸਫ਼ਰਨਾਮਾ ਕੇਵਲ ਉਸੇ ਦੇਸ਼ ਨਾਲ ਸਬੰਧਿਤ ਨਹੀਂ ਹੁੰਦਾ, ਜਿੱਥੇ ਦਾ ਲੇਖਕ ਵਰਨਣ ਕਰ ਰਿਹਾ ਹੋਵੇ। ਉਸਦੇ ਨਾਲ ਨਾਲ ਉਸਦਾ ਆਪਣਾ ਦੇਸ਼ ਆਪਣਾ ਸਿਸਟਮ ਆਪਣੀ ਜੀਵਨ ਜਾਂਚ ਵੀ ਤੁਰ ਰਹੀ ਹੁੰਦੀ ਹੈ। ਇਕ ਜੀਵਨ ਜਾਂਚ ਉਹ ਹੈ ਜਿਹੜੀ ਵੇਖੀ ਜਾ ਰਹੀ ਹੈ ਅਤੇ ਦੂਜੀ ਉਹ ਜਿਹੜੀ ਲੇਖਕ ਹੰਢਾ ਰਿਹਾ ਹੁੰਦਾ ਹੈ। ਇਸ ਸਫ਼ਰਨਾਮੇ ਵਿਚ ਤੁਲਨਾਤਮਕ ਸ਼ੈਲੀ ਦਾ ਯਥਾਯੋਗ ਵਰਨਣ ਮਿਲਦਾ ਹੈ ਜਿਸਦੇ ਕਾਰਣ ਪਾਠਕ ਚੰਗੇ ਮਾੜੇ ਪ੍ਰਭਾਵਾਂ ਬਾਰੇ ਨਿਰਣਾ ਲੈਣ ਦੇ ਸਮੱਰਥ ਹੋ ਸਕਦਾ ਹੈ। ਇਸ ਵਰਨਣ ਦਾ ਆਧਾਰ ਕਿਧਰੇ ਸੀਰੀਆ ਦੀ ਵੰਡ ਨੂੰ ਭਾਰਤ ਦੀ ਵੰਡ ਨਾਲ ਜੋੜ ਕੇ ਵੇਖਿਆ ਗਿਆ ਹੈ ਅਤੇ ਕਿਧਰੇ ਰਹਿਣ ਸਹਿਣ ਦੀ ਪੱਧਰ ਨੂੰ ਲੈ ਕੇ ਹੈ। ਕਿਧਰੇ ਦੇਸ਼ਾਂ ਦੀ ਜੰਗਾਂ ਤੋਂ ਬਾਅਦ ਦੀ ਸਥਿਤੀ ਹੈ ਅਤੇ ਕਿਧਰੇ ਸਮਕਾਲੀਨ ਅਤੇ ਤਤਕਾਲੀਨ ਵਾਪਰੇ ਦੁਖਾਂਤਾਂ ਦੇ ਨਾਲ ਸੰਵਾਦ ਰਚਾਇਆ ਗਿਆ ਹੈ। ਇਸ ਤਰ੍ਹਾਂ ਦੇ ਪ੍ਰਗਟਾਵੇ ਇਸ ਸਫ਼ਰਨਾਮੇ ਵਿਚ ਬਹੁਤ ਮਹੱਤਵਪੂਰਨ ਹਨ। ਮਿਸਾਲ ਦੇ ਤੌਰ ਤੇ ਕਸ਼ਮੀਰੀ ਲੋਕਾਂ ਦੇ ਸੁਹੱਪਣ ਨੂੰ ਦਮਸ਼ਕ ਦੀ ਖੂਬਸੂਰਤੀ ਨਾਲ ਤੁਲਨਾਉਦਿਆਂ ਲੇਖਿਕਾ ਦਾ ਅੰਦਾਜ ਵਰਨਣਯੋਗ ਹੈ।

10.2.2 **ਸ਼ੈਲੀ ਵਿਗਿਆਨ:** ਸ਼ੈਲੀ ਵਿਗਿਆਨ ਦਾ ਚਿੰਤਨ ਵਸਤੂਵਾਦੀ ਅਤੇ ਦ੍ਰਿਸ਼ਟੀ ਭਾਸ਼ਾਵਾਦੀ ਹੈ। ਭਾਸ਼ਾਵਾਦੀ ਸਿਧਾਂਤ ਦੇ ਰੂਪ ਵਿਚ ਇਹ ਸਾਹਿਤ ਨੂੰ ਸ਼ਾਬਦਿਕ ਕਲਾ ਸਵੀਕਾਰ ਕਰਦਾ ਹੈ। ਸ਼ੈਲੀ ਵਿਗਿਆਨ ਦਾ ਉਦੇਸ਼ ਕਾਵਿ ਕਿਰਤ ਵਿਚ ਨਿਹਿਤ ਉਸ ਸੁਹਜ ਦਾ ਵਿਸ਼ਲੇਸ਼ਣ ਕਰਨਾ ਹੈ, ਜੋ ਕਾਵਿ ਕਿਰਤ ਵਿਚ ਕਲਾਤਮਕ ਸੰਵੇਗ ਦੇ ਰੂਪ ਵਿਚ ਆਦਿ ਤੋਂ ਅੰਤ ਤੱਕ ਰਹਿੰਦਾ ਹੈ। ਇਸ ਤਰ੍ਹਾਂ ਸ਼ੈਲੀ ਵਿਗਿਆਨ ਦਾ ਉਦੇਸ਼ ਕਥ (expresison) ਤੋ ਵਧ (content) ਦੇ

ਸਬੰਧਾਂ ਦੀ ਪ੍ਰਕਿਰਤੀ ਦੇ ਆਧਾਰ ਉਤੇ ਕਲਾ ਕ੍ਰਿਤ ਵਿਚਲੇ ਸੁਹਜਮੁਖੀ ਇੰਦਰਿਆਈ ਸੰਵੇਗ ਦਾ ਅਧਿਐਨ ਕਰਨਾ ਅਤੇ ਉਸਨੂੰ ਉਜਾਗਰ ਕਰਨਾ ਹੈ।

ਸ਼ੈਲੀ ਵਿਗਿਆਨ ਅਧੀਨ ਹਰੇਕ ਕਿਸਮ ਦੀ ਭਾਸ਼ਾ ਦਾ ਅਧਿਐਨ ਸੰਭਵ ਨਹੀਂ ਹੈ। ਭਾਸ਼ਾ ਵਿਹਾਰ ਦਾ ਕੇਵਲ ਉਹ ਰੂਪ ਹੀ ਇਸਦੇ ਅੰਤਰਗਤ ਆਉਂਦਾ ਹੈ ਜੋ ਕਲਾਤਮਕ ਸੰਵੇਗ ਦਾ ਨਤੀਜਾ ਹੁੰਦਾ ਹੈ। ਇਸੇ ਕਰਕੇ ਹੀ ਸ਼ੈਲੀ ਵਿਗਿਆਨ ਕਾਵਿ ਭਾਸ਼ਾ ਤੇ ਆਮ ਭਾਸ਼ਾ ਵਿਚ ਨਿਖੇੜਾ ਕਰਕੇ ਚੱਲਦਾ ਹੈ ਲੇਖਿਕਾ ਨੇ ਸਿਰਜਨ ਪ੍ਰਕਿਰਿਆ ਦੌਰਾਨ ਇਕ ਵਿਸ਼ੇਸ਼ ਕਿਸਮ ਦਾ ਆਪਾ ਧਾਰਨ ਕੀਤਾ ਹੈ। ਜਿਸਨੂੰ ਕਾਵਿ ਆਪਾ ਕਿਹਾ ਜਾਂਦਾ ਹੈ।

ਹਰੇਕ ਲੇਖਕ ਆਪਣੇ ਤੋਂ ਦੂਰ ਸਾਹਿਤਕ ਪਰੰਪਰਾ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਰਚਨਾ ਵਿਚ ਅਗਰਭੂਮਣ ਸਾਡੀਆਂ ਜੜ੍ਹ ਹੋ ਰਹੀਆਂ ਸੰਵੇਦਨਸ਼ੀਲ ਵਿਚ ਤਾਜਗੀ ਲਿਆਉਂਦਾ। 'ਅਗਰਭੂਮਣ' ਮੂਲ ਰੂਪ ਵਿਚ ਚਿੱਤਰਕਾਰੀ ਦੇ ਖੇਤਰ ਦਾ ਸੰਕਲਪ ਹੈ। ਇਸਦਾ ਪ੍ਰਯੋਗ, ਪਿਛਲੇ ਰੰਗਾਂ ਦੀ ਇਸ ਪ੍ਰਕਾਰ ਵਰਤੋਂ ਕਰਨਾ ਹੈ ਰੰਗ ਉਭਰ ਕੇ ਸਾਹਮਣੇ ਆਏ ਸਫ਼ਰਨਾਮੇ ਦੀ ਲੇਖਿਕਾ ਅਗਰਭੂਮਣ ਲਈ ਉਲੰਘਣ, ਦੁਹਰਾਉਂ, ਸਮਾਨੰਤਰਤਾ ਆਦਿ ਜੁਗਤਾਂ ਦੀ ਵਰਤੋਂ ਕਰਦੀ ਹੈ। ਆਪਣੇ ਮੰਤਵ ਨੂੰ ਅਗਰਭੂਮਿਤ ਕਰਨ ਲਈ ਉਹ ਕਿੱਸਾ ਕਾਵਿ ਦੇ ਮੋਟਿਫ, ਨਾਮ, ਪਾਤਰ ਅਤੇ ਰਜਿਸਟਰ ਭਾਸ਼ਾ ਆਦਿ ਨੂੰ ਆਪਣੀ ਰਚਨਾ ਦੀ ਪਿੱਠ ਭੂਮੀ ਵਜੋਂ ਵਰਤਦੀ ਹੈ।

ਇਸ ਸਫ਼ਰਨਾਮੇ ਵਿਚ ਵਰਤੀ ਗਈ ਭਾਸ਼ਾ ਕੇਂਦਰੀ ਪੰਜਾਬੀ ਹੈ ਅਤੇ ਭਾਸ਼ਾਈ ਉਲੰਘਣ ਘੱਟ ਹੋਇਆ ਹੈ। ਇਸ ਕਰਕੇ ਵਧੇਰੇ ਸ਼ਬਦ ਜੋੜ ਕੇਂਦਰੀ ਪੰਜਾਬੀ ਵਾਲੇ ਰੱਖੇ ਗਏ ਹਨ। ਭਾਸ਼ਾਈ ਉਲੰਘਣ ਲਈ ਪ੍ਰਤੱਖ ਦੀ ਥਾਂ ਅਪ੍ਰਤੱਖ ਵਿਧੀਆਂ ਪ੍ਰਯੋਗ ਕੀਤੀਆਂ ਗਈਆਂ ਹਨ। ਕਾਵਿ ਸ਼ਬਦਾਵਲੀ ਦੀ ਵਰਤੋਂ ਵੀ ਮਿਲਦੀ ਹੈ। ਸ਼ਾਬਦਿਕ ਉਲੰਘਣ ਕਰਦਿਆਂ ਹਿੰਦੀ ਨੁਮਾ ਸ਼ਬਦਾਂ ਦੀ ਵਰਤੋਂ ਹੋਈ ਹੈ। "ਅਭੀ ਨਾ ਜਾਉਂ ਛੜ ਕਰ, ਕਿ ਦਿਲ ਅਭੀ ਭਰਾ ਨਹੀਂ"

ਵਾਰਤਕ ਸ਼ੈਲੀ ਨੂੰ ਵਿਸ਼ੇਸ਼ ਸੰਦਰਭ ਨਾਲ ਜੋੜਨ ਲਈ ਰਜਿਸਟਰ ਭਾਸ਼ਾ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਇਹ ਰਜਿਸਟਰ ਭਾਸ਼ਾ ਲੋਕ ਕਾਵਿ ਤੇ ਆਧੁਨਿਕ ਕਾਵਿ ਨਾਲ ਨਾਤਾ ਜੋੜਦੀ ਹੈ। ਜਿਵੇਂ: ਪਿੱਛੇ ਪਿੱਛੇ ਆਉਂਦਾ ਮੇਰੀ ਪੈੜ ਵੇਂਹਦਾ ਆਈ, ਵੈਰੀ ਨਾਗ ਤੇਰਾ ਪਹਿਲਾ ਝਲਕਾ।

10.2.3 **ਚੋਣ ਅਤੇ ਸੰਜੋਗ** (selection and combination) ਸ਼ੈਲੀ ਵਿਗਿਆਨ ਦੇ ਸੰਦਾ ਵਿਚੋਂ ਅਹਿਮ ਸੰਦ ਹਨ। ਸਾਧਾਰਨ ਸ਼ਬਦ ਵੀ ਵਿਸ਼ੇਸ਼ ਤਰਤੀਬ ਤੇ ਵਿਵਸਥਾ ਪ੍ਰਾਪਤ ਕਰਕੇ ਸੁੰਦਰ ਬਣ ਜਾਂਦੇ ਹਨ। ਚੋਣ ਦੀ ਧਾਰਨਾ ਦਾ ਸੰਬੰਧ ਸ਼ਬਦਾਂ ਦੇ ਭੰਡਾਰ ਵਿਚੋਂ ਯੋਗ ਸ਼ਬਦਾਂ ਦੀ ਚੋਣ ਹੀ ਨਹੀਂ , ਸਗੋਂ ਭਾਸ਼ਾ ਦੇ ਵਿਭਿੰਨ ਤੱਤਾਂ ਦੇ ਸੰਯੋਜਨ ਦੇ ਵਿਭਿੰਨ ਵਿਕਲਪਾਂ ਵਿਚੋਂ ਕਿਸੇ ਇਕ ਵਿਕਲਪ ਦੀ ਚੋਣ ਨਾਲ ਵੀ ਹੈ। ਇਸ ਤਰ੍ਹਾਂ ਦੀ ਚੋਣ ਦੀ ਧਾਰਨਾ ਭਾਸ਼ਾ ਦੇ ਹਰੇਕ ਪੱਧਰ ਤੇ ਮੌਜੂਦ ਰਹਿੰਦੀ ਹੈ। ਬਹੁ ਭਾਸ਼ਾਈ ਗਿਆਨ ਹੋਣ ਕਾਰਨ ਲੇਖਿਕਾ ਨੇ ਪੰਜਾਬੀ ਭਾਸ਼ਾ ਦੇ ਸਰੂਪ ਦੇ ਸਮਰੱਥਾ ਨੂੰ ਵਧਾਉਣ ਲਈ ਦੂਜੀਆਂ ਭਾਸ਼ਾਵਾਂ ਵਿਚੋਂ ਅਨੇਕ ਸ਼ਬਦ ਚੁੱਕੇ ਹਨ। ਅਰਬੀ ਫਾਰਸੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਸਮੇਂ ਵਿਸ਼ੇਸ਼ ਸਾਵਧਾਨੀ ਤੋਂ ਕੰਮ ਲਿਆ ਗਿਆ ਹੈ। ਜਿਵੇਂ ਇਖਲਾਕ ਦਫਨ, ਫਰਜ਼,ਤਜਾਰਤ, ਮੈਖਾਨਾ, ਮਰਹਬਾ, ਸ਼ਵਰਮਾ, ਅਸੀਮ ਆਦਿ। ਸਾਰੇ ਸ਼ਬਦ ਜੋੜ ਵਿਸ਼ੇਸ਼ ਸਾਵਧਾਨੀ ਨਾਲ ਪ੍ਰਯੋਗ ਕੀਤੇ ਗਏ ਹਨ। ਲੇਖਿਕਾ ਨੇ ਭਾਸ਼ਾ ਤਕਨੀਕ ਦੇ ਕਈ ਪੈੜਤੇ ਅਪਨਾਏ ਹਨ। ਰੂਪਾਂਤਰਿਤ ਵਿਧੀ ਦੁਆਰਾ ਸ਼ਬਦਾਂ ਦਾ ਬਾਹਰੀ ਸਰੂਪ ਬਦਲਣਾ, ਨਵੇਂ ਸ਼ਬਦ ਘੜਨੇ, ਸਮਾਸਾਂ ਦੀ ਵਰਤੋਂ, ਅਨੇਕਾਂ ਵੰਨਗੀਆਂ ਦੀ ਵਰਤੋਂ ਹੋਈ ਮਿਲਦੀ ਹੈ। ਜਿਵੇਂ ਬੇਰੁਖੀ, ਬੇਸ਼ੁਮਾਰ, ਬੇਗੁਨਾਹ, ਬੇਪਨਾਹ, ਬਾਰਸੂਖ, ਤੇ ਸਮਾਸੀ ਸ਼ਬਦ ਕੋਹ ਭਾਵ, ਨਾਜ-ਨਖ਼ਰੇ, ਮਹਿਮਾਨ-ਨਵਾਜੀ, ਪੱਥਰ-ਤਰਾਸ਼ੀ, ਪੁੱਤ-ਪੋਤਰੇ, ਗਹਿਮਾ ਗਹਿਮੀ, ਆਦਿ। ਸੰਜੁਗਤ ਸ਼ਬਦਾਂ ਦੀ ਵਰਤੋਂ ਵੀ ਪ੍ਰਾਪਤ ਹੈ, ਜਿਵੇਂ ਪੂਰਬੀਏ, ਮਾੜ੍ਹਏ, ਦੂਤਾਵਾਸ, ਕਲਿੱਤਣ ਆਦਿ। ਅੰਗਰੇਜ਼ੀ ਸ਼ਬਦਾਵਲੀ ਦੀ ਬਹੁਤ ਭਰਮਾਰ ਹੈ,ਜਿਵੇਂ ਸ਼ਿਪਯਾਰਡ, ਏਅਰ ਲਾਈਨਜ਼, ਟੀ ਬਰਟ, ਵਾਟਰ ਵੀਲਜ, ਇੰਡੀਆ, ਵਲਿਸ਼ ਬਰਡ ਆਦਿ। ਅਤਰਜੀਤ ਸੂਰੀ ਨੇ ਕਿਸੇ ਸਾਹਿਤਕ ਪ੍ਰੰਪਰਾ ਦੇ ਨਿਯਮਾਂ ਤੋਂ ਕੋਡਾਂ ਨੂੰ ਆਪਣੀ ਰਚਨਾ

ਉੱਤੇ ਹਾਵੀ ਨਹੀਂ ਹੋਣ ਦਿੱਤਾ। ਉਸਦੇ ਕੋਲ ਵਿਸ਼ਾਲ ਦ੍ਰਿਸ਼ਟੀ ਹੈ ਜਿਸਦੇ ਸਹਾਰੇ ਉਹ ਵਾਰਤਕ ਨੂੰ ਆਪਣੀ ਮਨ ਮਰਜੀ ਅਨੁਸਾਰ ਢਾਲ ਲੈਂਦੀ ਹੈ। ਬਰੈਖਤ ਨੇ ਪਾਠਕ ਜਾਂ ਦਰਸ਼ਕ ਨੂੰ ਪਾਠ ਵਿਚ ਸ਼ਾਮਿਲ ਕਰਨ ਉੱਤੇ ਜ਼ੋਰ ਦਿੱਤਾ ਹੈ। ਪਾਠ ਦਾ ਅਰਥ ਪਾਠਕ ਦੀ ਸ਼ਮੂਲੀਅਤ ਉਘਾੜਨਾ ਚਾਹੀਦੀ ਹੈ। ਸਫ਼ਰਨਾਮੇ ਦੀ ਲੇਖਿਕਾ ਦੀ ਕੀਲਣ ਸ਼ਕਤੀ ਪਾਠਕ ਨੂੰ ਭਾਵੁਕ ਤਾਂ ਕਰਦੀ ਹੈ, ਪਰ ਗਹਿਰ ਗੰਭੀਰ ਸੋਚਵਾਨ ਨਹੀਂ ਬਣਾਉਂਦੀ। ਪਾਠਕ ਲੇਖਿਕਾ ਦੁਆਰਾ ਨਿਰਦੇਸ਼ਤ ਅਰਥ ਹੀ ਪ੍ਰਵਾਨ ਕਰਦਾ ਹੈ। ਇਸ ਸਫ਼ਰਨਾਮੇ ਵਿਚਲੇ ਸੰਦੇਸ਼ ਹੀ ਪ੍ਰਸੰਗ ਹਨ। ਭਾਸ਼ਾ ਕੋਡ ਤੇ ਭਾਵ ਜੁਗਤਾਂ ਸਭਿਆਚਾਰਕ ਸਰੋਕਾਰਾਂ ਨਾਲ ਜੁੜ ਕੇ ਸਦੀਵੀ ਮੁੱਲ ਸਿਰਜਦੇ ਹਨ।

10.2.4 **ਬਿਰਤਾਂਤ:** ਲੇਖਿਕਾ ਦਾ ਰਵਾਨਗੀ ਭਰਿਆ ਬਿਰਤਾਂਤਕ ਵੇਰਵਾ ਆਪਣੀ ਸਰਲਤਾ ਤੇ ਪ੍ਰਭਾਵਿਕਤਾ ਪੈਦਾ ਕਰਨ ਵਿਚ ਸਫਲ ਹੈ। ਉਸਦਾ ਸਫ਼ਰਨਾਮਾ ਸੰਜਮਤਾ ਵਾਲਾ ਹੈ ਪਰ ਘਟਨਾਵਾਂ ਆਪਣੇ ਆਪ ਬੋਲਦੀਆਂ ਹਨ। ਕਿਤੇ ਵੀ ਬਨਾਵਟ ਨਜ਼ਰ ਨਹੀਂ ਆਉਦੀ। ਉਸਦੀ ਸ਼ੈਲੀ ਅਤੇ ਸ਼ਬਦਾਵਲੀ ਇਕ ਰਸ ਬੱਝੇ ਪ੍ਰਭਾਵ ਵਿਚ ਪੇਸ਼ ਹੈ। ਇਨ੍ਹਾਂ ਗੁਣਾਂ ਕਾਰਨ ਹੀ ਇਹ ਸਫ਼ਰਨਾਮਾ ਵੱਖਰੀ ਪਛਾਣ ਤੇ ਵੱਖਰਾ ਪ੍ਰਭਾਵ ਕਾਇਮ ਕਰਦਾ ਹੈ। ਇਸਦੀ ਸ਼ੈਲੀ ਤੇ ਭਾਸ਼ਾਈ ਆਧਾਰ ਪੰਜਾਬੀ ਵਾਰਤਕ ਦੇ ਖੇਤਰ ਵਿਚ ਵੱਖਰੀ ਹੋਂਦ ਲੈ ਕੇ ਸ਼ਾਮਿਲ ਹੋਏ ਹਨ।

ਆਪਣੇ ਪਾਠਕ ਨਾਲ ਰਿਸ਼ਤਾ 'ਅਤਰਜੀਤ ਕੌਰ ਸੂਰੀ' ਦੀ ਰਚਨਾ ਦੀ ਬਣਤਰ ਨੂੰ ਅਸਰਮਈ ਬਣਾਉਂਦਾ ਹੈ। ਇਸੇ ਸੰਦਰਭ ਵਿਚ ਵਿਚਾਰਾਂ, ਬਿੰਬਾਂ ਆਦਿ ਨੂੰ ਜੋ ਅਹਿਮ ਹੁੰਦੇਂ ਹਨ, ਪ੍ਰਗਟਾਉਣ ਦੀ ਲੇਖਕ ਦੀ ਇੱਛਾ ਨੂੰ ਜੀਵਨ ਤੇ ਕਲਾ ਲਈ ਉਨ੍ਹਾਂ ਦੀ ਅਹਿਮੀਅਤ ਬਾਰੇ ਪਾਠਕ ਵਰਗ ਨੂੰ ਪ੍ਰਭਾਵਿਤ ਕਰਨ ਦੀ ਨੀਤੀ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਹੀ ਅਰਥਾਂ ਵਿਚ ਪ੍ਰਤਿਭਾਸ਼ੀਲ ਰਚਨਾਕਾਰ ਦੀ ਵਿਸ਼ੇਸ਼ਤਾ ਉਸਦੇ ਸਰਬਪੱਖੀ ਆਧਾਰ ਦੀ ਹੈ, ਜੋ ਉਸਨੂੰ ਉਸਦੇ ਆਪਣੇ ਸਮੇਂ ਵਿਚਲੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਿਚਲੇ ਬਹੁਤ ਹੀ ਵੱਖ ਵੱਖ ਪਾਠਕਾਂ ਤੇ ਪ੍ਰਭਾਵ ਪਾਉਣ ਦੇ ਸਮਰੱਥ ਬਣਾਉਂਦੀ ਹੈ। ਕੋਈ ਰਚਨਾ ਲੰਮੇ ਸਮੇਂ ਤੱਕ ਪਾਠਕਾਂ ਦਾ ਧਿਆਨ ਖਿੱਚਦੀ ਰਹੇ ਇਹ ਖੂਬੀ ਰਚਨਾਕਾਰ ਦੀ ਪੇਸ਼ਕਾਰੀ ਵਿਚ ਹੁੰਦੀ ਹੈ।

'ਅਤਰਜੀਤ ਕੌਰ ਸੂਰੀ' ਦੇ ਸਫ਼ਰਨਾਮੇ ਦੀ ਵਿਸ਼ੇਸ਼ਤਾ ਵੱਖਰਾ ਧਰਾਤਲ ਤੇ ਵੱਖਰੀ ਕਿਸਮ ਦੀ ਪੇਸ਼ਕਾਰੀ ਵਿਚ ਹੈ। ਉਸ ਦੁਆਰਾ ਆਪਣੇ ਵਿਚਾਰਾਂ ਨੂੰ ਜਿਸ ਕਿਸਮ ਨਾਲ ਬਿੰਬਾਂ ਵਿਚ ਪਰੋਇਆ ਹੈ ਉਹ ਪਾਠਕਾਂ ਵਿਚ ਦਿਲਚਸਪੀ ਤੇ ਰਵਾਨਗੀ ਪੈਦਾ ਕਰਦਾ ਹੈ।

ਇਸ ਸਫ਼ਰਨਾਮੇ ਦੀ ਭਾਸ਼ਕ ਸ਼ੈਲੀ ਨੂੰ ਠੇਠ ਭਾਸ਼ਾ ਦਾ ਨਾਮ ਦਿੱਤਾ ਜਾ ਸਕਦਾ ਹੈ, ਕਿਉਂਕਿ ਇਸਦੀ ਵਸਤੂ ਸਮੱਗਰੀ ਵੀ ਠੇਠ ਹੈ। ਠੇਠ ਭਾਸ਼ਾ ਦਾ ਉੱਘਾ ਲੱਛਣ ਉਸਦੀ ਬੋਲਚਾਲ ਦੀ ਸ਼ੈਲੀ ਹੈ। ਇਹ ਭਾਸ਼ਾ ਸਹਿਜ ਤੇ ਰਵਾਂ ਹੈ, ਸੰਕੋਚ ਤੇ ਅਟਕਾਉ ਵਾਲੀ ਨਹੀਂ। ਇਸ ਸ਼ੈਲੀ ਨੂੰ ਦੁੜਾਕ ਸ਼ੈਲੀ ਆਖਿਆ ਜਾਂਦਾ ਹੈ। ਸਭ ਤੋਂ ਉਤਮ ਲਿਖਤ ਉਹ ਹੈ, ਜਿਸ ਵਿਚ ਸਹੀ ਭਾਵ, ਵਿਚਾਰ ਅਤੇ ਭਾਵਨਾਵਾਂ ਦੀ ਪੇਸ਼ਕਾਰੀ ਹੋਵੇ। ਇਸਦਾ ਸਾਧਨ ਸ਼ੈਲੀ ਹੈ ਅਤੇ ਸਭ ਤੋਂ ਯੋਗ ਤੇ ਅਤਿ ਆਵੱਸ਼ਕ ਸਾਧਨ ਭਾਸ਼ਾ। ਭਾਸ਼ਾ ਹੀ ਵਿਚਾਰਾਂ ਨੂੰ ਤਰਤੀਬਵਾਰ ਲਿਖਤੀ ਰੂਪ ਵਿਚ ਢਾਲਦੀ ਅਤੇ ਪਾਠਕਾਂ ਤੱਕ ਪਹੁੰਚਾਦੀ ਹੈ। ਅਤਰਜੀਤ ਸੂਰੀ ਦੀ ਭਾਸ਼ਾ ਇਸ ਪੱਖ ਤੋਂ ਸਫਲ ਅਤੇ ਠੇਠ ਮੁਹਾਵਰੇ ਵਾਲੀ ਹੈ। ਬੜੇ ਸੰਜਮ ਨਾਲ ਤੋਲ ਮਿਣ ਕੇ ਢੁਕਵੇਂ ਸ਼ਬਦਾਂ ਦੁਆਰਾ ਸਜਾ ਕੇ ਉਹ ਵਾਕ ਰਚਨਾ ਕਰਦੀ ਹੈ। ਉਸਦੇ ਸੰਤੁਲਿਤ ਬਿਆਨ ਪ੍ਰਵਾਹ ਵਿਚ ਸੰਜਮਤਾ ਸਮਾਈ ਰਹਿੰਦੀ ਹੈ। ਕੋਈ ਵੀ ਵਾਕ ਫਾਲਤੂ ਨਹੀਂ, ਕੋਈ ਵੀ ਵਾਕ ਜਟਿਲ ਨਹੀਂ। ਇਕਹਿਰੇ ਸੁਭਾਅ ਵਾਲੀ ਵਾਕ ਰਚਨਾ ਵਿਚ ਅਰਥ ਵਿਸਥਾਰ ਭਰਿਆ ਰਹਿੰਦਾ ਹੈ

'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਦਾ ਸਮੁੱਚਾ ਵਰਣਨ ਨਿਬੰਧਨੁਮਾ ਹੋਣ ਕਰਕੇ ਇਹ ਰਚਨਾ ਸਫ਼ਰਨਾਮੇ ਦੀ ਬਜਾਏ ਯਾਤਰਾ-ਲੇਖ ਵਧੇਰੇ ਜਾਪਦੀ ਹੈ। ਨਿੱਜੀ ਪਰਿਵਾਰਕ ਵੇਰਵਿਆਂ ਦੀ ਬਹੁਤਾਤ ਰੜਕਣ ਦੇ ਨਾਲ-ਨਾਲ ਸਵੈਜੀਵਨੀ ਦਾ ਭੁਲੇਖਾ ਵੀ ਸਿਰਜਦੀ ਹੈ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਯਾਦਾਂ, ਯਾਤਰਾ-ਰਿਪੋਰਟਾਂ, ਯਾਤਰਾ-ਲੇਖ,

ਮੁਲਾਕਾਤਾਂ ਤੇ ਸਨਮਾਨ ਸਮਾਰੋਹਾਂ ਦੇ ਵੇਰਵੇ ਸਫ਼ਰਨਾਮੇ ਦਾ ਅੰਗ ਤਾਂ ਹੋ ਸਕਦੇ ਹਨ, ਪਰ ਸਫ਼ਰਨਾਮਾ ਨਹੀਂ ਅਖਵਾ ਸਕਦੇ। ਸਫ਼ਰਨਾਮਾ ਸਾਹਿਤ ਦਾ ਇਕ ਰੂਪ ਹੈ ਅਤੇ ਇਸ ਦ੍ਰਿਸ਼ਟੀ ਤੋਂ ਸਫ਼ਰਨਾਮੇ ਵਿਚ ਯਾਤਰਾ-ਅਨੁਭਵ ਦਾ ਸਾਹਿਤਕ ਰੂਪਾਂਤਰਣ ਅਤਿ ਜ਼ਰੂਰੀ ਹੁੰਦਾ ਹੈ। ਪੰਜਾਬੀ ਲੇਖਕਾਂ ਦੀਆਂ ਕਈ ਅਜਿਹੀਆਂ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਨੂੰ ਸਫ਼ਰਨਾਮੇ ਦੀ ਵਿਧਾ ਨਾਲ ਜੋੜਨ ਦਾ ਯਤਨ ਕੀਤਾ ਗਿਆ ਹੈ ਪਰ ਉਹ ਇਸ ਸਾਹਿਤਕ ਵਿਧਾ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਹੀਂ ਕਰਦੀਆਂ। ਸੋਹਣ ਸਿੰਘ ਕਮਲ ਦੀ ਰਚਨਾ 'ਜ਼ਿੰਦਗੀ ਦੇ ਚਿੰਨ੍ਹ', ਅਜਮੇਰ ਕਵੈਂਟਰੀ ਦੀ ਰਚਨਾ 'ਅੰਬੀਆਂ ਨੂੰ ਤਰਸੇਂਗੀ', ਰਘਬੀਰ ਢੰਡ ਦੀ ਰਚਨਾ 'ਵੈਨਕੂਵਰ ਵਿਚ ਇੱਕੀ ਦਿਨ', ਹਰਜੀਤ ਅਟਵਾਲ ਦੀ ਰਚਨਾ 'ਫੋਕਸ' ਅਤੇ ਤ੍ਰਿਲੋਚਨ ਸਿੰਘ ਗਿੱਲ ਦੀਆਂ ਰਚਨਾਵਾਂ 'ਦੇਸ਼ ਪ੍ਰਦੇਸ਼ ਦੇ ਸਫ਼ਰਾਂ', 'ਜ਼ਿੰਦਗੀ ਹੁਸੀਨ ਹੈ', 'ਦੁਨੀਆਂ ਦੁਆਲੇ' ਤੇ 'ਮੇਰੀ ਪ੍ਰਦੇਸ ਯਾਤਰਾ' ਇਸ ਸੰਦਰਭ ਵਿਚ ਵਰਣਨਯੋਗ ਹਨ। ਇਹ ਰਚਨਾਵਾਂ ਲੇਖਕਾਂ ਦੇ ਨਿੱਜੀ ਜੀਵਨ-ਵੇਰਵਿਆਂ, ਸਨਮਾਨ ਸਮਾਰੋਹਾਂ, ਸਾਹਿਤਕ ਸਮਾਗਮਾਂ ਤੇ ਮੁਲਾਕਾਤਾਂ ਦੁਆਲੇ ਕੇਂਦਰਿਤ ਹੋਣ ਕਰਕੇ ਸਫ਼ਰਨਾਮਾ ਵਿਧਾ ਦੀ ਤਕਨੀਕ ਤੋਂ ਵੀ ਦੂਰ ਹਨ ਅਤੇ ਇਨ੍ਹਾਂ ਦਾ ਯਾਤਰਾ-ਅਨੁਭਵ ਨਾਲ ਵੀ ਕੋਈ ਗਹਿਰਾ ਸਬੰਧ ਦ੍ਰਿਸ਼ਟੀਗੋਚਰ ਨਹੀਂ ਹੁੰਦਾ। 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਵਿਚ ਯਾਤਰਾ-ਅਨੁਭਵ ਦੀ ਪ੍ਰਸਤੁਤੀ ਨਿਸਚੇ ਹੀ ਸਫ਼ਰਨਾਮਾਕਾਰ ਦੀ ਮਹੱਤਵਪੂਰਨ ਦੇਣ ਹੈ ਪਰ ਇਹ ਕਮਲਾ ਅਕਾਲੀ, ਬਲਰਾਜ ਸਾਹਨੀ, ਬਲਵੰਤ ਗਾਰਗੀ, ਹਰਿਭਜਨ ਸਿੰਘ ਅਤੇ ਨਰਿੰਦਰ ਸਿੰਘ ਕਪੂਰ ਦੀਆਂ ਸਫ਼ਰਨਾਮਾ ਰਚਨਾਵਾਂ ਨਾਲ ਬਰ ਨਹੀਂ ਮੇਚ ਸਕੀ।

10.2.5 **ਸਿੱਟਾ:** 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਦਾ ਸਮੁੱਚੇ ਪੰਜਾਬੀ ਸਫ਼ਰਨਾਮਿਆਂ ਦੇ ਸੰਦਰਭ ਵਿਚ ਮੁਲਾਂਕਣ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਅਤਰਜੀਤ ਕੌਰ ਸੂਰੀ ਨੇ ਪਿਛਲੇ ਕੁਝ ਸਾਲਾਂ ਤੋਂ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਉਸਨੇ ਵਿਭਿੰਨ ਸਭਿਅਚਾਰਾਂ ਨੂੰ ਵੀ ਆਪਣੀ ਸਿਰਜਣ ਪ੍ਰਕਿਰਿਆ ਦਾ ਵਿਸ਼ਾ ਬਣਾਇਆ ਹੈ ਅਤੇ ਉਹਨਾਂ ਦੀ ਜੀਵਨ-ਜਾਚ ਕਈ ਪੱਖਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਅਰਬ ਦੇਸ਼ਾਂ ਦੀ ਯਾਤਰਾ ਲੇਖਕਾ ਦੀ ਸਫ਼ਰਨਾਮਾ ਰਚਨਾ ਵਿਚ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਲੇਖਕਾ ਦੀ ਸਾਹਿਤਕ ਪ੍ਰਤਿਭਾ ਅਤੇ ਸੁਹਿਰਦਤਾ ਨਿਸਚੇ ਹੀ ਪ੍ਰਸ਼ੰਸਾਯੋਗ ਹੈ ਪਰ ਪੰਜਾਬੀ ਸਫ਼ਰਨਾਮੇ ਦੇ ਖੇਤਰ ਵਿਚ ਹਾਲਾਂ ਬਹੁਤ ਯਤਨ ਕਰਨ ਦੀ ਜਰੂਰਤ ਹੈ। ਸਫ਼ਰਨਾਮਾ ਅਜਿਹੀ ਵਿਧਾ ਹੈ ਜਿਸ ਰਾਹੀਂ ਯਾਤਰਾ-ਅਨੁਭਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਲੇਖਕਾ ਪੰਜਾਬੀ ਵਿਚ ਰਚੇ ਜਾ ਰਹੇ ਸਾਹਿਤ ਨਾਲ ਸਜੀਵ ਤਾਲਮੇਲ ਰੱਖ ਕੇ ਅਤੇ ਸਾਹਿਤ ਸਿਰਜਣ ਦੇ ਅੰਤਰਾਸ਼ਟਰੀ ਮਾਹੌਲ ਨਾਲ ਸੰਵਾਦ ਰਚਾ ਕੇ ਗਿਆਨ-ਵਿਗਿਆਨ ਦੇ ਵਿਸ਼ਵ ਵਿਆਪੀ ਸੰਦਰਭ ਨਾਲ ਜੁੜ ਸਕਦੀ ਹੈ। ਪੰਜਾਬੀ ਵਿਚ ਸਾਹਿਤਕ ਸਰਗਰਮੀਆਂ ਦੇ ਵਿਕਾਸ ਨਾਲ ਇਸ ਖੇਤਰ ਵਿਚ ਬੜੀਆਂ ਸੰਭਾਵਨਾਵਾਂ ਉਜਾਗਰ ਹੋਈਆਂ ਹਨ ਜਿਨ੍ਹਾਂ ਦਾ ਲਾਭ ਸੂਝਵਾਨ ਲੇਖਕਾ ਪ੍ਰਾਪਤ ਕਰ ਸਕਦੀ ਹੈ।

### ਪੁਸਤਕ ਸੂਚੀ:


1. ਡਾ. ਸੁਖਬੀਰ ਸਿੰਘ ਅਤੇ ਪ੍ਰੋ. ਮਨਜੀਤ ਸਿੰਘ ਅਣਖੀ (ਸੰਪਾ.) (2016) ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ: ਪਾਠ ਅਤੇ ਪ੍ਰਸੰਗ
2. ਡਾ. ਰਛਪਾਲ ਕੌਰ, ਪੰਜਾਬੀ ਸਫ਼ਰਨਾਮਾ- ਸਰੂਪ, ਸਿਧਾਂਤ ਤੇ ਵਿਕਾਸ


### ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1) 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਦੀ ਭਾਸ਼ਾ ਸ਼ੈਲੀ ਉੱਤੇ ਚਰਚਾ ਕਰੋ।
2) 'ਮੇਰਾ ਅਰਬ ਦੇਸ਼ਾਂ ਦਾ ਸਫ਼ਰਨਾਮਾ' ਵਿੱਚ ਲੇਖਿਕਾ ਨੇ ਸ਼ੈਲੀ ਵਿਗਿਆਨ ਦੇ 'ਚੋਣ ਅਤੇ ਸੰਯੋਗ' ਤੱਤਾਂ ਨੂੰ ਕਿੰਝ ਨਿਭਾਇਆ ਹੈ? ਚਰਚਾ ਕਰੋ।
3) 'ਅਤਰਜੀਤ ਕੌਰ ਸੂਰੀ' ਦਾ ਰਵਾਨਗੀ ਭਰਿਆ ਬਿਰਤਾਂਤਕ ਵੇਰਵਾ ਆਪਣੀ ਸਰਲਤਾ ਤੇ ਪ੍ਰਭਾਵਿਕਤਾ ਪੈਦਾ ਕਰਨ ਵਿਚ ਸਫਲ ਹੈ। ਆਪਣੇ ਵਿਚਾਰ ਦਿਓ।